ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 44 | 21 November 2018 to 27 November 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com




'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਨੂੰ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ

**ਲੱਖ ਲੱਖ ਵਧਾਈਆਂ**


➤ ਅੰਦਰ ਪੜ੍ਹੋ — ਸਫ਼ਾ 3




ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਸਕੂਲ ਅਤੇ ਲੰਗਰ ਦੀ ਨਵੀਂ ਉਸਾਰੀ ਇਮਾਰਤ ਦਾ ਉਦਘਾਟਨ 23 ਨਵੰਬਰ ਨੂੰ

## ਨਿਰੰਕਾਰੀ ਸਮਾਗਮ 'ਚ ਹਮਲਾ

# ਪੰਜਾਬ ਦੀ ਸ਼ਾਂਤੀ ਨੂੰ ਲਾਂਬੂ ਲਾਉਣ ਦੀ ਸਾਜ਼ਿਸ਼ ?

- ਸੂਬਾ ਤੇ ਕੇਂਦਰ ਸਰਕਾਰ ਵਲੋਂ ਹਮਲੇ ਲਈ ਪਾਕਿ ਦੀ ਸ਼ਹਿ 'ਤੇ ਖਾਲਿਸਤਾਨੀਆਂ ਤੇ ਕਸ਼ਮੀਰੀਆਂ ਵੱਲ ਉਂਗਲ
- ਸੁਖਬੀਰ ਤੇ ਰਵਨੀਤ ਬਿੱਟੂ ਨੇ ਦਾਦੂਵਾਲ ਨੂੰ ਹਮਲੇ ਲਈ ਜ਼ਿੰਮੇਵਾਰ ਕਿਹਾ
- 1978 ਵਾਲੇ ਨਿਰੰਕਾਰੀ ਕਾਂਡ ਦੇ ਵੀ ਕੀਤੇ ਜਾ ਰਹੇ ਹਨ ਚਰਚੇ
- ਏਜੰਸੀਆਂ 'ਤੇ ਹਮਲੇ ਲਈ ਸ਼ੱਕ ਜਤਾ ਕੇ ਮੁੱਕਰਿਆ ਫੂਲਕਾ

**ਚੰਡੀਗੜ੍ਹ/ਬਿਊਰੋ ਨਿਊਜ਼ :**
ਕਈ ਤਰ੍ਹਾਂ ਦੀਆਂ ਸਾਮਾਜਿਕ ਅਤੇ ਆਰਥਿਕ ਸਮੱਸਿਆਵਾਂ ਨਾਲ ਜੂਝ ਰਹੇ ਉਦਾਸ ਅਤੇ ਬੇਚੈਨ ਪੰਜਾਬ ਦੀ ਸ਼ਾਂਤੀ ਨੂੰ ਇਕ ਵਾਰ ਫਿਰ ਲਾਂਬੂ ਲਾਉਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ। ਕੁਝ ਦਿਨ ਪਹਿਲਾਂ ਭਾਰਤੀ ਫੌਜ ਦੇ ਮੁਖੀ ਵਿਪਨ ਰਾਵਤ ਨੇ ਬਿਆਨ ਦਿੱਤਾ ਸੀ ਕਿ ਬਾਹਰੀ ਤਾਕਤਾਂ ਪੰਜਾਬ ਵਿਚ ਇਕ ਵਾਰ ਫਿਰ ਗੜਬੜ ਕਰਨ ਦੀ ਫਿਰਾਕ ਵਿਚ ਹਨ। ਫੌਜ ਮੁਖੀ ਨੇ ਟੇਢੀ ਸਿੱਧੀ ਉਂਗਲ ਗਰਮ ਖਿਆਲੀ ਸਿੱਖ ਧਿਰਾਂ ਵੱਲ ਕੀਤੀ ਸੀ। ਜਦੋਂ ਦੇਸ਼-ਵਿਦੇਸ਼ ਵਿਚ ਵਸਦੇ ਸਿੱਖ ਭਾਈਚਾਰੇ ਨੇ ਭਾਰਤੀ ਫੌਜ


ਬਾਕੀ ਸਫ਼ਾ 29 'ਤੇ




ਨਿਰੰਕਾਰੀ ਡੇਰੇ 'ਤੇ ਗ੍ਰਨੇਡ ਹਮਲਾ ਹੋਣ ਤੋਂ ਬਾਅਦ ਪੰਜਾਬ ਪੁਲਿਸ ਕਥਿਤ ਦੋਸ਼ੀਆਂ ਦੀਆਂ ਪੈੜਾਂ ਲੱਭਦੀ ਹੋਈ।

### ਸ਼ਰਮ ਮਗਰ ਹਮੇ ਆਤੀ ਨਹੀਂ, ਚਾਪਲੂਸੀ ਦੀ ਹੱਦ ਪਾਰ ਕਰਨਾ ਤਾਂ ਕੋਈ ਸਾਥੋਂ ਸਿੱਖੇ..

ਹਮਲੇ ਦਾ ਸੋਗ ਹੈ, ਅਫਸੋਸ ਜਤਾਇਆ ਜਾ ਰਿਹਾ ਹੈ, ਪਰ ਫੇਰ ਵੀ 'ਹਾਕਮ' ਅਮਰਿੰਦਰ ਸਿੰਘ ਨੇ ਜਦ ਭਵਨ ਦਾ ਦੌਰਾ ਕਰਨਾ ਸੀ ਤੇ ਪ੍ਰੈਸ ਕਾਨਫਰੰਸ ਵੀ ਕਰਨੀ ਸੀ, ਜੋ ਨਿਰੰਕਾਰੀ ਭਵਨ ਦੇ ਅੰਦਰ ਵੀ ਹੋ ਸਕਦੀ ਸੀ, ਇਲਾਕੇ ਦੇ ਲੋਕ ਸੰਪਰਕ ਵਿਭਾਗ ਨੇ ਬੇਸ਼ਰਮੀ ਦੀ ਹੱਦ ਪਾਰ ਕਰਕੇ ਭਵਨ ਦੇ ਬਾਹਰ ਖਾਲੀ ਥਾਂ ਉਤੇ ਟੈਂਟ ਲਵਾਏ, ਮੇਜ ਕੁਰਸੀਆਂ ਲਵਾਈਆਂ ਤੇ ਮਹਾਰਾਜੇ ਦੀ ਸਵਾਰੀ ਲਈ ਬਕਾਇਦਾ ਲਾਲ ਵਿਛੌਣਾ (ਰੈੱਡ ਕਾਰਪੈਟ) ਵਿਛਾ ਦਿੱਤਾ। ਜਦੋਂ ਇਸ ਦੀ ਅਲੋਚਨਾ ਹੋਈ ਤਾਂ ਲਾਲ ਵਿਛੌਣਾ ਲਪੇਟ ਲਿਆ, ਹਰਾ ਵਿਛਾ ਦਿੱਤਾ। ਫਿਰ ਪ੍ਰੈਸ ਕਾਨਫਰੰਸ ਦਾ ਵੈਨਿਊ ਬਦਲ ਕੇ ਗੁਰੂ ਨਾਨਕ ਦੇਵ ਹਸਪਤਾਲ ਰੱਖ ਦਿੱਤਾ। ਅਸਲ 'ਚ ਅਗਲਿਆਂ ਨੇ ਸੋਚਿਆ ਸੀ ਬਈ ਇਹ ਭਾਣਾ ਵਾਪਰਿਆ ਤਾਂ ਕਰਕੇ ਮਹਾਰਾਜਾ ਮਾਝੇ ਵਿਚ ਆਇਆ, ਉਂਝ ਕਿੱਥੇ ਸ਼ਕਲ ਦਿਖਾਉਂਦਾ ਇਧਰਲੇ ਪਾਸੇ ਕਿਸੇ ਨੂੰ..?

### ਸਤਿਕਾਰ ਕਮੇਟੀ, ਦਮਦਮੀ ਟਕਸਾਲ, ਦਲ ਖਾਲਸਾ ਪੁਲੀਸ ਦੇ ਨਿਸ਼ਾਨੇ 'ਤੇ

ਟਪਿਆਲਾ ਪਿੰਡ ਵਿਚ ਨਿਰੰਕਾਰੀਆਂ ਦਾ ਸਤਿਸੰਗ ਸਤਿਕਾਰ ਕਮੇਟੀ ਦੇ ਮੈਂਬਰਾਂ ਨੇ ਰੁਕਵਾਇਆ ਸੀ, ਦੋਹਾਂ ਧਿਰਾਂ ਦਾ ਆਪਸੀ ਟਕਰਾਅ ਚੱਲਦਾ ਰਹਿੰਦਾ ਹੈ ਅਤੇ ਦਮਦਮੀ ਟਕਸਾਲ ਤੇ ਦਲ ਖਾਲਸਾ ਦਾ ਵੀ ਨਿਰੰਕਾਰੀਆਂ ਨਾਲ ਟਕਰਾਅ ਹੁੰਦਾ ਰਹਿੰਦਾ ਹੈ। ਇਸ ਨੂੰ ਬਹਾਨਾ ਬਣਾ ਕੇ ਪੁਲੀਸ ਅਤੇ ਏਜੰਸੀਆਂ ਨੇ ਇਨ੍ਹਾਂ ਜਥੇਬੰਦੀਆਂ ਦੇ ਕਾਰਕੁੰਨਾਂ ਅਤੇ ਆਗੂਆਂ ਨੂੰ ਹਿਰਾਸਤ ਵਿਚ ਲੈਣਾ ਸ਼ੁਰੂ ਕਰ ਦਿੱਤਾ ਹੈ। ਨਿਰੰਕਾਰੀ ਭਵਨ 'ਤੇ ਹਮਲੇ ਤੋਂ ਬਾਅਦ ਵੇਲੇ ਕੁਵੇਲੇ ਪੁਲਿਸ ਨੇ ਸਿੱਖ ਜਥੇਬੰਦੀਆਂ ਦੇ ਆਗੂਆਂ ਦੇ ਘਰਾਂ 'ਚ ਛਾਪਾਮਾਰੀ ਕੀਤੀ ਹੈ। ਦਲ ਖ਼ਾਲਸਾ ਮੈਂਬਰ ਗੁਰਜੰਟ ਸਿੰਘ ਨੂੰ ਹਿਰਾਸਤ 'ਚ ਲਿਆ ਹੈ। ਸਿੱਖ ਯੂਥ ਆਫ਼ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਦੇ ਘਰ 'ਤੇ ਵੀ ਛਾਪਾ ਮਾਰਿਆ। ਮੰਡ ਘਰ ਨਹੀਂ ਸੀ ਤਾਂ ਪਰਿਵਾਰ ਨੂੰ ਕਿਹਾ ਗਿਆ ਕਿ ਉਹ ਛੇਤੀ ਤੋਂ ਛੇਤੀ ਲਾਗਲੇ ਪੁਲਿਸ ਥਾਣੇ 'ਚ ਜਾ ਕੇ ਰਿਪੋਰਟ ਕਰਨ। ਸਤਿਕਾਰ ਕਮੇਟੀ ਦੇ ਪ੍ਰਧਾਨ ਭਾਈ ਮਨਜੀਤ ਸਿੰਘ ਨੂੰ ਵੀ


ਬਾਕੀ ਸਫ਼ਾ 29 'ਤੇ


## ਯੂਐਨਓ ਦੇ ਅਧਿਕਾਰਿਤ ਦਸਤਾਵੇਜ਼ 'ਚ ਪਹਿਲੀ ਵਾਰ ਗੁਰਬਾਣੀ ਹੋਈ ਦਰਜ

**ਸਟਾਕਟਨ/ਬਿਊਰੋ ਨਿਊਜ਼ :**
ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਮੌਕੇ ਯੂਐਨਓ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਸਿੱਖ ਪੰਥ ਨੂੰ ਇਕ ਸ਼ਾਨਦਾਰ ਤੋਹਫਾ ਦਿੱਤਾ ਹੈ। ਉਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸ਼ਵ-ਵਿਆਪੀ ਸੰਦੇਸ਼ ਨੂੰ ਮੱਦੇਨਜ਼ਰ ਰੱਖਦੇ ਹੋਏ ਗੁਰੂ ਗਰੰਥ ਸਾਹਿਬ ਵਿੱਚੋਂ ਗੁਰਬਾਣੀ ਨੂੰ ਆਪਣੇ Faith for Rights Declaration ਵਿਚ ਦਰਜ ਕੀਤਾ ਹੈ।

ਯੂਐਨਓ ਦੀ ਸਟੀਅਰਿੰਗ ਕਮੇਟੀ ਦੇ ਮੈਂਬਰ ਡਾਕਟਰ ਇਕਤੀਦਾਰ ਚੀਮਾ ਨੇ ਅੰਮ੍ਰਿਤਸਰ ਟਾਈਮਜ਼ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਯੂਐਨਓ, ਧਰਮ ਅਤੇ ਮਨੁੱਖੀ ਅਧਿਕਾਰਾਂ ਦਾ ਆਪਸੀ ਸਬੰਧ ਬਹੁਤ ਡੂੰਘਾ ਅਤੇ ਅਟੁੱਟ ਹੈ। ਅਸੀਂ ਹਰ ਧਰਮ ਨੂੰ ਸਾਡੇ ਕਮਿਸ਼ਨ ਦਾ ਹਿੱਸਾ




ਬਣਾਉਣਾ ਚਾਹੁੰਦੇ ਹਾਂ, ਇਸ ਲਈ ਸਾਰੇ ਧਰਮਾਂ ਦੇ ਸਤਿਕਾਰ ਲਈ ਉਹਨਾਂ ਨੂੰ ਚਾਰਟਰ ਵਿਚ ਸ਼ਾਮਿਲ ਕੀਤਾ ਗਿਆ ਹੈ। ਉਨਾਂ ਕਿਹਾ ਕਿ ਗੁਰੂ ਨਾਨਕ ਪਾਤਿਸ਼ਾਹ ਦੇ ਪ੍ਰਕਾਸ਼ ਦਿਵਸ ਉਤੇ ਕੈਲੀਫੋਰਨੀਆ ਦੀਆਂ ਵੱਖ-ਵੱਖ ਗੁਰਦੁਆਰਾ ਕਮੇਟੀਆਂ ਨੂੰ ਮਿਲ ਕੇ ਯੂਐਨਓ ਵੱਲੋਂ ਮਾਣ ਪੱਤਰ ਦਿੱਤਾ ਜਾਵੇਗਾ।

ਡਾਕਟਰ ਚੀਮਾ 23 ਨਵੰਬਰ 2018 ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਾਹਿਬ ਫਰੀਮੌਂਟ ਦੀ ਸੰਗਤ ਨੂੰ ਮਾਣ ਪੱਤਰ ਦੇਣਗੇ ਅਤੇ 25 ਨਵੰਬਰ ਐਤਵਾਰ ਨੂੰ ਸਿੰਘ ਸਭਾ ਮਿਲਪੀਟਸ ਵਿਖੇ ਇਕ ਸਾਂਝੇ ਪ੍ਰੋਗਰਾਮ ਵਿਚ ਵੱਖ-ਵੱਖ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦਿਆਂ ਨੂੰ ਮਾਣ ਪੱਤਰ ਭੇਟ ਕੀਤੇ ਜਾਣਗੇ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੋਆਰਡੀਨੇਟਰ ਡਾਕਟਰ ਚੀਮਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਯੂਐਨਓ ਵੱਲੋਂ ਸਿੱਖ ਭਾਵਨਾਵਾਂ ਦੀ ਕਦਰ ਕਰਦੇ ਹੋਏ ਗੁਰਬਾਣੀ ਨੂੰ ਆਪਣੇ ਦਸਤਾਵੇਜ਼ ਵਿਚ ਸ਼ਾਮਿਲ ਕਰਨਾ ਡਾਕਟਰ ਚੀਮਾ ਦੇ ਯਤਨਾਂ ਹੀ ਸਦਕਾ ਹੀ ਸੰਭਵ ਹੋਇਆ ਹੈ, ਇਸ ਲਈ ਅਸੀਂ ਉਹਨਾਂ ਦੇ ਧੰਨਵਾਦੀ ਹਾਂ।

## ਹਸਪਤਾਲ ਬਣਿਆ ਜੰਗ ਦਾ ਮੈਦਾਨ, ਚਾਰ ਮੌਤਾਂ

**ਸ਼ਿਕਾਗੋ/ਬਿਊਰੋ ਨਿਊਜ਼ :** ਦੇਸ਼ ਵਿਚ ਗੰਨ-ਸੱਭਿਆਚਾਰ ਨੇ ਚਾਰ ਹੋਰ ਲੋਕਾਂ ਦੀ ਬਲੀ ਲੈ ਲਈ ਹੈ। ਇੱਥੇ ਇਕ ਹਸਪਤਾਲ ਦੀ ਪਾਰਕਿੰਗ ਵਿਚ ਹਮਲਾਵਰ ਨੇ ਪਹਿਲਾਂ ਪਾਰਕਿੰਗ ਵਿਚ ਤਕਰਾਰ ਤੋਂ ਬਾਅਦ ਉਸ ਔਰਤ ਨੂੰ ਗੋਲੀ ਮਾਰੀ ਜਿਸ ਨਾਲ ਉਸ ਦੇ ਘਰੇਲੂ ਸਬੰਧ ਦੱਸੇ ਜਾਂਦੇ ਹਨ। ਫਿਰ ਉਸ ਨੇ ਪੁਲੀਸ 'ਤੇ ਗੋਲੀ ਚਲਾਈ ਤੇ ਅੰਦਰ ਵੜ ਗਿਆ।ਮਿਲੀ ਜਾਣਕਾਰੀ ਮੁਤਾਬਕ ਇਸ ਖ਼ੂਨੀ ਕਾਂਡ ਵਿਚ ਇਕ ਪੁਲੀਸ ਅਫ਼ਸਰ ਸਣੇ ਚਾਰ ਜਣੇ ਮਾਰੇ ਗਏ। ਪੁਲੀਸ ਸੁਪਰਡੈਂਟ ਐਡੀ ਜੌਨਸਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ, " ਇਸ ਘਟਨਾ ਵਿਚ ਚਾਰ ਜਣੇ ਮਾਰੇ ਗਏ ਹਨ , ਜਿਸ ਵਿਚ ਪੁਲੀਸ ਅਫ਼ਸਰ, ਹਸਪਤਾਲ ਦੀਆਂ ਦੋ ਮਹਿਲਾ ਕਰਮੀ ਅਤੇ ਹਮਲਾਵਰ ਸ਼ਾਮਲ ਹੈ। "

ਉਨ੍ਹਾਂ ਦੱਸਿਆ ਕਿ ਹਮਲਾਵਰ ਨੇ ਪਹਿਲਾਂ ਪਾਰਕਿੰਗ ਵਿਚ ਤਕਰਾਰਬਾਜ਼ੀ ਕੀਤੀ ਤੇ ਫਿਰ



ਇਕ ਔਰਤ ਨੂੰ ਗੋਲੀ ਮਾਰੀ। ਫਿਰ ਉਸ ਨੇ ਪੁਲੀਸ 'ਤੇ ਗੋਲੀਆਂ ਵਰਾਈਆਂ। ਇਸ ਤੋਂ ਬਾਅਦ ਹੋਰ ਪੁਲੀਸ ਹਸਪਤਾਲ ਪੁੱਜ ਗਈ ਤੇ ਹਸਪਤਾਲ ਵਿਚ ਹਮਲਾਵਰ ਨੂੰ ਕਾਬੂ ਕਰਨ ਲਈ ਕਾਫ਼ੀ ਜੱਦੋਜਹਿਦ ਚਲਦੀ ਰਹੀ। ਇਸ ਦੌਰਾਨ ਹਮਲਾਵਰ ਨੇ ਐਲੀਵੇਟਰ 'ਤੇ ਚੜ੍ਹ ਰਹੀ ਇਕ ਹੋਰ ਔਰਤ ਨੂੰ ਗੋਲੀ ਮਾਰ ਦਿੱਤੀ। ਉਹ ਆਪ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ। ਮੇਅਰ ਰੈਹਮ ਇਮੈਨੁਅਲ ਮੁਤਾਬਕ ਮ੍ਰਿਤਕ ਔਰਤਾਂ ਦੀ ਪਛਾਣ ਡਾਕਟਰ ਤੇ ਫਾਰਮਾਸਿਉਟੀਕਲ ਸਹਾਇਕ ਵਜੋਂ ਹੋਈ ਹੈ।


SINGH CPA PLLC
Making Businesses Tax Efficient
Tax Planning
Bookkeeping/ Payroll
Sales & Occupancy Taxes
Corporate & Individual Taxes
Barjinderjit Singh, CPA
Serving Clients in All 48 States
700 Central Expressway South, Suite 400 Allen, TX. 75013
(214) 210-9600
bill@mysinghcpa.com
www.mysinghcpa.com

JASPREET SINGH
Attorney-At-law
Loan Modification
Bankruptcy, Immigration,
Political Asylum, Deportation Defense,
Citizenship, L-1, H-1, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

FLEET ONE OVER THE ROAD
FACTORING PROGRAM TO MEET YOUR NEEDS
WITH RATES STARTING AS LOW AS 1%
• A program custom-built to match your fleet's needs – backed by a FDIC-Insured financial partner in WEX Bank.
• Free same day funding
• Free collection management services
• Real-time credit check service
95% Advance in 24 Hours For Trucking Companies
Call for a Quote
(855)641-6955

TRANS-ALLIANCE TOGETHER WE SAVE
SAVE UPTO 24¢ PER GALLON ON DIESEL
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Loves

RESTAURANT for SALE
"Samrath indian and Chinese cuisine Restaurant is on sale
Reseda Los Angeles CA - 91335.
email: samrathrestaurant@gmail.com
Call: (747) 224-1079

ੴ ਸਤਿਗੁਰ ਪ੍ਰਸਾਦਿ

ਕਲਿਜੁਗ ਬਾਬੇ ਤਾਰਿਆ ਸੱਤਨਾਮ ਪੜ੍ਹ ਮੰਤ੍ਰ ਸੁਣਾਇਆ ॥ ਕਲਿ ਤਾਰਣ ਗੁਰ ਨਾਨਕ ਆਇਆ ॥

# ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ

300 ਗੁਰਦੁਆਰਾ ਰੋਡ ਫਰੀਮੌਂਟ ਕੈਲੀਫੋਰਨੀਆ-94536




ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ ॥ ਗੁਰਮਖਿ ਕਲਿ ਵਿਚ ਪਰਗਟੁ ਹੋਆ ॥

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ

## ਦੇ 549ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈਆਂ

**ਗੁਰਦੁਆਰਾ ਫਰੀਮੌਂਟ ਕੈਲੀਫੋਰਨੀਆ ਵਿਖੇ ਧੰਨ-ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ**

# ਪਵਿੱਤਰ ਪ੍ਰਕਾਸ਼ ਦਿਹਾੜਾ

## 21-22-23 ਨਵੰਬਰ, 2018

ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਦੇ ਨਾਲ ਹੀ ਗੁਰੂ ਪਾਤਸ਼ਾਹ ਦੇ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦਿਆਂ ਫਰੀਮੌਂਟ ਦੀਆਂ ਸਿੱਖ ਸੰਗਤਾਂ ਵਲੋਂ ਖਾਲਸਾ ਸਕੂਲ ਦੀ ਬਣਾਈ ਗਈ ਨਵੀਂ ਇਮਾਰਤ ਦਾ ਉਦਘਾਟਨ ਵੀ ਵਿਸ਼ੇਸ਼ ਤੌਰ 'ਤੇ ਕੀਤਾ ਜਾਵੇਗਾ।

*ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

## 21 ਨਵੰਬਰ, 2018, ਦਿਨ ਬੁੱਧਵਾਰ

ਨੂੰ ਮੁੱਖ ਦੀਵਾਨ ਹਾਲ ਅਤੇ ਖਾਲਸਾ ਸਕੂਲ ਦੀ ਨਵੀਂ ਬਿਲਡਿੰਗ ਵਿਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੀ ਸੰਪੂਰਨਤਾ 23 ਨਵੰਬਰ 2018, ਦਿਨ ਸ਼ੁੱਕਰਵਾਰ ਨੂੰ ਸਵੇਰੇ ਹੋਵੇਗੀ। ਉਪਰੰਤ ਵਿਸ਼ੇਸ਼ ਕੀਰਤਨ ਸਮਾਗਮ ਲਗਾਤਾਰ ਰਾਤ 09:30 ਵਜੇ ਤੱਕ ਚੱਲਣਗੇ। ਸ਼ਾਮ 03:00 ਵਜੇ 51 ਸ੍ਰੀ ਸਹਿਜ ਪਾਠਾਂ ਦੇ ਭੋਗ ਪੈਣਗੇ।

*ਨੋਟ : ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550ਵਾਂ ਪ੍ਰਕਾਸ਼ ਦਿਹਾੜਾ ਅਗਲੇ ਸਾਲ 2019 ਵਿਚ ਆ ਰਿਹਾ ਹੈ।*
*ਸਾਰਾ ਸਾਲ ਗੁਰੂ ਪਾਤਸ਼ਾਹ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਉਲੀਕੇ ਜਾਣਗੇ।*

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

# ਗੁਰਦੁਆਰਾ ਸਾਹਿਬ ਫਰੀਮੌਂਟ ਕੈਲੀਫੋਰਨੀਆ

**300 Gurdwara Road Fremont CA 94536, Phone : 510-790-0177**

# ਅਕਾਲੀ ਦਲ (ਬਾਦਲ) ਨੂੰ ਇੱਕ ਹੋਰ ਝਟਕਾ

## *ਪਰਮਜੀਤ ਸਿੰਘ ਸੇਖੋਂ ਦਾਖਾ ਵੱਲੋਂ ਅਸਤੀਫਾ*

**ਵੈਸਟ ਕੋਸਟ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ (ਬਾਦਲ) ਦਿਨ ਬ ਦਿਨ ਕਮਜ਼ੋਰ ਹੁੰਦਾ ਦਿਖਾਈ ਦੇ ਰਿਹਾ ਹੈ। ਇਸ ਦੀਆਂ ਮੁਸ਼ਕਲਾਂ ਘਟਣ ਦੀ ਬਜਾਏ ਵਧਦੀਆਂ ਹੀ ਜਾ ਰਹੀਆਂ ਹਨ। ਪੰਜਾਬ ਅੰਦਰ ਟਕਸਾਲੀ ਅਕਾਲੀ ਆਗੂਆਂ ਵੱਲੋਂ ਲਗਾਤਾਰ ਅਸਤੀਫਿਆਂ



ਦਾ ਸਿਲਸਿਲਾ ਜਾਰੀ ਹੈ, ਜਿਸ ਦਾ ਅਸਰ ਵਿਦੇਸ਼ਾਂ ਵਿੱਚ ਵੀ ਪੈਣਾ ਸ਼ੁਰੂ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਵੈਸਟ ਕੋਸਟ ਅਮਰੀਕਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਪਰਮਜੀਤ ਸਿੰਘ ਸੇਖੋਂ ਦਾਖਾ ਨੇ ਪਾਰਟੀ ਤੋਂ ਅਸਤੀਫਾ ਦਿੰਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਮੁਤਾਬਕ 'ਗੁਰੂ ਗ੍ਰੰਥ ਸਾਹਿਬ' ਜੀ ਦੀ ਬੇਅਦਬੀ ਦੇ ਮਾਮਲੇ ਉਤੇ ਦੋਸ਼ੀਆਂ ਨੂੰ ਫੜਨਾ ਅਤੇ ਫੜ ਕੇ ਸਖਤ ਸਜ਼ਾਵਾਂ ਦੇਣਾ, ਲੰਮੇ ਸਮੇਂ ਤੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਭਾਰਤੀ ਜੇਲ੍ਹਾਂ 'ਚ ਬੰਦ ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦੀਆਂ ਗੱਲਾਂ ਕਰਨ ਵਾਲੇ ਬਰਗਾੜੀ ਮੋਰਚੇ ਵਾਲੇ ਪਾਕਿਸਤਾਨ ਦੇ ਏਜੰਟ ਹਨ। ਸੁਖਬੀਰ ਸਿੰਘ ਬਾਦਲ ਦੇ ਇਹਨਾਂ ਵਿਚਾਰਾਂ ਨੇ ਮੈਨੂੰ ਬੇਹੱਦ ਪ੍ਰੇਸ਼ਾਨ ਕੀਤਾ ਹੈ ਅਤੇ ਮੈਂ ਬਰਗਾੜੀ ਮੋਰਚੇ ਦੀਆਂ ਮੰਗਾਂ ਦਾ ਸਮਰਥਨ ਕਰਦਾ ਹੋਇਆ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਮਰੀਕਾ ਵੈਸਟ ਕੋਸਟ ਤੋਂ ਅਸਤੀਫਾ ਦਿੰਦਾ ਹਾਂ।

# ਗੁਰਦੁਆਰਾ ਸਾਹਿਬ ਨੂੰ ਅੱਗ ਲਾਉਣ ਵਾਲੇ ਨੂੰ ਚਾਰ ਸਾਲ ਦੀ ਕੈਦ

**ਲੰਡਨ/ਬਿਊਰੋ ਨਿਊਜ਼ :** ਸਕਾਟਲੈਂਡ ਦੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਦੇ ਮੁੱਖ ਦਰਵਾਜ਼ੇ ਨੂੰ ਅੱਗ ਲਾਉਣ ਦੀ ਅਗਸਤ ਮਹੀਨੇ ਵਾਪਰੀ ਘਟਨਾ ਉਤੇ ਅਦਾਲਤੀ ਫੈਸਲਾ ਆ ਗਿਆ ਹੈ। ਈਡਨਬਰਗ ਅਦਾਲਤ ਨੇ ਦੋਸ਼ੀ ਨੂੰ ਚਾਰ ਸਾਲ ਦੀ ਸਜ਼ਾ ਕੀਤੀ ਹੈ। 49 ਸਾਲਾ ਦੋਸ਼ੀ ਪਾਲ ਜੌਹਨਸਨ ਉਤੇ ਸਕਾਟਲੈਂਡ ਦੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਅਤੇ ਇਕ



ਚਰਚ ਨੂੰ ਅੱਗ ਲਗਾ ਕੇ ਜਲਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਸੀ। ਈਡਨਬਰਗ ਅਦਾਲਤ 'ਚ ਬੀਤੇ ਮਹੀਨੇ ਜੌਹਨਸਨ ਨੇ ਦੋਵੇਂ ਦੋਸ਼ਾਂ ਨੂੰ ਕਬੂਲ ਕਰ ਲਿਆ ਸੀ। ਜੌਹਨਸਨ ਨੇ ਲੰਘੀ 28 ਅਗਸਤ ਨੂੰ ਪਹਿਲਾਂ

**ਬਾਕੀ ਸਫ਼ਾ 28 'ਤੇ**

# ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਸਕੂਲ ਅਤੇ ਲੰਗਰ ਦੀ ਨਵੀਂ ਉਸਾਰੀ ਇਮਾਰਤ ਦਾ ਉਦਘਾਟਨ 23 ਨਵੰਬਰ ਨੂੰ

**ਫਰੀਮੌਂਟ/ਬਿਊਰੋ ਨਿਊਜ਼ :** ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਮੌਕੇ, 23 ਨੰਵਬਰ ਨੂੰ, ਗੁਰਦੂਆਰਾ ਸਾਹਿਬ ਫਰੀਮੌਂਟ ਦੇ ਸਕੂਲ ਅਤੇ ਲੰਗਰ ਲਈ ਉਸਾਰੀ ਇਮਾਰਤ ਨੂੰ ਸੰਗਤਾਂ ਲਈ ਖੋਲ੍ਹ ਦਿੱਤਾ ਜਾਵੇਗਾ। ਇਸ ਸਬੰਧੀ 21 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਸ਼ੁਰੂ ਹੋਣਗੇ ਤੇ 23 ਨਵੰਬਰ ਨੂੰ 10 ਵਜੇ ਭੋਗ ਪਾਉਣ ਉਪਰੰਤ ਪੰਜ ਪਿਆਰਿਆਂ ਵੱਲੋਂ ਅਰਦਾਸ ਕਰਕੇ ਉਦਘਾਟਨ ਕੀਤਾ ਜਾਵੇਗਾ। ਗੁਰਦੁਆਰਾ ਸਾਹਿਬ ਦੀ ਸੁਪਰੀਮ ਕੌਂਸਲ ਦੇ ਮੈਂਬਰ ਭਾਈ ਹਰਿੰਦਰਪਾਲ ਸਿੰਘ ਨੇ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਸੰਗਤ ਵੱਲੋਂ ਦਿੱਤੀ ਬੇਮਿਸਾਲ ਮਾਲੀ ਮਦਦ ਕਾਰਨ ਹੀ 3 ਮਿਲੀਅਨ ਤੋਂ ਵੱਧ ਦੇ ਖਰਚ ਨਾਲ ਬਣੀ ਇਮਾਰਤ ਵਾਸਤੇ ਕਿਸੇ ਕਰਜ਼ੇ ਆਦਿ ਦੀ ਜ਼ਰੂਰਤ ਤਕ ਨਹੀਂ ਪਈ। ਉਹਨਾਂ ਨੇ ਸਮੂਹ ਸੰਗਤ ਨੂੰ ਇਸ ਮਹਾਨ ਮੌਕੇ ਉਤੇ ਪਰਿਵਾਰ ਸਮੇਤ ਸ਼ਾਮਿਲ ਹੋਣ ਦੀ ਬੇਨਤੀ ਕੀਤੀ। ਸੁਪਰੀਮ ਕੌਂਸਲ ਦੇ ਮੈਂਬਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਸਾਰੀ ਕਨਸਟਰੱਕਸ਼ਨ ਕਮੇਟੀ ਦਾ ਅਣਥੱਕ ਮਿਹਨਤ ਕਰਨ ਲਈ ਧੰਨਵਾਦ ਕੀਤਾ ਅਤੇ ਉਹਨਾਂ ਨੇ ਭਾਈ ਹਰਿੰਦਰਪਾਲ ਸਿੰਘ ਬਾਰੇ ਬੋਲਦੇ ਹੋਏ ਕਿਹਾ ਕਿ ਐਚਪੀ ਸਿੰਘ ਜੀ ਨੇ 4 ਸਾਲ ਲੌਬੀ ਵਿਚ ਮੇਜ਼



ਉਤੇ ਖੜ੍ਹੇ ਹੋ ਕੇ ਇਕ-ਇਕ ਡਾਲਰ ਸੰਗਤ ਤੋਂ ਇਕੱਠਾ ਕੀਤਾ ਹੈ ਜਿਸ ਲਈ ਅਸੀਂ ਸਾਰੀ ਸੰਗਤ ਵੱਲੋਂ ਉਹਨਾਂ ਦੇ ਧੰਨਵਾਦੀ ਹਾਂ। ਉਨ੍ਹਾਂ ਕਿਹਾ ਕਿ ਅਸੀਂ ਸਮੂਹ ਸੰਗਤ ਨੂੰ ਅਪੀਲ ਕਰਦੇ ਹਾਂ ਕਿ ਆਓ 23 ਨਵੰਬਰ ਨੂੰ ਗੁਰਪੁਰਬ ਵਾਲੇ ਦਿਨ, ਸਵੇਰੇ 10 ਵਜੇ ਅਰਦਾਸ ਵਿਚ ਸ਼ਾਮਿਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਮਾਗਮ 21 ਤੋਂ

**ਫਰੀਮੌਂਟ/ਬਿਊਰੋ ਨਿਊਜ਼**, ਸ੍ਰੀ ਗੁਰੂ ਨਾਨਕ ਦੇਵ ਜੀ ਦਾ 549ਵਾਂ ਪ੍ਰਕਾਸ਼ ਦਿਹਾੜਾ ਫਰੀਮੌਂਟ ਗੁਰਦੁਆਰਾ ਸਾਹਿਬ ਵਿਖੇ ਪੂਰੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿਚ 21 ਨਵੰਬਰ, 2018, ਦਿਨ ਬੁੱਧਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। ਭੋਗ 23 ਨਵੰਬਰ 2018, ਦਿਨ ਸ਼ੁੱਕਰਵਾਰ ਨੂੰ ਪਾਏ ਜਾਣਗੇ। ਇਸੇ ਤਰ੍ਹਾਂ 21 ਨਵੰਬਰ 2018, ਦਿਨ ਬੁੱਧਵਾਰ ਨੂੰ ਹੀ ਖਾਲਸਾ ਸਕੂਲ ਦੀ ਨਵੀਂ ਬਣਾਈ ਗਈ ਇਮਾਰਤ ਦਾ ਉਦਘਾਟਨ ਕਰਨ ਲਈ ਵੀ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ, ਜਿਨ੍ਹਾਂ ਦੇ ਭੋਗ 23 ਨਵੰਬਰ, ਦਿਨ ਸ਼ੁੱਕਰਵਾਰ ਨੂੰ ਪੈਣਗੇ। ਉਪਰੰਤ



ਸ਼ਾਮ 03:00 ਵਜੇ 51 ਸ੍ਰੀ ਸਹਿਜ ਪਾਠਾਂ ਦੇ ਭੋਗ ਵੀ ਪੈਣਗੇ। ਇਸ ਦੇ ਨਾਲ ਹੀ ਵਿਸ਼ੇਸ਼ ਕੀਰਤਨ ਸਮਾਗਮ ਲਗਾਤਾਰ 09:30 ਵਜੇ ਤੱਕ ਚੱਲੇਗਾ। ਪ੍ਰਬੰਧਕਾਂ ਵੱਲੋਂ ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ ਹੈ। ਇਸ ਸਮਾਗਮ ਸਬੰਧੀ ਹੋਰ ਜਾਣਕਾਰੀ ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ ਦੇ ਫੋਨ ਨੰ. 510-790-0177 'ਤੇ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਵਿਖੇ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਪੁਰਬ ਸਮਾਗਮ 25 ਨਵੰਬਰ ਨੂੰ

**ਮਿਲਪੀਟਸ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ 680 EAST CALAVERAS BLVD MILPITAS CA 95035 ਵਿਖੇ ਧੰਨ-ਧੰਨ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਮੁੱਖ ਰੱਖਦਿਆਂ ਸਮੂਹ ਸਿੱਖ ਸੰਗਤਾਂ ਦੇ ਸਹਿਯੋਗ ਨਾਲ 21 ਸ੍ਰੀ ਆਖੰਡ ਪਾਠ ਸਾਹਿਬ ਦੀ ਲੜੀ ਆਰੰਭ ਕੀਤੀ ਗਈ ਸੀ। ਇਸ ਲੜੀ ਦੀ ਸੰਪੂਰਨਤਾ 25 ਨਵੰਬਰ ਦਿਨ ਐਤਵਾਰ ਨੂੰ ਹੋਵੇਗੀ। ਇਸ ਤੋਂ ਪਹਿਲਾਂ ਸ਼ੁੱਕਰਵਾਰ ਵਾਲੇ ਦਿਨ ਸ਼ਾਮ ਨੂੰ ਧਾਰਮਿਕ ਦੀਵਾਨ ਸਜਾਏ ਜਾਣਗੇ। ਇਸ ਬਾਰੇ ਜਾਣਕਾਰੀ ਦਿੰਦਿਆਂ ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਨੇ ਦੱਸਿਆ ਕਿ 25 ਨਵੰਬਰ ਨੂੰ ਅਮਰੀਕਾ ਦੇ ਦੂਜੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਵੀ ਪਹੁੰਚ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਯੂਐਨਓ ਵੱਲੋਂ ਜੋ ਪੰਜ ਪ੍ਰਮੁੱਖ ਧਰਮਾਂ ਨੂੰ ਮੁੱਖ ਰੱਖਦਿਆਂ ਇਕ ਦਸਤਾਵੇਜ਼ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਸਿੱਖ ਧਰਮ ਦੇ ਧੰਨ ਧੰਨ ਗੁਰੂ ਗਰੰਥ ਸਾਹਿਬ ਵਿੱਚੋਂ ਤਿੰਨ ਤੁਕਾਂ ਪਾਈਆਂ ਗਈਆਂ ਹਨ, ਉਸ ਦਸਤਾਵੇਜ਼ ਵਿਚ ਸਿੱਖਾਂ ਨੂੰ ਇਹ ਮਾਣ ਦਿਵਾਉਣ ਲਈ ਅਣਥੱਕ ਕੋਸ਼ਿਸ਼ ਕਰਨ ਵਾਲੇ ਡਾਕਟਰ ਇੱਕਤਦਾਰ ਚੀਮਾ ਵੀ ਇੰਗਲੈਂਡ ਤੋਂ ਵਿਸ਼ੇਸ਼ ਤੌਰ ਉਤੇ ਇਥੇ ਪਹੁੰਚ ਰਹੇ ਹਨ। ਇਹ ਦੇਸ਼ ਵਿਦੇਸ਼ ਵਿਚ ਵਸਦੇ ਸਮੂਹ ਨਾਨਕ ਨਾਮਲੇਵਾ ਸੰਗਤਾਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਲਈ ਪ੍ਰਬੰਧਕਾਂ ਵੱਲੋਂ ਸਮੂਹ ਸਿੱਖ ਸੰਗਤਾਂ ਨੂੰ ਪਰਿਵਾਰਾਂ ਸਮੇਤ 25 ਨਵੰਬਰ ਨੂੰ ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਵਿਖੇ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਕੀਤੀ ਗਈ ਹੈ।



### ਰਾਜਸਥਾਨ ਚੋਣਾਂ

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰਾਂ ਦੀ ਅਮਰੀਕਾ ਇਕਾਈ ਵੱਲੋਂ ਡਟਵੀਂ ਹਮਾਇਤ

**ਸ਼ਿਕਾਗੋ/ਮੱਖਣ ਕਲੇਰ :**
ਅਗਾਮੀ 11 ਦਸੰਬਰ ਨੂੰ ਰਾਜਸਥਾਨ ਵਿਧਾਨ ਸਭਾ ਦੀਆਂ ਹੋਣ ਜਾ ਰਹੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਲੋਂ ਵੀ ਆਪਣੇ ਤਿੰਨ ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ ਗਏ ਹਨ। ਇਨਾਂ ਵਿੱਚ ਬਾਬਾ ਬਲਜਿੰਦਰ ਸਿੰਘ ਜੰਡਵਾਲਾ ਹਲਕਾ ਸੰਗਰਿਆ, ਨਰਿੰਜਨ ਸਿੰਘ ਭੁਪਾਲ ਤਖਤ ਹਜਾਰਾ ਹਲਕਾ ਸਾਦੂਲ ਸ਼ਹਿਰ ਤੇ ਸੋਨਾ ਸਿੰਘ ਖਾਲਸਾ 34ਪੀ ਐਸ ਹਲਕਾ ਰਾਏ ਸਿੰਘ ਨਗਰ ਤੋਂ ਹਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਵਲੋਂ ਵਿਦੇਸ਼ਾਂ ਵਿੱਚ ਬੈਠੇ ਸਮੁੱਚੇ ਰਾਜਸਥਾਨੀ ਪੰਜਾਬੀ ਭਰਾਵਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪਣਾ ਬਣਦਾ ਯੋਗਦਾਨ ਪਾ ਕੇ ਪਿੱਛੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਨੂੰ ਬੇਨਤੀਆਂ ਕਰੋ ਕਿ ਪੰਥਕ ਸੋਚ ਰੱਖਣ ਵਾਲੇ ਤੇ ਸਿੱਖ ਮੁੱਦਿਆਂ ਉਤੇ ਪਹਿਰਾ ਦੇਣ ਵਾਲੇ ਅਤੇ ਤੁਹਾਡੇ ਹੱਕਾਂ ਨੂੰ ਬੁਲੰਦ ਅਵਾਜ਼ ਵਿੱਚ ਚੁੱਕਣ ਵਾਲੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰਾਂ ਨੂੰ ਆਪਣੀਆਂ ਵੋਟ ਪਾਕੇ ਜਿਤਾਉਣ। ਇਹ ਜ਼ਰੂਰੀ ਹੈ ਤਾਂ ਕਿ ਪੰਜਾਬੀਆਂ ਨੂੰ, ਜੋ ਰਾਜਸਥਾਨ ਵਿੱਚ ਮੁਸ਼ਕਲਾਂ ਆ ਰਹੀਆਂ ਹਨ, ਉਨਾਂ ਪ੍ਰਤੀ ਅਵਾਜ਼ ਉਠਾਈ ਜਾ ਸਕੇ ਤੇ ਮਸਲਿਆਂ ਨੂੰ ਹੱਲ ਕਰਾਇਆ ਜਾ ਸਕੇ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਕਨਵੀਨਰ ਬੂਟਾ ਸਿੰਘ ਖੜੌਦ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਸਕੱਤਰ ਜਨਰਲ ਰੁਪਿੰਦਰ ਸਿੰਘ ਬਾਠ, ਜਨਰਲ ਸਕੱਤਰ ਮੱਖਣ ਸਿੰਘ ਕਲੇਰ, ਮੀਤ ਪ੍ਰਧਾਨ ਇੰਦਰਪਾਲ ਸਿੰਘ, ਪ੍ਰੋ. ਬਲਜਿੰਦਰ ਸਿੰਘ ਮੋਰਜੰਡ ਰਾਜਸਥਾਨ, ਸ਼ਿਕਾਗੋ ਯੂਨਿਟ ਵਲੋਂ ਪ੍ਰਧਾਨ ਲਖਵੀਰ ਸਿੰਘ ਕੰਗ, ਦਲਵੀਰ ਸਿੰਘ ਚੀਮਾ, ਅਨੂਪ ਸਿੰਘ, ਸੰਤ ਬਲਵੀਰ ਸਿੰਘ ਨੇ ਮੀਡੀਏ ਰਾਹੀਂ ਸਾਂਝੇ ਤੌਰ ਤੇ ਰਾਜਸਥਾਨੀ ਵੋਟਰਾਂ ਨੂੰ ਅਪੀਲ ਕੀਤੀ ਹੈ।

# ਐਲਕ ਗਰੋਵ ਸਿਟੀ ਵਿਖੇ ਮਨਾਇਆ ਗਿਆ ਸਿੱਖ ਜਾਗਰੂਕਤਾ ਮਹੀਨਾ

**ਸੈਕਰਾਮੈਂਟੋ/ਬਿਊਰੋ ਨਿਊਜ਼ :**
ਐਲਕ ਗਰੋਵ ਸਿਟੀ ਵੱਲੋਂ ਪਹਿਲੀ ਵਾਰ ਸਿਟੀ ਹਾਲ ਦੇ ਅੰਦਰ ਨਵੰਬਰ ਮਹੀਨੇ ਨੂੰ ਸਿੱਖ ਜਾਗਰੂਕਤਾ ਅਤੇ ਪ੍ਰਸੰਸਾ ਮਹੀਨੇ ਵਜੋਂ ਮਾਨਤਾ ਦੇਣ ਲਈ ਇਕ ਭਰਵਾਂ ਸਮਾਗਮ ਕੀਤਾ ਗਿਆ। ਐਲਕ ਗਰੋਵ ਦੇ ਮੇਅਰ ਸਟੀਵ ਲੀ ਨੇ ਸਭ ਤੋਂ ਪਹਿਲਾਂ ਸਿੱਖਾਂ ਦੀ ਕੈਲੀਫੋਰਨੀਆ ਵਿਚ ਮੌਜੂਦਗੀ ਅਤੇ ਉਨ੍ਹਾਂ ਵੱਲੋਂ ਪਾਏ ਗਏ ਯੋਗਦਾਨ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਸਿੱਖ ਕੌਮ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ। ਇਸ ਉਪਰੰਤ ਐਲਕ ਗਰੋਵ ਸਿਟੀ ਦੇ ਕਮਿਸ਼ਨ ਮੈਂਬਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਸਿੱਖਾਂ ਦੇ ਅਮਰੀਕਾ ’ਚ ਪਿਛਲੇ ਸਵਾ ਸੌ ਸਾਲ ਦੀ ਮੌਜੂਦਗੀ ਅਤੇ ਉਨ੍ਹਾਂ ਵੱਲੋਂ ਕੀਤੇ ਗਏ ਕੰਮਾਂ ਤੇ ਯੋਗਦਾਨ ਬਾਰੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਅੱਜ ਅਮਰੀਕੀ ਫੌਜ ਵਿਚ ਬਹੁਤ ਸਾਰੇ ਦਸਤਾਰਧਾਰੀ ਸਿੱਖ ਉੱਚ ਅਹੁਦਿਆਂ ’ਤੇ ਵਿਰਾਜਮਾਨ ਹਨ ਪਰ ਅਫਸੋਸ ਹੈ ਕਿ ਅਮਰੀਕਾ ਵਿਚ ਸਿੱਖਾਂ ਦੀ ਪਛਾਣ ਹਾਲੇ ਵੀ ਪੂਰੀ ਤਰ੍ਹਾਂ ਨਹੀਂ ਬਣ ਸਕੀ। ਡ੍ਰਿਸਟ੍ਰਿਕ ਸਕੂਲ ਬੋਰਡ ਦੀ ਡਾਇਰੈਕਟਰ ਬੌਬੀ ਸਿੰਘ ਐਲਨ ਨੇ ਕਿਹਾ ਕਿ ਮੈਨੂੰ ਮਾਣ ਹੈ ਕਿ ਮੈਂ ਵੀ ਸਿੱਖ ਪਰਿਵਾਰ ਨਾਲ ਸਬੰਧਤ ਹਾਂ। ਇਸ ਕੌਮ ਨੇ ਅਮਰੀਕਾ ਲਈ ਆਪਣਾ ਅਹਿਮ ਯੋਗਦਾਨ ਪਾਇਆ ਹੈ। ਅਮਰੀਕੀ ਸਿੱਖ ਕਾਕਸ ਦੇ ਡਾਇਰੈਕਟਰ ਹਰਪ੍ਰੀਤ ਸਿੰਘ ਸੰਧੂ ਨੇ ਕਿਹਾ ਕਿ ਸਿੱਖ ਇਥੇ ਪਿਛਲੇ ਲੰਮੇ ਸਮੇਂ ਤੋਂ ਰਹਿ ਰਹੇ ਹਨ।



ਉਨ੍ਹਾਂ ਅਮਰੀਕਾ ਵਿਚ ਸਿੱਖਾਂ ਬਾਰੇ ਬੋਲਦਿਆਂ ਕਿਹਾ ਕਿ ਲਗਭਗ 120 ਸਾਲ ਪਹਿਲਾਂ ਜਦੋਂ ਸਿੱਖ ਕੈਲੀਫੋਰਨੀਆ ਦੀ ਧਰਤੀ ’ਤੇ ਪਹੁੰਚੇ ਸਨ, ਉਸ ਵਕਤ ਇਨ੍ਹਾਂ ਨੇ ਸੜਕਾਂ, ਪੁਲਾਂ ਅਤੇ ਰੇਲਵੇ ਲਾਈਨਾਂ ਬਣਾਉਣ ਵਿਚ ਆਪਣਾ ਅਹਿਮ ਯੋਗਦਾਨ ਪਾਇਆ ਸੀ। ਅੱਜ ਇਸ ਕੌਮ ਨੇ ਬੜੀ ਤਰੱਕੀ ਕੀਤੀ ਹੈ। ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ ਦੇ ਮੁੱਖ ਗ੍ਰੰਥੀ ਬਿਕਰਮਜੀਤ ਸਿੰਘ ਨੇ ਅੰਗਰੇਜ਼ੀ ਵਿਚ ਸਿੱਖ ਕੌਮ ਬਾਰੇ ਜਾਣਕਾਰੀ ਦਿੱਤੀ।

ਇਸ ਦੌਰਾਨ ਮੇਅਰ ਸਟੀਵ ਲੀ, ਕੌਂਸਲ ਮੈਂਬਰ ਡੈਰੇਨ ਸਿਊਨ, ਸਟੀਵ ਡੈਟਰਿਕ, ਸਟੈਫਨੀ ਨਿਊਨ, ਪੈਟ ਹਿਊਮ ਨੇ ਇਨ੍ਹਾਂ ਆਗੂਆਂ ਨੂੰ ਐਲਕ ਗਰੋਵ ਸਿਟੀ ਵੱਲੋਂ ਪ੍ਰੋਕਲੋਮੇਸ਼ਨ ਸਰਟੀਫਿਕੇਟ ਭੇਟ ਕੀਤਾ। ਇਸ ਸਮੇਂ ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ ਦੀ ਕਮੇਟੀ, ਇੰਡੀਅਨ ਕੇਅਰ ਐਸੋਸੀਏਸ਼ਨ, ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਪੰਜਾਬ ਪ੍ਰੋਡਕਸ਼ਨਜ਼, ਕੋਹਿਨੂਰ ਕਲੱਬ ਦੇ ਬਹੁਤ ਸਾਰੇ ਮੈਂਬਰ ਵੀ ਹਾਜ਼ਰ ਸਨ। ਸਿਟੀ ਹਾਲ ਸਿੱਖ ਸ਼ਖਸੀਅਤਾਂ ਨਾਲ ਖਚਾਖਚ ਭਰਿਆ ਹੋਇਆ ਸੀ।

ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਅਸੈਂਬਲੀ ਵੱਲੋਂ ਪਿਛਲੇ ਕੁੱਝ ਸਾਲਾਂ ਵਾਂਗ ਇਸ ਵਾਰ ਵੀ ਨਵੰਬਰ ਮਹੀਨੇ ਨੂੰ ਸਿੱਖ ਜਾਗਰੂਕਤਾ ਅਤੇ ਪ੍ਰਸੰਸਾ ਮਹੀਨੇ ਵਜੋਂ ਮਨਾਉਣ ਲਈ ਮਤਾ ਪਾਸ ਕੀਤਾ ਗਿਆ ਸੀ। ਇਹ ਮਤਾ ACR BFG, ਅਸੈਂਬਲੀ ਮੈਂਬਰ ਐਸ. ਕਾਲੜਾ ਵੱਲੋਂ ਪੇਸ਼ ਕੀਤਾ ਗਿਆ ਸੀ ਅਤੇ ਮੈਂਬਰ ਜਿਮ ਕੂਪਰ ਵੱਲੋਂ ਇਸ ਦੀ ਪ੍ਰੋੜ੍ਹਤਾ ਕੀਤੀ ਗਈ ਸੀ। ਮੰਨਿਆ ਜਾ ਰਿਹਾ ਹੈ ਕਿ ਅਜਿਹੇ ਮਤਿਆਂ ਨਾਲ ਅਮਰੀਕਾ ਵਿਚ ਸਿੱਖ ਪਛਾਣ ਬਣਾਉਣ ਵਿਚ ਮਦਦ ਮਿਲਦੀ ਹੈ।

# ਖਾੜਕੂ ਜਥੇਬੰਦੀ ਬੱਬਰ ਖਾਲਸਾ ਦੇ ਨਾਂ ’ਤੇ ਫਿਰੌਤੀ ਮੰਗਣ ਵਾਲੇ ਕਾਬੂ

**ਮਲੋਟ/ਬਿਊਰੋ ਨਿਊਜ਼ :**ਪੰਜਾਬ ਪੁਲੀਸ ਨੇ ਸਿੱਖ ਖਾੜਕੂ ਜਥੇਬੰਦੀ ਬੱਬਰ ਖਾਲਸਾ ਦੇ ਜਾਅਲੀ ਲੈਟਰਪੈਡ ਤਿਆਰ ਕਰਕੇ ਲੋਕਾਂ ਤੋਂ ਪੈਸੇ ਮੰਗਣ ਵਾਲਾ ਗਿਰੋਹ ਕਾਬੂ ਕੀਤਾ ਹੈ। ਮਲੋਟ ਦੇ ਇਕ ਨਾਮਵਰ ਆੜ੍ਹਤੀਏ ਰਾਜੀ ਨਾਗਪਾਲ ਨੂੰ ਬੱਬਰ ਖਾਲਸਾ ਦੇ ਨਾਂ ਹੇਠ ਮਿਲੇ ਧਮਕੀ ਪੱਤਰ ਵਿਚ 50 ਲੱਖ ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ। ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਕੇ ਪੜਤਾਲ ਸ਼ੁਰੂ ਕੀਤੀ ਤਾਂ ਮਾਮਲਾ ਖੁੱਲ੍ਹ ਗਿਆ। ਸੀਆਈਏ ਸਟਾਫ ਸ਼੍ਰੀ ਮੁਕਤਸਰ ਸਾਹਿਬ ਦੇ ਸਹਿਯੋਗ ਨਾਲ ਪੁਲਿਸ ਨੇ ਮਲੋਟ ਦੇ ਹੀ ਸਰਾਭਾ ਨਗਰ ਦੇ ਵਸਨੀਕ ਜਸਪਾਲ ਸਿੰਘ ਕੰਗ ਤੇ ਉਸਦੇ ਪੁੱਤਰ ਸੰਦੀਪ ਸਿੰਘ ਕੰਗ ਸਮੇਤ 2 ਹੋਰ ਵਿਅਕਤੀਆਂ ਬਲਜੀਤ ਸਿੰਘ ਉਰਫ ਬੱਗਾ ਪਿੰਡ ਸੁਖਨਾ ਅਬਲੂ ਤੇ ਰਾਜ ਕੁਮਾਰ ਉਰਫ ਰਾਜੂ ਸ਼ਰਮਾ ਵਾਸੀ ਪਿੰਡ ਪੰਜਾਵਾ ਨੂੰ ਕਾਬੂ ਕਰ ਸਖਤੀ ਨਾਲ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਆਪਣਾ ਜੁਰਮ ਕਬੂਲ ਕਰ ਲਿਆ। ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਜਸਪਾਲ ਸਿੰਘ ਨੂੰ ਆੜ੍ਹਤ ਦੇ ਕੰਮ ਵਿੱਚੋਂ ਘਾਟਾ ਪੈਣ ਕਰਕੇ ਉਸ ਨੇ ਆਪਣੇ ਪੁੱਤਰ ਸਮੇਤ ਦੋ ਹੋਰ ਵਿਅਕਤੀਆਂ ਨਾਲ ਰਲ ਕੇ ਬੱਬਰ ਖਾਲਸਾ ਦੇ ਨਾਂ ਦੀ ਫਰਜ਼ੀ ਲੈਟਰ ਪੈਡ ਤਿਆਰ ਕਰਕੇ ਇਸੇ ਕਾਰਨਾਮੇ ਨੂੰ ਅੰਜਾਮ ਦਿੱਤਾ।ਇਹ ਵੀ ਪਤਾ ਲੱਗਿਆ ਕਿ ਉਨ੍ਹਾਂ ਸ਼ਹਿਰ ਦੇ ਹੋਰ ਵੀ ਕਈ ਵਪਾਰੀਆਂ ਤੇ ਬਿਜਨਸਮੈਨਾਂ ਨੂੰ ਫਿਰੌਤੀ ਲਈ ਧਮਕੀ ਭਰੇ ਪੱਤਰ ਲਿਖੇ ਸਨ, ਜਿਨਾਂ ‘ਚ ਰਜਿੰਦਰ ਕੁਮਾਰ ਛਾਬੜਾ ਵਾਸੀ ਸਰਾਭਾ ਨਗਰ ਤੋਂ 5 ਲੱਖ ਤੇ ਭੋਲਾ ਰਾਮ ਆੜ੍ਹਤੀਆ ਵਾਸੀ ਪੰਜਾਵਾ ਤੋਂ 20 ਲੱਖ ਦੀ ਫਿਰੌਤੀ ਮੰਗੀ ਸੀ।

WHITE HAWK TRUCKING INC
Need Drivers & Owner Operators
Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose
Call for more Info:
510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)
2101 MARTIN LUTHER KING JR WAY STOCKTON, CA 95205

# ਆਜ਼ਾਦ ਸਿੱਖ ਰਾਜ ਖਾਲਿਸਤਾਨ ਸਬੰਧੀ ਮਤੇ ਲਈ ਅਕਾਲੀ ਦਲ ਅੰਮ੍ਰਿਤਸਰ ਦੇ ਵਫਦ ਵੱਲੋਂ ਕਾਂਗਰਸਮੈਨਾਂ ਨਾਲ ਮੁਲਾਕਾਤ





ਵਾਸ਼ਿੰਗਟਨ ਡੀ.ਸੀ/ਬਿਊਰੋ ਨਿਊਜ਼ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਪੰਜ ਮੈਂਬਰੀ ਵਫਦ ( ਜਿਸ ਵਿਚ ਸ. ਬੂਟਾ ਸਿੰਘ ਖੜੌਂਦ ਕਨਵੀਨਰ, ਸ. ਅਮਨਦੀਪ ਸਿੰਘ ਪ੍ਰਧਾਨ ਯੂਥ, ਸ. ਪਵਨਜੀਤ ਸਿੰਘ ਮੀਤ ਪ੍ਰਧਾਨ, ਸ. ਭੁਪਿੰਦਰ ਸਿੰਘ ਨੁਮਾਇੰਦਾ ਯੂਐਨ ਅਤੇ ਸ਼ਮਸ਼ੇਰ ਸਿੰਘ ਪ੍ਰੈਸ ਸਕੱਤਰ ਯੂਥ ਸ਼ਾਮਿਲ ਸਨ ) ਨੇ ਅਮਰੀਕੀ ਕਾਂਗਰਸ ਮੈਨ ਅਮੀ ਬੇਰਾ, ਸਟੀਵ ਚਾਬੋਟ ਅਤੇ ਐਨ ਵੈਗਨਰ ਨਾਲ ਵਾਸ਼ਿੰਗਟਨ ਡੀਸੀ ਵਿਖੇ ਮੁਲਾਕਾਤ ਕਰਕੇ ਸਿੱਖ ਕੌਮ ਦੇ ਖੁਦਮੁਖਤਿਆਰੀ ਦੇ ਹੱਕ ਅਤੇ ਆਜ਼ਾਦ ਸਿੱਖ ਰਾਜ ਖਾਲਿਸਤਾਨ ਸਬੰਧੀ ਯੂਐਨ ਵਲੋਂ ਮਤਾ ਪਾਸ ਕਰਨ ਸਬੰਧੀ ਖੁੱਲ੍ਹੀ ਵਿਚਾਰ ਚਰਚਾ ਕੀਤੀ। ਇਸ ਗੱਲਬਾਤ ਦੌਰਾਨ ਸਿੱਖ ਨਸਲਕੁਸ਼ੀ ਅਤੇ ਸਿੱਖ ਕੌਮ ਨਾਲ ਭਾਰਤ ਅੰਦਰ ਹੋ ਰਹੀਆਂ ਵਧੀਕੀਆਂ ਦਾ ਵੇਰਵਾ ਦਿੰਦਿਆਂ ਸਿੱਖ ਖੁਦਮੁਖਤਿਆਰੀ ਅਤੇ ਸਿੱਖ ਰਾਜ ਖਾਲਿਸਤਾਨ ਸਬੰਧੀ ਮਤਾ ਪਾਸ ਕਰਨ ਲਈ ਕਾਂਗਰਸਮੈਨਾਂ ਨੂੰ ਅਪੀਲ ਕੀਤੀ ਗਈ।

ਇਸ ਵਿਚਾਰ ਚਰਚਾ ਦੌਰਾਨ ਦੱਸਿਆ ਗਿਆ ਕਿ ਭਾਰਤੀ ਫੌਜ ਮੁਖੀ ਜਨਰਲ ਰਾਵਤ ਵਲੋਂ ਸਿੱਖ ਕੌਮ ਨੂੰ ਨਿਸ਼ਾਨਾ ਬਣਾ ਕੇ ਪੰਜਾਬ ਅੰਦਰ ਅੱਤਵਾਦ ਦੇ ਮੁੜ ਸੁਰਜੀਤ ਹੋਣ ਸਬੰਧੀ ਵੀ ਚਰਚਾ ਕੀਤੀ ਗਈ ਜਿਸ ਵਿੱਚ ਜਨਰਲ ਰਾਵਤ ਨੇ ਸ਼ਾਂਤੀਪੂਰਵਕ ਅਤੇ ਲੋਕਤੰਤਰਿਕ ਤਰੀਕੇ ਨਾਲ ਆਜ਼ਾਦੀ ਅਤੇ ਖੁਦਮੁਖਤਿਆਰੀ ਲਈ ਕੰਮ ਕਰ ਰਹੀਆਂ ਵਿਦੇਸ਼ੀ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਅੱਤਵਾਦੀ ਅਤੇ ਵੱਖਵਾਦੀ ਕਰਾਰ ਦਿੰਦਿਆਂ ਲੋਕਤੰਤਰਿਕ ਤਰੀਕੇ ਨਾਲ ਸੰਘਰਸ਼ਸ਼ੀਲ ਸਿੱਖਾਂ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਹੈ। ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀ ਨਾਕਾਬਲਿਆਤ ਦਾ ਮੁੱਦਾ ਚੁੱਕਦਿਆਂ ਬਰਗਾੜੀ ਮੋਰਚੇ ਦੀ ਪ੍ਰਮੁੱਖ ਮੰਗ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਗਿਰਫ਼ਤਾਰ ਕਰਨ ਵੱਲ ਵੀ ਧਿਆਨ ਦਿਵਾਇਆ ਗਿਆ ਅਤੇ ਦੱਸਿਆ ਗਿਆ ਕਿ ਕਿਵੇਂ ਸਿੱਖ ਕੌਮ ਦੇ ਅਕੀਦੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਬੇਅਦਬ ਕਰਨ ਵਾਲੇ ਅਨਸਰਾਂ ਨੂੰ ਫੜਨ ਵਿੱਚ ਕੇਂਦਰ ਤੇ ਪੰਜਾਬ ਸਰਕਾਰ ਢਿੱਲ ਵਰਤ ਰਹੀਆਂ ਹਨ। ਪੰਜਾਬ ਸਰਕਾਰ ਵਲੋਂ ਕੇਂਦਰ ਸਰਕਾਰ ਦੀ ਸਰਪ੍ਰਸਤੀ ਹੇਠ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਸਬੰਧੀ ਵੀ ਮੁੱਦਾ ਚੁੱਕਿਆ ਗਿਆ ਅਤੇ ਬੰਦੀ ਸਿੱਖਾਂ ਦੀ ਰਿਹਾਈ ਦੇ ਮਸਲੇ 'ਤੇ ਵੀ ਤੱਥਾਂ ਨੂੰ ਪੇਸ਼ ਕੀਤਾ ਗਿਆ ਕਿ ਕਿਸ ਤਰਾਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਸਿੱਖ ਕੈਦੀਆਂ ਨੂੰ ਜਬਰੀ ਅਤੇ ਗੈਰ ਕਾਨੂੰਨੀ ਤਰੀਕੇ ਨਾਲ ਜੇਲ੍ਹਾਂ ਅੰਦਰ ਡੱਕਿਆ ਹੋਇਆ ਹੈ ਜੋ ਮਨੁੱਖੀ ਅਧਿਕਾਰਾਂ ਦੀ ਪ੍ਰਤੱਖ ਉਲੰਘਣਾ ਹੈ। ਇਸ ਦੌਰਾਨ ਭਾਰਤ ਅੰਦਰ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਨਾਮ ਹੇਠ ਘੱਟ ਗਿਣਤੀਆਂ ਦੇ ਜਬਰੀ ਧਰਮ ਪਰਿਵਰਤਨ ਦੀ ਕਾਰਵਾਈ ਉਤੇ ਵੀ ਰੋਸ਼ਨੀ ਪਾਈ ਗਈ ਅਤੇ ਦੱਸਿਆ ਗਿਆ ਕਿ ਕਿੰਝ 3.5 % ਹੋਣ ਦੇ ਬਾਵਜੂਦ ਵੀ ਬ੍ਰਾਹਮਣ ਵਲੋਂ ਸੱਤਾ ਦਾ ਦੁਰਉਪਯੋਗ ਕਰਕੇ ਘੱਟ ਗਿਣਤੀ ਕੌਮਾਂ ਈਸਾਈ, ਬੋਧੀ, ਮੁਸਲਮਾਨ, ਲਿੰਗਾਇਤ, ਸਿੱਖ ਅਤੇ SC,ST,OBC ਨੂੰ ਜਬਰਨ ਹਿੰਦੂ ਧਰਮ ਅਪਨਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਆਪਣੀ ਅਧੀਨਗੀ ਨੂੰ ਕਬੂਲ ਕਰਵਾਉਂਣ ਲਈ ਹਰ ਤਰਾਂ ਦੇ ਅਣਮਨੁੱਖੀ ਤਸ਼ੱਦਦ ਅਤੇ ਹੱਥਕੰਡਿਆਂ ਦੀ ਵਰਤੋਂ ਕਰਕੇ ਭਾਰਤ ਨੂੰ ਬ੍ਰਾਹਮਣ ਰਾਸ਼ਟਰ ਬਣਾਉਣ ਦਾ ਯਤਨ ਹੋ ਰਿਹਾ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਪੁਰਬ ਮੌਕੇ ਸੋਨੇ-ਚਾਂਦੀ ਦੇ ਯਾਦਗਾਰੀ ਸਿੱਕੇ ਜਾਰੀ ਕਰੇਗੀ

ਅੰਮ੍ਰਿਤਸਰ/ਬਿਊਰੋ ਨਿਊਜ਼ :

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਮੌਕੇ ਸੋਨੇ ਤੇ ਚਾਂਦੀ ਦੇ ਯਾਦਗਾਰੀ ਸਿੱਕੇ ਜਾਰੀ ਕੀਤੇ ਜਾਣਗੇ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਯਾਦਗਾਰੀ ਸਿੱਕੇ 23 ਨਵੰਬਰ ਨੂੰ ਸੁਲਤਾਨਪੁਰ ਲੋਧੀ ਵਿਖੇ ਮੁੱਖ ਸਮਾਗਮ ਦੌਰਾਨ ਜਾਰੀ ਕੀਤੇ ਜਾਣਗੇ। ਇਹ ਸਿੱਕੇ 24 ਨਵੰਬਰ ਤੋਂ ਸਿੱਖ ਸੰਗਤ ਲਈ ਉਪਲੱਬਧ ਹੋਣਗੇ। ਫਿਲਹਾਲ ਮੁੱਢਲੇ ਤੌਰ 'ਤੇ ਲਗਭਗ ਇੱਕ ਹਜ਼ਾਰ ਯਾਦਗਾਰੀ ਸਿੱਕੇ ਤਿਆਰ ਕਰਵਾਏ ਗਏ ਹਨ। ਇਨ੍ਹਾਂ ਵਿਚ ਸੋਨੇ ਦੇ ਸਿੱਕੇ ਦਸ ਗ੍ਰਾਮ ਅਤੇ ਪੰਜ ਗ੍ਰਾਮ ਦੇ ਹੋਣਗੇ। ਇਸ ਵਾਸਤੇ 24 ਕੈਰੇਟ ਸੋਨਾ ਵਰਤਿਆ ਗਿਆ ਹੈ ਅਤੇ ਇਨ੍ਹਾਂ ਉਪਰ ਹਾਲਮਾਰਕ ਦੀ ਮੋਹਰ ਵੀ ਹੋਵੇਗੀ। ਇਸੇ ਤਰ੍ਹਾਂ ਚਾਂਦੀ ਦੇ ਸਿੱਕੇ 50 ਗ੍ਰਾਮ ਅਤੇ 25 ਗ੍ਰਾਮ ਵਜ਼ਨ ਵਿਚ ਉਪਲੱਬਧ ਹੋਣਗੇ। ਇਨ੍ਹਾਂ ਸਿੱਕਿਆਂ ਦੇ ਇਕ ਪਾਸੇ ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਅਤੇ ਦੂਜੇ ਪਾਸੇ ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ



ਸਾਹਿਬ ਦੀ ਤਸਵੀਰ ਹੋਵੇਗੀ।

ਡਾ. ਰੂਪ ਸਿੰਘ ਨੇ ਦੱਸਿਆ ਕਿ ਪੰਜਾਬ ਦੇ ਰਾਜਪਾਲ ਵੀਪੀ. ਸਿੰਘ ਬਦਨੌਰ ਨੇ ਸ਼੍ਰੋਮਣੀ ਕਮੇਟੀ ਦਾ ਸੱਦਾ ਪ੍ਰਵਾਨ ਕਰ ਲਿਆ ਹੈ ਅਤੇ ਉਹ 23 ਨਵੰਬਰ ਨੂੰ ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ ਸਾਹਿਬ ਵਿਖੇ ਹੋਣ ਵਾਲੇ ਸਮਾਗਮ ਵਿਚ ਸ਼ਾਮਲ ਹੋਣਗੇ। ਉਹ ਸੰਗਤ ਨੂੰ ਸੰਬੋਧਨ ਵੀ ਕਰਨਗੇ।

ਇਸੇ ਤਰ੍ਹਾਂ ਪ੍ਰਕਾਸ਼ ਪੁਰਬ ਮਨਾਉਣ ਲਈ ਸਿੱਖ ਸ਼ਰਧਾਲੂਆਂ ਦਾ ਜਥਾ 21 ਨਵੰਬਰ ਨੂੰ ਪਾਕਿਸਤਾਨ ਲਈ ਰਵਾਨਾ ਹੋਵੇਗਾ। ਸ੍ਰੀ ਬੇਦੀ ਨੇ ਦੱਸਿਆ ਕਿ ਜਥੇ ਨਾਲ ਜਾਣ ਵਾਸਤੇ 1694 ਸ਼ਰਧਾਲੂਆਂ ਨੇ ਪਾਸਪੋਰਟ ਦਿੱਤੇ ਸਨ, ਜਿਨ੍ਹਾਂ ਵਿੱਚੋਂ 1630 ਸ਼ਰਧਾਲੂਆਂ ਦੇ ਪਾਸਪੋਰਟ ਵੀਜ਼ੇ ਲਈ ਭੇਜੇ ਗਏ ਹਨ। ਇਹ ਜਥਾ 21 ਨਵੰਬਰ ਨੂੰ ਰਵਾਨਾ ਹੋਵੇਗਾ ਅਤੇ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਪੁਰਬ ਮਨਾਉਣ ਮਗਰੋਂ ਤੇ ਹੋਰ ਗੁਰਧਾਮਾਂ ਦੇ ਦਰਸ਼ਨ ਕਰਕੇ ਸ਼ਰਧਾਲੂ 30 ਨਵੰਬਰ ਨੂੰ ਵਾਪਸ ਆਉਣਗੇ। ਸ਼ਰਧਾਲੂ 22 ਨਵੰਬਰ ਨੂੰ ਗੁਰਦੁਆਰਾ ਸੱਚਾ ਸੌਦਾ, 23 ਨਵੰਬਰ ਨੂੰ ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਪੁਰਬ, 24 ਨਵੰਬਰ ਨੂੰ ਪੰਜਾ ਸਾਹਿਬ ਜਾਣਗੇ। ਇਸ ਤੋਂ ਇਲਾਵਾ ਗੁਰਦੁਆਰਾ ਡੇਰਾ ਸਾਹਿਬ ਲਾਹੌਰ, ਗੁਰਦੁਆਰਾ ਰੋੜੀ ਸਾਹਿਬ, ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਵੀ ਦਰਸ਼ਨ ਕਰਨਗੇ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਭਾਰਤੀ ਰਾਜਦੂਤਾਂ ਤੇ ਕੌਂਸਲੇਟਸ ਵਲੋਂ ਅਮਰੀਕੀ ਸਿੱਖ ਆਗੂਆਂ ਨੂੰ ਅੱਤਵਾਦੀ ਕਹਿਣਾ ਮੰਦਭਾਗਾ : ਖਾਲਸਾ

## ਸੰਯੁਕਤ ਰਾਸ਼ਟਰ ਸੰਘ ਨੂੰ ਦਿੱਤਾ ਮੈਮੋਰੰਡਮ





**ਨਿਊਯਾਰਕ/ਹੁਸਨ ਲੜੋਆ ਬੰਗਾ :** ਵਰਲਡ ਸਿੱਖ ਪਾਰਲੀਮੈਂਟ ਵਲੋਂ ਕ੍ਰੇਗ ਮੋਖੀਬਿਰ ਡਾਇਰੈਕਟਰ ਮਨੁੱਖੀ ਅਧਿਕਾਰ ਹਾਈ ਕਮਿਸ਼ਨਰ ਨਿਊਯਾਰਕ ਨਾਲ ਇਕ ਅਹਿਮ ਮੀਟਿੰਗ ਰੱਖੀ ਗਈ ਜਿਸ ਵਿਚ ਸਵਰਨਜੀਤ ਸਿੰਘ ਖਾਲਸਾ ਨੇ ਕੈਨੇਕਟਿਕਟ ਦੇ ਸਿੱਖਾਂ ਵਲੋਂ ਭਾਗ ਲਿਆ। ਇਸ ਮੀਟਿੰਗ ਵਿਚ ਕ੍ਰੇਗ ਮੋਖੀਬਿਰ ਨੂੰ ਭਾਰਤੀ ਰਾਜਦੂਤਾਂ ਵਲੋਂ ਅਮਰੀਕੀ ਸਿੱਖਾਂ ਨੂੰ ਬਦਨਾਮ ਕਰਨ ਬਾਰੇ ਜਾਣੂ ਕਰਵਾਇਆ ਗਿਆ। ਉਹਨਾਂ ਦੱਸਿਆ ਕਿ ਬੀਤੇ ਦਿਨੀ ਕੈਨੇਟਿਕਟ ਵਿਚ ਸਟੇਟ ਕੈਪੀਟਲ ਬਿਲਡਿੰਗ 'ਚ ਸਿੱਖ ਨਸਲਕੁਸ਼ੀ ਦਿਹਾੜੇ ਨੂੰ ਮਨਾਇਆ ਗਿਆ ਜਿਸ ਵਿਚ ਕਨੈਕਟਿਕਟ ਦੀ ਸੈਨੇਟਰ ਕੈਥੀ ਔਸਤਨ ਨੇ ਦੱਸਿਆ ਕੀ ਜਿਹੜਾ ਸਿੱਖ ਨਸਲਕੁਸ਼ੀ ਨੂੰ ਲੈ ਕੇ ਕਾਨੂੰਨ ਬਣਿਆ ਹੈ, ਉਸ ਦਾ ਭਾਰਤੀ ਕੌਂਸਲੇਟ ਨਿਊਯਾਰਕ ਵਲੋਂ ਇਕ ਚਿੱਠੀ ਭੇਜ ਕਿ ਵਿਰੋਧ ਕੀਤਾ ਗਿਆ। ਉਸ ਚਿੱਠੀ ਵਿਚ ਭਾਰਤ ਵਲੋਂ ਕਿਹਾ ਗਿਆ ਕਿ ਸਿੱਖਾਂ ਦੀ ਕੋਈ ਨਸਲਕੁਸ਼ੀ ਨਹੀਂ ਹੋਈ ਅਤੇ ਜੋ ਅਮਰੀਕਾ ਦੇ ਅਨਸਰਾਂ ਨੇ ਤੁਹਾਨੂੰ ਇਹ ਮਤਾ ਪਾਉਣ ਨੂੰ ਕਿਹਾ ਉਹ "ਅਤਵਾਦੀ" ਨੇ ਅਤੇ ਭਾਰਤ ਦੇ ਵੱਖ-ਵੱਖ ਹਿੱਸੇ ਕਰਵਾਉਣਾ ਚਾਹੁੰਦੇ ਨੇ ਜੋ ਭਾਰਤ ਨਹੀਂ ਹੋਣ ਦੇ ਸਕਦਾ। ਭਾਰਤੀ ਕੌਂਸਲੇਟ ਨੇ ਇਹ ਵੀ ਕਿਹਾ ਕਿ ਅਸੀਂ ਕੈਨੇਕਟਿਕਟ ਦੇ ਗਵਰਨਰ ਨੂੰ ਵੀ ਮਿਲੇ ਹਾਂ ਤੇ ਇਹ ਪੂਰੀ ਕਾਰਵਾਈ ਬਾਰੇ ਜਾਣੂ ਕਰਵਾ ਚੁੱਕੇ ਹਾਂ। ਇਸ ਮੌਕੇ ਸ. ਖਾਲਸਾ ਨੇ ਸਿੱਖਾਂ ਦੀਆਂ ਹੋਰ ਮੁਸ਼ਕਲਾਂ ਬਾਰੇ ਵੀ ਸੰਯੁਕਤ ਰਾਸ਼ਟਰ ਨੂੰ ਜਾਣੂ ਕਰਵਾਇਆ ਜਿਵੇਂ ਕਿ ਪੰਜਾਬ ਦੇ ਪਾਣੀਆਂ ਦੀ ਭਾਰਤ ਵੱਲੋਂ ਲੁੱਟ ਖਸੁੱਟ, ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਸਜ਼ਾ ਪੂਰੀ ਹੋਣ ਉਤੇ ਵੀ ਜੇਲ੍ਹ 'ਚ ਰੱਖਣਾ, ਸਿੱਖਾਂ ਨੂੰ ਖੁਦ ਮੁਖਤਿਆਰੀ ਦਾ ਅਧਿਕਾਰ ਨਾ ਦੇਣਾ, ਭਾਰਤ ਵਲੋਂ ਸਿੱਖਾਂ ਨੂੰ ਇਕ ਵੱਖਰੀ ਕੌਮ ਨਾ ਮੰਨਣਾ ਆਦਿ। ਉਨਾਂ ਇਹ ਵੀ ਦੱਸਿਆ ਕਿ ਪੰਜਾਬ ਇਕ ਵੱਖਰਾ ਮੁਲਕ ਸੀ ਜਿਸ ਨੂੰ ਸੋਨੇ ਦੀ ਚਿੜੀ ਵੀ ਕਿਹਾ ਜਾਂਦਾ ਸੀ ਪਰ ਭਾਰਤ ਦੀਆਂ ਨੀਤੀਆਂ ਨੇ ਅੱਜ ਪੰਜਾਬ ਨੂੰ ਕਰਜ਼ੇ ਵਿਚ ਡੁਬੋ ਦਿੱਤਾ। ਉਹਨਾਂ ਮੰਗ ਕੀਤੀ ਕਿ ਹੁਣ ਉਹ ਸਮਾਂ ਆ ਗਿਆ ਹੈ ਕਿ ਸੰਯੁਕਤ ਰਾਸ਼ਟਰ ਆਪਣੀ ਸ਼ਕਤੀ ਦਾ ਇਸਤੇਮਾਲ ਕਰੇ ਤੇ ਸਿੱਖਾਂ ਦੇ ਮਨੁੱਖੀ ਹੱਕਾਂ ਦੀ ਰਾਖੀ 'ਚ ਉਹਨਾਂ ਦਾ ਸਾਥ ਦੇਵੇ। ਵਰਲਡ ਸਿੱਖ ਪਾਰਲੀਮੈਂਟ ਦੀ ਰਹਿਨੁਮਾਈ ਵਿਚ ਹੋਈ ਇਸ ਮੁਲਾਕਾਤ ਵਿਚ ਹਿੰਮਤ ਸਿੰਘ, ਬਲਜਿੰਦਰ ਸਿੰਘ, ਗੁਰਨਿੰਦਰ ਸਿੰਘ ਧਾਲੀਵਾਲ, ਰਣਜੀਤ ਸਿੰਘ ਆਦਿ ਸਮੇਤ ਅਮਰੀਕਾ ਤੋਂ ਵਰਲਡ ਸਿੱਖ ਪਾਰਲੀਮੈਂਟ ਦੇ ਮੈਂਬਰ ਸ਼ਾਮਿਲ ਹੋਏ। ਇਸ ਤੋਂ ਇਲਾਵਾ ਰਾਜੇਸ਼ ਸਿੰਘ ,ਕਰਮਵੀਰ ਸਿੰਘ, ਸਤਲੀਨ ਕੌਰ ਯੂਨਾਈਟਿਡ ਸਿੱਖਸ ਅਤੇ ਵੱਖ-ਵੱਖ ਜਥੇਬੰਦੀਆਂ ਦੇ ਲੀਡਰਾਂ ਨੂੰ ਵੀ ਮੀਟਿੰਗ ਦਾ ਹਿੱਸਾ ਬਣਨ ਦਾ ਮੌਕਾ ਦਿੱਤਾ ਗਿਆ।

## ਸਿੱਖ ਕੈਬ ਡਰਾਈਵਰ ਗਗਨਦੀਪ ਸਿੰਘ ਨੂੰ ਮਾਰਨ ਦੇ ਦੋਸ਼ੀ ਨੇ ਗੁਨਾਹ ਕਬੂਲਿਆ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ :** ਵਾਸ਼ਿੰਗਟਨ ਦੇ ਇਕ ਵਿਅਕਤੀ ਨੂੰ ਉਤਰੀ ਇਡਾਹੋ ਵਿਚ ਵਾਸ਼ਿੰਗਟਨ ਕੈਬ ਡਰਾਇਵਰ ਦੇ ਕਤਲ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਹੈ। ਬੋਨਰ ਕਾਊਂਟੀ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸਤਗਾਸਾ ਧਿਰ ਨੇ 21 ਸਾਲ ਦੇ ਜੈਕਬ ਕੋਰਬਨ ਕੋਲਮੈਨ ਦੀ ਮੌਤ ਦੀ ਸਜ਼ਾ ਨੂੰ ਘਟਾ ਦਿੱਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਕੋਲਮੈਨ ਨੇ ਅਗਸਤ-2017 ਵਿਚ ਇਕ ਕੈਬ ਕਿਰਾਏ ਉਤੇ ਲਈ ਸੀ। ਕੈਬ ਡਰਾਈਵਰ ਸਪੋਕੇਨ ਦੇ ਵਸਨੀਕ 22 ਸਾਲਾ ਗਗਨਦੀਪ ਸਿੰਘ ਨੇ ਸਪੋਕੇਨ ਇੰਟਰਨੈਸ਼ਨਲ ਏਅਰਪੋਰਟ 'ਤੋਂ ਉਸ ਨੂੰ ਚੁੱਕਿਆ ਸੀ।ਸਫਰ ਦੌਰਾਨ ਹੀ ਰਾਹ ਵਿਚ ਕੋਲਮੈਨ ਵੱਲੋਂ ਗਗਨਦੀਪ ਸਿੰਘ ਦੀ ਹੱਤਿਆ ਕਰ ਦਿੱਤੀ ਗਈ ਸੀ। ਅਧਿਕਾਰੀਆਂ ਨੇ ਕਿਹਾ ਕਿ ਕੋਲਮੈਨ ਨੇ ਪੁਲਸ ਨੂੰ ਦੱਸਿਆ ਕਿ ਉਹ ਆਤਮਘਾਤੀ ਹੋ



**ਬਾਕੀ ਸਫ਼ਾ 28 'ਤੇ**

## ਮੈਸਾਚੂਸਸ ਦੇ ਸ਼ਹਿਰ ਹੌਲੀਓਕ ਵਿਚ 84-ਸਿੱਖ ਨਸਲਕੁਸ਼ੀ ਦਾ ਮਤਾ ਪਾਸ



**ਹੌਲੀਓਕ (ਮੈਸਾਚੂਸਸ)/ਹੁਸਨ ਲੜੋਆ ਬੰਗਾ :** ਅਮਰੀਕਾ ਦੇ ਸਟੇਟ ਮੈਸਾਚੂਸਸ ਦੀ ਹੌਲੀਓਕ ਸ਼ਹਿਰ ਦੀ ਮੇਅਰ ਕੌਂਸਲ ਨੇ ਵੀ ਦਿੱਲੀ ਵਿਚ 1984 ਦੌਰਾਨ ਹੋਏ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਹੋਣ ਦਾ ਮਤਾ ਪਾ ਦਿੱਤਾ ਹੈ। ਇਸ ਮਤੇ ਨੂੰ ਵਿਸ਼ੇਸ਼ ਕਰਕੇ ਮੇਅਰ ਅਲੈਕਸ ਬੀ ਮੋਰਸ ਵੱਲੋਂ ਪੜ੍ਹਿਆ ਗਿਆ ਹੈ ਸਾਰੇ ਹਾਊਸ ਨੇ ਇਸ ਨੂੰ ਪ੍ਰਵਾਨ ਕੀਤਾ। ਇਸ ਤੋਂ ਪਹਿਲਾਂ ਕਨੈਕਟੀਕਟ ਤੇ ਪੈਨਸਲਵੇਨੀਆ ਸਟੇਟ ਨੇ ਵੀ ਇਹ ਮਤਾ ਪਾਇਆ ਸੀ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਹੁਣ ਅਮਰੀਕਾ ਵਿਚ ਵੱਖ ਵੱਖ ਸਟੇਟਾਂ ਅਤੇ ਸ਼ਹਿਰਾਂ ਵਿਚ ਇਹ ਮਤੇ ਸਰਕਾਰੀ ਤੌਰ 'ਤੇ ਪੈਣ ਲੱਗੇ ਹਨ ਜਿਸ ਤੋਂ ਸਪਸ਼ਟ ਹੋ ਗਿਆ ਹੈ ਕਿ ਇਹ ਮਾਮਲਾ ਹੁਣ ਯੂਐਨਓ ਤੱਕ ਵੀ ਪੁੱਜੇਗਾ। ਇਸ ਸਬੰਧੀ ਗੁਰਨਿੰਦਰ ਸਿੰਘ ਧਾਲੀਵਾਲ, ਹਿੰਮਤ ਸਿੰਘ ਕੋਆਰਡੀਨੇਟਰ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ, ਬਲਜਿੰਦਰ ਸਿੰਘ ਅਤੇ ਮੋਹਨ ਸਿੰਘ ਭਰਾੜਾ ਨੇ ਦੱਸਿਆ ਕਿ ਭਾਰਤ ਵਿਚ ਸੰਨ 1984 ਵਿਚ ਹੋਏ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਕਰਾਰ ਦੇਣ ਦੇ ਮਤੇ ਪੈਣ ਦੀ ਅਮਰੀਕਾ ਵਿਚ ਲਹਿਰ ਚੱਲ ਗਈ ਹੈ। ਹੌਲੀਓਕ ਸ਼ਹਿਰ ਐਮਏ ਵਿਚ ਮਤਾ ਮੇਅਰ ਅਲੈਕਸ ਬੀ ਮੋਰਸ ਨੇ ਪੜ੍ਹਿਆ ਜਦ ਕਿ ਇਨ੍ਹਾਂ ਦਾ ਸਾਥ ਵਿਚ ਸਿਟੀ ਕੌਂਸਲ ਪੇਟਰ ਆਰ ਟੇਲਮਾਨ ਤੇ ਡੈਵਿਟ ਬਰਟੱਲੀ, ਸਟੇਟ ਪ੍ਰਤੀਨਿਧ ਅਰੌਨ ਵੇਗਾ ਸਨ। ਮਤਾ ਹਾਊਸ ਦੇ ਸਪੀਕਰ ਰੌਬਰਟ ਏ ਡੇਲਿਓ ਦੀ ਹਾਜ਼ਰੀ ਵਿਚ ਪੜ੍ਹਿਆ ਗਿਆ। ਇਸ ਸਬੰਧੀ ਵਰਲਡ ਸਿੱਖ ਪਾਰਲੀਮੈਂਟ ਦੇ ਆਗੂਆਂ ਨੇ ਵਿਸ਼ੇਸ਼ ਰੋਲ ਨਿਭਾਇਆ ਹੈ। ਇਹ ਮਤਾ ਪਾਉਣ ਲਈ ਪੂਰਾ ਸਿੱਖ ਜਗਤ ਇਸ ਮੇਅਰ ਕੌਂਸਲ ਦਾ ਰਿਣੀ ਹੈ। ਸਿੱਖ ਆਗੂਆਂ ਨੇ ਕਿਹਾ ਕਿ ਇਹ ਸਾਡੇ ਲਈ ਵੱਡੀ ਪ੍ਰਾਪਤੀ ਹੈ ਕਿ ਸੰਨ 1984 ਵਿਚ ਕੀਤੇ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਕਰਾਰ ਦਿੱਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਇਹ ਮਤਾ ਨਾ ਪਵੇ, ਇਸ ਲਈ ਭਾਰਤੀ ਸਫਾਰਤਖਾਨੇ ਦੇ ਸਫੀਰ ਵੱਲੋਂ ਮੇਅਰ ਕੌਂਸਲ ਨੂੰ ਈਮੇਲ ਕਰਕੇ ਕਿਹਾ ਗਿਆ ਸੀ ਕਿ ਇਹ ਮਤਾ ਨਾ ਪਾਇਆ ਜਾਵੇ ਕਿਉਂਕਿ ਸਿੱਖ ਅੱਤਵਾਦੀ ਹਨ। ਇਸ ਦੇ ਵਿਰੋਧ ਵਿਚ ਉਸ ਉਤੇ ਕੇਸ ਕੀਤਾ ਗਿਆ ਹੈ, ਜਿਸ ਨੂੰ ਅਮਰੀਕਾ ਦੀ ਅਦਾਲਤ ਵਿਚ ਪੇਸ਼ੀਆਂ ਭੁਗਤਣੀਆਂ ਪੈਣਗੀਆਂ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਹੋਣਹਾਰ ਪੰਜਾਬੀ ਨੌਜਵਾਨ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਸਿਆਟਲ/ਗੁਰਚਰਨ ਸਿੰਘ ਢਿੱਲੋਂ**

ਪੰਜਾਬੀ ਨੌਜਵਾਨ ਸੁਨੀਲ ਚੌਧਰੀ (38 ਸਾਲ) ਦੀ ਨਾਮੁਰਾਦ ਬੀਮਾਰੀ ਕੈਂਸਰ ਨਾਲ ਲੰਬੀ ਜੱਦੋਜਹਿਦ ਤੋਂ ਬਾਅਦ ਮੌਤ ਹੋ ਗਈ, ਜਿਸ ਉਤੇ ਪੰਜਾਬੀ ਭਾਈਚਾਰੇ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਬਲਾਚੌਰ ਨੇੜੇ ਪਿੰਡ ਮੰਡੇਰਾਂ (ਕਾਠਗੜ੍ਹ) ਦਾ ਜੰਮਪਲ ਸੁਨੀਲ ਚੌਧਰੀ ਭਰ ਜਵਾਨੀ ਵਿਚ ਹੀ ਅਮਰੀਕਾ ਆ ਗਿਆ ਸੀ। ਉਹ ਪੋਰਟਲੈਂਟ ਵਿਚ ਦੋ ਸਟੋਰ ਅਤੇ ਸੁੰਦਰ ਘਰ ਬਣਾ ਕੇ ਜ਼ਿੰਦਗੀ ਗੁਜ਼ਾਰ ਰਿਹਾ ਸੀ ਕਿ ਅਚਨਚੇਤ ਕੈਂਸਰ ਵਰਗੀ ਜਾਨਲੇਵਾ ਬੀਮਾਰੀ ਲੱਗ ਗਈ। ਅਖੀਰ ਸਿਆਟਲ ਦੇ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ। ਸੁਨੀਲ ਚੌਧਰੀ ਆਪਣੇ ਪਿੱਛੇ ਦੋ ਲੜਕੇ ਆਰੀਅਨ ਚੌਧਰੀ (14 ਸਾਲ) ਅਤੇ ਵਰਨ ਚੌਧਰੀ (11 ਸਾਲ) ਛੱਡ ਗਏ ਹਨ। ਕੈਂਟ ਦੇ ਸ਼ਮਸ਼ਾਨ ਘਾਟ 'ਚ ਅੰਤਿਮ ਦਰਸ਼ਨਾਂ ਲਈ ਪਹੁੰਚੇ ਮਨਮੋਹਨ ਵਾਰਿਸ ਦੇ ਛੋਟੇ ਭਰਾ 'ਸੰਗਤਾਰ', ਹਰਜਿੰਦਰ ਮੰਡ, ਅਮਨ ਮਾਣਕੂ, ਰਮਨ ਚੌਧਰੀ, ਪੋਰਟਲੈਂਡ ਤੋਂ ਜੱਗੀ ਅਤੇ ਲਾਲੀ, ਸੈਲਮਾ ਤੋਂ ਲਾਲ ਸਿੱਧੂ, ਕੈਲੀਫੋਰਨੀਆ ਤੋਂ ਜੋਗਾ ਢੀਂਡਸਾ, ਸੱਤੀ ਕੰਗ, ਜੋਧਾ ਚਾਹਲ ਸਮੇਤ ਮਨਮੋਹਣ ਧਾਲੀਵਾਲ, ਸੇਮ ਵਿਰਕ, ਜਸਬੀਰ ਚੌਧਰੀ, ਰਾਜ ਭਾਟੀਆ,ਪਿੰਟੂ ਬਾਠ ਸਮੇਤ ਪੰਜਾਬੀ ਭਾਈਚਾਰੇ ਦੀਆਂ ਅਹਿਮ ਸ਼ਖਸੀਅਤਾਂ ਨੇ ਪਹੁੰਚ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ।



# ਫਖਰ ਏ ਕੌਮ ਤੇ ਅਕਾਲੀ ਦਲ ਦਾ ਪ੍ਰਧਾਨ ਬੇਅਦਬੀ ਤੇ ਨਿਰਦੋਸ਼ਾਂ ਦੇ ਕਤਲ ਮਾਮਲੇ 'ਚ ਹੋਏ ਪੇਸ਼

- **ਦੋਵੇਂ ਬਾਦਲ ਆਂਹਦੇ-ਗੋਲੀ ਚਲਾਉਣ ਦਾ ਹੁਕਮ ਨਾ ਅਸੀਂ ਦਿੱਤਾ, ਨਾ ਡੀਜੀਪੀ ਸੈਣੀ ਨੇ**
- **ਕਹਿੰਦੇ-ਐਸਆਈਟੀ ਦੀ ਪੁੱਛਗਿੱਛ ਮਹਿਜ ਖਾਨਾਪੂਰਤੀ, ਰਿਪੋਰਟ ਤਾਂ ਕੈਪਟਨ ਨੇ ਲਿਖਣੀ ਹੈ**



**ਚੰਡੀਗੜ੍ਹ/ਬਿਊਰੋ ਨਿਊਜ਼** :ਅਕਾਲੀ ਸਿਆਸਤ ਵਿੱਚ ਇਹ ਸਿਖਰ ਦਾ ਨਿਘਾਰ ਮੰਨਿਆ ਜਾ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਪਾਰਟੀ ਦਾ ਸਰਪ੍ਰਸਤ ਜਿਸ ਨੂੰ ਪੰਥ ਰਤਨ, ਫਖਰ-ਏ -ਕੌਮ ਵਰਗੇ ਵੱਡਮੁੱਲੇ ਸਨਮਾਨ ਮਿਲ ਚੁੱਕੇ ਹੋਣ ਅਤੇ ਜਿਹੜਾ ਪੰਥ ਦੇ ਨਾਮ ਉੱਤੇ ਵੋਟਾਂ ਲੈ ਕੇ ਪੰਜ ਵਾਰ ਸੂਬੇ ਦਾ ਮੁੱਖ ਮੰਤਰੀ ਬਣ ਚੁੱਕਿਆ ਹੋਵੇ, ਉਸ ਨੂੰ ਅਤੇ ਉਸ ਦੇ ਪਾਰਟੀ ਪ੍ਰਧਾਨ ਪੁੱਤ ਨੂੰ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਮਾਮਲੇ ਅਤੇ ਦੋ ਬੇਕਸੂਰ ਸਿੱਖਾਂ ਦੇ ਕਤਲ ਦੇ ਮਾਮਲੇ ਵਿੱਚ ਕਿਸੇ ਹਕੂਮਤ ਦੀ ਬਣਾਈ ਜਾਂਚ ਟੀਮ ਵੱਲੋਂ ਤਲਬ ਕੀਤਾ ਗਿਆ ਹੋਵੇ। ਵੈਸੇ ਇਹ ਵੱਖਰਾ ਮੁੱਦਾ ਹੈ ਕਿ ਇਹ ਜਾਂਚ ਟੀਮ ਮਹਿਜ ਖਾਨਾਪੂਰਤੀ ਹੀ ਕਰ ਰਹੀ ਹੈ ਅਤੇ ਸਿੱਖ ਭਾਈਚਾਰੇ ਨੂੰ ਇਸ ਤੋਂ ਇਨਸਾਫ ਦੀ ਆਸ ਨਹੀਂ ਹੈ ਪਰ ਫੇਰ ਵੀ ਇਕ ਪੰਥਕ ਕਹਾਉਂਦੇ ਨੇਤਾ ਦੀ ਇਸ ਤਰ੍ਹਾਂ ਪੇਸ਼ੀ ਅਕਾਲੀ ਸਿਆਸਤ ਲਈ ਕਾਲਾ ਦਿਨ ਸਿੱਧ ਹੋ ਰਹੀ ਹੈ। ਐਸਆਈਟੀ ਮੁਖੀ ਕੋਲ ਜੁਆਬ ਦੇਣ ਲਈ ਅੜੇ ਵੱਡੇ ਬਾਦਲ ਸਾਹਿਬ : ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਜਦੋਂ ਐਸਆਈਟੀ ਦੀ ਟੀਮ ਚੰਡੀਗੜ੍ਹ ਵਿਚਲੀ ਰਿਹਾਇਸ਼ ਉੱਤੇ ਪੁੱਛਗਿੱਛ ਕਰਨ ਪੁੱਜੀ ਤਾਂ ਉਹਨਾਂ ਨੇ ਟੀਮ ਮੁਖੀ ਵਧੀਕ ਡੀਜੀਪੀ ਪ੍ਰਬੋਧ ਕੁਮਾਰ ਕੋਲ ਹੀ ਜੁਆਬ ਦੇਣ ਲਈ ਅੜੀ ਕੀਤੀ। ਟੀਮ ਮੈਂਬਰ ਵਿਜੈ ਕੁੰਵਰ ਪ੍ਰਤਾਪ ਸਿੰਘ ਨੇ ਮੁਖੀ ਨਾਲ ਫੋਨ 'ਤੇ ਗੱਲ ਵੀ ਕਰਾਈ ਪਰ ਬਾਦਲ ਸਾਹਿਬ ਮੁਖੀ ਨੂੰ ਆਂਹਦੇ, "ਜੇ ਤੂੰ ਨਹੀਂ ਆ ਸਕਦਾ ਤਾਂ ਮੈਂ ਆ ਜਾਨਾਂ..।" ਕੁਝ ਚਿਰ ਮਗਰੋਂ ਟੀਮ ਮੁਖੀ ਵਧੀਕ ਡੀਜੀਪੀ ਪ੍ਰਬੋਧ ਕੁਮਾਰ ਆ ਪੁੱਜੇ ਤੇ ਸਵਾਲਾਂ ਦਾ ਸਿਲਸਿਲਾ ਸ਼ੁਰੂ ਹੋਇਆ।

**ਪੌਣਾ ਘੰਟਾ ਹੋਈ ਫਖਰ-ਏ-ਕੌਮ ਤੋਂ ਪੁੱਛਗਿੱਛ** : ਟੀਮ ਨੇ ਅਕਾਲੀ-ਭਾਜਪਾ ਸਰਕਾਰ ਸਮੇਂ 2015 ਦੌਰਾਨ ਫ਼ਰੀਦਕੋਟ ਜ਼ਿਲ੍ਹੇ ਵਿੱਚ ਗੁਰੂ ਗ੍ਰੰਥ ਸਹਿਬ ਦੀ ਬੇਅਦਬੀ ਅਤੇ ਪੁਲੀਸ ਗੋਲੀ ਕਾਂਡ ਨਾਲ ਸਬੰਧਤ ਮਾਮਲਿਆਂ ਵਿੱਚ ਤਕਰੀਬਨ ਪੌਣਾ ਘੰਟਾ ਪੁੱਛ-ਗਿੱਛ ਕੀਤੀ। ਬਾਦਲ ਨੇ ਕਿਹਾ ਕਿ 14 ਅਕਤੂਬਰ, 2015 ਨੂੰ ਕੋਟਕਪੂਰਾ ਤੇ ਬਹਿਬਲ ਕਲਾਂ ਵਿੱਚ ਪੁਲਿਸ ਨੂੰ ਗੋਲ਼ੀ ਚਲਾਉਣ ਲਈ ਨਾ ਉਨ੍ਹਾਂ ਤੇ ਨਾ ਹੀ ਤਤਕਾਲੀ ਪੁਲਿਸ ਮੁਖੀ ਸੁਮੇਧ ਸੈਣੀ ਨੇ ਹੁਕਮ

ਬਾਕੀ ਸਫ਼ਾ 28 'ਤੇ

### ਬਾਦਲ ਜਾਂਚ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨਾ ਚਾਹੁੰਦੈ : ਕੈਪਟਨ

ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਉਸ ਬਿਆਨ ਦੀ ਆਲੋਚਨਾ ਕੀਤੀ, ਜਿਸ ਵਿਚ ਬਾਦਲ ਨੇ ਕਿਹਾ ਸੀ ਕਿ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ਵਿੱਚ ਉਨ੍ਹਾਂ ਵਿਰੁੱਧ ਚੱਲ ਰਹੀ ਵਿਸ਼ੇਸ਼ ਜਾਂਚ ਟੀਮ ਦੀ ਪੜਤਾਲ ਸਿਆਸਤ ਤੋਂ ਪ੍ਰੇਰਿਤ ਹੈ। ਕੈਪਟਨ ਨੇ ਆਖਿਆ ਕਿ ਅਜਿਹੀ ਬਿਆਨਬਾਜ਼ੀ ਕਰਕੇ ਬਾਦਲ ਜਾਂਚ ਤੋਂ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਮੁੱਖ ਮੰਤਰੀ ਨੇ ਆਖਿਆ, "ਐੱਸਆਈਟੀ ਆਜ਼ਾਦ ਏਜੰਸੀ ਹੈ ਅਤੇ ਸਰਕਾਰ ਦੀ ਇਸ ਦੇ ਕੰਮਕਾਜ ਵਿੱਚ ਕੋਈ ਦਖਲਅੰਦਾਜ਼ੀ ਨਹੀਂ ਹੈ। ਉਨ੍ਹਾ ਕਿਹਾ ਕਿ ਜਾਂਚ, ਅਧਿਕਾਰੀਆਂ 'ਤੇ ਨਿਰਭਰ ਹੈ ਤੇ ਉਹ ਜਿਵੇਂ ਚਾਹੁਣ ਆਪਣੀ ਜਾਂਚ ਕਰਨ।" ਐੱਸਆਈਟੀ ਕਾਬਲ ਅਧਿਕਾਰੀਆਂ 'ਤੇ ਆਧਾਰਿਤ ਹੈ ਤੇ ਉਹ ਜਿਸ ਨੂੰ ਵੀ ਚਾਹੁਣ ਸੰਮਨ ਜਾਰੀ ਕਰਨ ਅਤੇ ਪੁੱਛਗਿੱਛ ਕਰਨ।

### ਕੈਪਟਨ ਅਮਰਿੰਦਰ ਦਾ ਕੰਮ ਮੈਨੂੰ ਜੇਲ੍ਹ ਭੇਜਣਾ : ਬਾਦਲ

ਪਰਕਾਸ਼ ਸਿੰਘ ਬਾਦਲ ਨੇ 'ਸਿੱਟ' ਦੀ ਕਾਰਵਾਈ ਨੂੰ ਰਾਜਨੀਤੀ ਤੋਂ ਪ੍ਰੇਰਿਤ ਕਰਾਰ ਦਿੰਦਿਆਂ ਕਿਹਾ,"ਮੈਨੂੰ ਪੁਲੀਸ ਅਧਿਕਾਰੀਆਂ 'ਤੇ ਕੋਈ ਯਕੀਨ ਨਹੀਂ ਹੈ ਕਿਉਂਕਿ ਉਨ੍ਹਾਂ ਨੇ ਤਾਂ ਮਹਿਜ਼ ਖਾਨਾਪੂਰਤੀ ਕਰਨੀ ਹੈ ਤੇ ਹੋਣਾ ਤਾਂ ਉਹੀ ਹੈ ਜੋ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਚਾਹੁਣਗੇ। ਰਿਪੋਰਟ ਤਾਂ ਕੈਪਟਨ ਨੇ ਹੀ ਲਿਖਣੀ ਹੈ।

ਪੱਤਰਕਾਰਾਂ ਨਾਲ ਗੱਲ ਕਰਦਿਆਂ ਵੱਡੇ ਬਾਦਲ ਨੇ ਕਿਹਾ ਕਿ ਦੇਸ ਅੰਦਰ ਵੱਡੀਆਂ ਵੱਡੀਆਂ ਘਟਨਾਵਾਂ ਵਾਪਰਦੀਆਂ ਹਨ ਤੇ ਕਦੇ ਮੁੱਖ ਮੰਤਰੀਆਂ, ਪ੍ਰਧਾਨ ਮੰਤਰੀ ਜਾਂ ਮੰਤਰੀਆਂ ਨੂੰ ਸੱਦਿਆਂ ਨਹੀਂ ਜਾਂਦਾ। ਇੱਥੋਂ ਤੱਕ ਕਿ ਸਾਕਾ ਨੀਲਾ ਤਾਰਾ ਜਾਂ ਸੰਨ 1984 ਕਤਲੇਆਮ ਬਾਰੇ ਉਸ ਸਮੇਂ ਦੇ ਪ੍ਰਧਾਨ ਮੰਤਰੀਆਂ ਨੂੰ ਸ਼ਾਮਲ ਨਹੀਂ ਸੀ ਕੀਤਾ ਗਿਆ।

ਬਾਦਲ ਨੇ ਕਿਹਾ ਕਿ ਮੈਂ ਤਾਂ ਸ਼ੁਰੂ ਤੋਂ ਹੀ ਨਹਿਰੂ-ਗਾਂਧੀ ਪਰਿਵਾਰ ਅਤੇ ਕਾਂਗਰਸ ਦੀਆਂ ਸਿੱਖ ਵਿਰੋਧੀ ਚਾਲਾਂ ਤੋਂ ਜਾਣੂੰ ਹਾਂ ਜੋ ਹਰ ਵੇਲੇ ਪੰਜਾਬ ਦੇ ਅਮਨ ਸ਼ਾਂਤੀ ਨੂੰ ਲਾਬੂੰ ਲਾਣ ਦੀ ਤਾਕ ਰਹਿੰਦੇ ਹਨ। ਬਾਦਲ ਨੇ ਦੁਹਰਾਇਆ ਕਿ ਉਹ ਬੇਅਦਬੀ ਮਾਮਲੇ ਦੀ ਜਾਂਚ ਵਿੱਚ ਹਰ ਸਹਿਯੋਗ ਦੇਣ ਲਈ ਤਿਆਰ ਹਨ ਪਰੰਤੂ ਮਹਿਸੂਸ ਕਰਦੇ ਹਨ ਕਿ ਗਵਾਹ ਦੀ ਬਜਾਏ ਉਨ੍ਹਾਂ ਨੂੰ ਮੁਲਜਮ ਬਨਾਉਣ ਦੀ ਸਾਜਿਸ਼ ਰਚੀ ਜਾ ਰਹੀ ਹੈ। ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਹਿਲਾਂ ਵੀ ਮੁੱਖ ਮੰਤਰੀ ਹੁੰਦਿਆਂ ਮੇਰੀ ਪਤਨੀ ਸਮੇਤ ਸਾਡੇ ਪਰਿਵਾਰ ਉੱਤੇ ਪਰਚਾ ਦਰਜ ਕੀਤਾ ਸੀ ਪਰ ਸੱਚਾਈ ਸਭ ਦੇ ਸਾਹਮਣੇ ਹੈ।

ਉਨ੍ਹਾਂ ਕਿਹਾ ਕਿ ਉਹ ਨਾ ਜੇਲ੍ਹ ਤੋਂ ਡਰਦੇ ਹਨ ਤੇ ਨਾ ਹੀ ਉਨ੍ਹਾਂ ਨੂੰ ਮੌਤ ਦਾ ਕੋਈ ਭੈਅ ਹੈ ? ਬਾਦਲ ਨੇ ਆਖਿਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਬਹੁਤ ਚਿਰ ਪਹਿਲਾਂ ਦਿੱਲੀ ਵਿਚ ਹੀ ਆਖ ਦਿੱਤਾ ਸੀ ਕਿ ਜਦੋਂ ਸਰਕਾਰ ਬਣੀ ਤਾਂ ਬਾਦਲਾਂ ਨੂੰ ਜੇਲ੍ਹੀਂ ਡੱਕਿਆ ਜਾਵੇਗਾ ?



# ਸਿੱਖ ਨਸਲਕੁਸ਼ੀ : 34 ਸਾਲਾਂ ਬਾਅਦ ਇਕ ਦੋਸ਼ੀ ਨੂੰ ਫਾਂਸੀ, ਇਕ ਨੂੰ ਉਮਰਕੈਦ

**ਨਵੀਂ ਦਿੱਲੀ/ਬਿਊਰੋ ਨਿਊਜ਼ :**
34 ਸਾਲਾਂ ਬਾਅਦ '84-ਸਿੱਖ ਨਸਲਕੁਸ਼ੀ ਦੌਰਾਨ ਮਹੀਪਾਲਪੁਰ ਖੇਤਰ ਵਿਚ ਭੜਕੀ ਭੀੜ ਵੱਲੋਂ ਕਤਲ ਕੀਤੇ ਗਏ ਹਰਦੇਵ ਸਿੰਘ ਤੇ ਅਵਤਾਰ ਸਿੰਘ ਦੇ ਕਾਤਲਾਂ ਨੂੰ ਭਾਰਤੀ ਨਿਆਂਪਾਲਕਾ ਵਲੋਂ ਸਜ਼ਾ ਹੋਈ ਹੈ। ਇੱਕ ਦੋਸ਼ੀ ਯਸ਼ਪਾਲ ਸਿੰਘ ਨੂੰ ਫਾਂਸੀ ਤੇ ਦੂਜੇ ਦੋਸ਼ੀ ਨਰੇਸ਼ ਸਹਿਰਾਵਤ ਨੂੰ ਉਮਰਕੈਦ ਦੀ ਸਜ਼ਾ ਦਾ ਐਲਾਨ ਕੀਤਾ ਗਿਆ ਹੈ। ਪੀੜਤਾਂ ਨੂੰ 35-35 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਵੀ ਅਦਾਲਤ ਨੇ ਕੀਤਾ, ਪਰ ਪੀੜਤਾਂ ਨੇ ਕਿਹਾ ਕਿ ਸਾਨੂੰ ਮੁਆਵਜ਼ਾ ਨਹੀਂ ਚਾਹੀਦਾ, ਸਗੋਂ ਨਰੇਸ਼ ਸਹਿਰਾਵਤ ਨੂੰ ਵੀ ਅਦਾਲਤ ਫਾਂਸੀ ਦੀ ਸਜ਼ਾ ਦੇਵੇ। ਫੈਸਲੇ ਤੋਂ ਪਹਿਲਾਂ ਹੰਗਾਮੇ ਦੇ ਮੱਦੇਨਜ਼ਰ ਦੋਵਾਂ ਦੋਸ਼ੀਆਂ ਅਤੇ ਜੱਜ ਸਾਹਿਬ ਨੂੰ ਤਿਹਾੜ ਜੇਲ ਲਿਜਾਇਆ ਗਿਆ ਸੀ। ਉਥੇ ਅਦਾਲਤ ਲਗਾ ਕੇ ਦੋਵਾਂ ਨੂੰ ਸਜ਼ਾ ਸੁਣਾਈ ਗਈ। ਫੈਸਲਾ ਸੁਣਾਏ ਜਾਣ ਤੋਂ ਪਹਿਲਾਂ ਅਦਾਲਤ ਦੇ ਬਾਹਰ ਮੌਜੂਦ ਸੈਂਕੜਿਆਂ ਦੀ ਗਿਣਤੀ 'ਚ ਹਾਜ਼ਰ ਸਿੱਖਾਂ ਨੇ ਪ੍ਰਦਰਸ਼ਨ ਕੀਤਾ। ਪਟਿਆਲਾ ਹਾਊਸ ਅਦਾਲਤ ਕੈਂਪਸ 'ਚ ਭਾਰੀ ਸੁਰੱਖਿਆ ਬਲ ਤੈਨਾਤ ਕਰ ਦਿੱਤੇ ਸਨ। ਹੰਗਾਮੇ ਦੇ ਆਸਾਰ ਨੂੰ ਦੇਖਦੇ ਹੋਏ ਪੀੜਤਾਂ ਅਤੇ ਦੋਸ਼ੀਆਂ ਦੇ ਪਰਿਵਾਰ ਦੇ 2-2 ਮੈਂਬਰਾਂ ਤੋਂ ਇਲਾਵਾ ਕਿਸੇ ਨੂੰ ਅਦਾਲਤ 'ਚ ਦਾਖਲ ਨਹੀਂ ਹੋਣ ਦਿੱਤਾ ਗਿਆ।

**ਪੀੜਤਾਂ ਦੇ ਜ਼ਖਮ ਹੋਏ ਤਾਜ਼ਾ :** ਆਪਣੇ ਭਰਾ ਹਰਦੇਵ ਸਿੰਘ ਨੂੰ ਗੁਆਉਣ ਵਾਲੇ ਕੁਲਦੀਪ ਸਿੰਘ, ਸੰਤੋਖ ਸਿੰਘ ਅਤੇ ਤਿਰਲੋਕ ਸਿੰਘ ਅਦਾਲਤ ਦੇ ਫ਼ੈਸਲੇ ਪਿੱਛੋਂ ਭਾਵੁਕ ਹੋ ਗਏ। ਕੁਲਦੀਪ ਸਿੰਘ ਨੇ ਕਿਹਾ ਕਿ ਉਨਾਂ ਦੀ ਅਤੇ ਹਰਦੇਵ ਸਿੰਘ ਦੀ ਉਮਰ ਵਿਚ ਜ਼ਿਆਦਾ ਫਰਕ ਨਹੀਂ ਸੀ। ਦੋਨੋਂ ਜਵਾਨ ਸਨ ਅਤੇ ਨਿਆਂ ਦੇ ਇੰਤਜ਼ਾਰ ਵਿਚ ਉਨਾਂ ਦੀ ਜਵਾਨੀ ਚਲੀ ਗਈ। ਇਕ ਵਾਰ ਤਾਂ ਉਮੀਦ ਟੁੱਟ ਗਈ ਸੀ ਕਿ ਕਦੇ ਇਨਸਾਫ਼ ਮਿਲ ਵੀ ਸਕੇਗਾ ਪ੍ਰੰਤੂ ਕੁਝ ਕੁ ਇਨਸਾਫ਼ ਮਿਲਿਆ ਹੈ ਅਤੇ ਦੂਜੇ ਪੀੜਤਾਂ ਨੂੰ ਵੀ ਇਨਸਾਫ਼ ਜ਼ਰੂਰ ਮਿਲੇਗਾ।




**ਸਿਆਸੀ ਨੇਤਾਵਾਂ ਵੱਲੋਂ ਅਦਾਲਤੀ ਫੈਸਲੇ ਦਾ ਸਵਾਗਤ :** ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਬਾਦਲ, ਹਰਸਿਮਰਤ ਕੌਰ ਬਾਦਲ ਅਤੇ ਐਚ ਐਸ ਫੂਲਕਾ ਨੇ ਅਦਾਲਤੀ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਹੁਣ ਬਾਕੀ ਪੀੜਤਾਂ ਲਈ ਇਨਸਾਫ ਦੀ ਆਸ ਬੱਝੀ ਹੈ। ਕੈਪਟਨ ਨੇ ਕਿਹਾ ਕਿ ਹਾਲੇ ਤਾਂ ਇਨਸਾਫ ਬਾਕੀ ਹੈ, ਉਮੀਦ ਹੈ ਅਦਾਲਤ ਬਾਕੀ ਮਾਮਲੇ ਵੀ ਜਲਦੀ ਨਿਪਟਾਏਗੀ।

ਫੂਲਕਾ ਨੇ ਕਿਹਾ ਕਿ ਕਾਂਗਰਸੀਆਂ ਨੂੰ ਬਚਾਉਣ ਵਾਲੀਆਂ ਸਾਜ਼ਿਸ਼ਾਂ ਇੰਝ ਹੀ ਉਡਣਗੀਆਂ।

ਐਸ ਜੀ ਪੀ ਸੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਫੈਸਲੇ ਵਿੱਚ ਬੇਸ਼ੱਕ ਦੇਰੀ ਹੋਈ ਹੈ, ਪਰ ਇਹ ਕਈਆਂ ਲਈ ਇਕ ਸਬਕ ਹੈ।

**ਸੌਖਾ ਨਹੀਂ ਸੀ ਐੱਸਆਈਟੀ ਦਾ ਰਾਹ :** ਇਸ ਮਾਮਲੇ ਨੂੰ ਲੈ ਕੇ ਐੱਸਆਈਟੀ ਦੀ ਰਾਹ ਇੰਨੀ ਆਸਾਨ ਨਹੀਂ ਸੀ। ਉਸ ਨੇ ਸੱਤ ਸਮੁੰਦਰੋਂ ਪਾਰ ਬੈਠੇ ਲੋਕਾਂ ਤੱਕ ਨਾਲ ਸੰਪਰਕ ਕੀਤਾ ਅਤੇ ਉਨਾਂ ਦੇ ਬਿਆਨ ਦਰਜ ਕੀਤੇ। ਇਟਲੀ ਅਤੇ ਅਮਰੀਕਾ ਵਿਚ ਰਹਿ ਰਹੇ ਪੀੜਤ ਪਰਿਵਾਰਾਂ ਦੇ ਬਿਆਨ ਸਮੇਤ ਸਾਰੇ ਸਬੂਤ ਐੱਸਆਈਟੀ ਨੇ ਅਦਾਲਤ ਵਿਚ ਪੇਸ਼ ਕੀਤੇ। ਐੱਸਆਈਟੀ ਦੀ ਬੇਨਤੀ 'ਤੇ ਪੰਜਾਬ ਸਰਕਾਰ ਨੇ ਇਕ ਟੀਮ ਗਠਿਤ ਕੀਤੀ। ਉਧਰ ਦਿੱਲੀ ਦੇ ਸਾਰੇ ਸਿੱਖ ਸੰਗਠਨਾਂ ਨੂੰ ਪੱਤਰ ਲਿਖ ਕੇ ਪੀੜਤਾਂ ਦੀ ਜਾਣਕਾਰੀ ਸਾਂਝੀ ਕਰਨ ਨੂੰ ਵੀ ਕਿਹਾ ਗਿਆ। ਅਖ਼ੀਰ ਪੀੜਤ ਸੰਤੋਖ ਸਿੰਘ ਨੇ ਐੱਸਆਈਟੀ ਨਾਲ ਸੰਪਰਕ ਕੀਤਾ ਅਤੇ ਉਨਾਂ ਨੇ ਦੋ ਲੋਕਾਂ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨਰੇਸ਼ ਸਹਿਰਾਵਤ ਅਤੇ ਯਸ਼ਪਾਲ ਸਿੰਘ ਦੀ ਪਛਾਣ ਕੀਤੀ। ਇਕ ਨਵੰਬਰ 1984 ਸਿੱਖ ਕਤਲੇਆਮ ਮਾਮਲੇ ਵਿਚ ਦਿੱਲੀ ਪੁਲਿਸ ਨੇ 650 ਮਾਮਲੇ ਦਰਜ ਕੀਤੇ ਸਨ। ਇਨਾਂ ਵਿਚੋਂ 267 ਨੂੰ ਅਣਸੁਲਝਿਆ ਹੋਣ ਦੀ ਗੱਲ ਕਹਿ ਕੇ ਬੰਦ ਕਰ ਦਿੱਤਾ ਗਿਆ। ਸੀਬੀਆਈ ਨੇ ਇਨਾਂ ਸਾਰੇ ਮਾਮਲਿਆਂ ਦੀ ਜਾਂਚ ਕੀਤੀ ਸੀ। ਗ੍ਰਹਿ ਮੰਤਰੀ ਰਾਜਨਾਥ ਸਿੰਘ ਵੱਲੋਂ ਫਰਵਰੀ 2015 ਵਿਚ ਗਠਿਤ ਐੱਸਆਈਟੀ ਨੇ ਵੀ ਇਸ ਵਿਚੋਂ 60 ਮਾਮਲਿਆਂ ਦੀ ਜਾਂਚ ਕੀਤੀ ਅਤੇ ਪਿਛਲੇ ਡੇਢ ਸਾਲ ਵਿਚ 52 ਮਾਮਲਿਆਂ ਵਿਚ ਕੋਈ ਸਬੂਤ ਨਾ ਮਿਲਣ ਕਾਰਨ ਅਨਟਰੇਸ ਰਿਪੋਰਟ ਫਾਈਲ ਕੀਤੀ। ਅੱਠ ਮਾਮਲਿਆਂ ਵਿਚ ਦੋਸ਼ ਪੱਤਰ ਦਾਖਲ ਕੀਤੇ ਜਿਨਾਂ ਵਿਚੋਂ ਤਿੰਨ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਦੋਸ਼ੀ ਹਨ।

## ਕੀ ਇਹਨੂੰ 34 ਵਰਿਆਂ ਦੇ ਅੱਲੇ ਜ਼ਖਮਾਂ ਲਈ ਇਨਸਾਫ ਮੰਨਿਆ ਜਾਏ ?

**ਵਿਸ਼ੇਸ਼ ਟਿੱਪਣੀ-ਅਮਨਦੀਪ ਹਾਂਸ**

ਭਾਰਤ ਦੇ ਹਕੂਮਤੀ ਤਖ਼ਤ ਉੱਤੇ ਕੁਝ ਮਹੀਨਿਆਂ ਤੱਕ ਨਵੇਂ ਹਾਕਮਾਂ ਨੇ ਬਿਰਾਜਮਾਨ ਹੋਣਾ ਹੈ, ਭਾਵ ਲੋਕ ਸਭਾ ਚੋਣਾਂ ਲਈ ਪਿੜ ਬੱਝ ਚੁੱਕਿਆ ਹੈ। ਅਜਿਹੇ ਚੁਣਾਵੀ ਮਹੌਲ ਵਿੱਚ ਸਿੱਖ ਨਸਲਕੁਸ਼ੀ ਦੇ ਦੋ ਦੋਸ਼ੀਆਂ ਨੂੰ ਸਜ਼ਾ ਦਾ ਐਲਾਨ ਹੋਣਾ, ਕਈ ਸਾਰੇ ਸਵਾਲ ਖੜੇ ਕਰਦਾ ਹੈ। ਕਿਉਂਕਿ ਸਜ਼ਾ ਦਾ ਐਲਾਨ ਹੋਣ ਤੋਂ ਬਾਅਦ ਜਿਸ ਤਰਾਂ ਵੱਖ-ਵੱਖ ਸਿਆਸੀ ਪਾਰਟੀਆਂ ਇਥੋਂ ਤੱਕ ਕਿ ਕਈ ਕਾਂਗਰਸੀ ਲੀਡਰਾਂ ਨੇ ਵੀ ਭਾਰਤੀ ਨਿਆਂਪਾਲਕਾ ਦਾ ਧੰਨਵਾਦ ਕੀਤਾ ਹੈ, ਤਾਂ ਫੇਰ ਇਹੋ ਜਿਹੇ ਇਨਸਾਫ ਉੱਤੇ ਸ਼ੱਕ ਕਰਨਾ ਬਣਦਾ ਹੀ ਹੈ। ਚੋਣਾਂ ਸਿਰ 'ਤੇ ਹਨ ਤੇ ਸਿਆਸੀ ਲੋਕਾਂ ਨੇ ਸਿੱਖ ਨਸਲਕੁਸ਼ੀ ਮਾਮਲਿਆਂ ਦੀ ਇਸ ਬਲਦੀ ਭੱਠੀ ਉੱਤੇ ਗੱਲਾਂ ਦਾ ਕੜਾਹ ਰਿੰਨ ਕੇ ਉਨਾਂ ਲੋਕਾਂ ਨੂੰ ਹੀ ਖੁਆਉਣਾ ਹੈ, ਜਿਹੜੇ ਲਗਭਗ ਸਾਢੇ ਤਿੰਨ ਦਹਾਕਿਆਂ ਤੋਂ ਦੇਸ਼ ਦੀਆਂ ਅਦਾਲਤਾਂ ਅੰਦਰ ਇਨਸਾਫ਼ ਦੀ ਭੁੱਖ ਜਗਾਈ ਬੈਠੇ ਸਨ। ਸਮੇਤ ਕਾਂਗਰਸ ਦੇ, ਅਕਾਲੀਆਂ ਅਤੇ ਭਾਜਪਾਈਆਂ ਨੇ ਲੋਕ ਸਭਾ ਚੋਣਾਂ ਦੌਰਾਨ ਨਰੇਸ਼ ਸਹਿਰਾਵਤ ਨੂੰ ਉਮਰ ਕੈਦ ਅਤੇ ਯਸ਼ਪਾਲ ਸਿੰਘ ਨੂੰ ਫਾਂਸੀ ਦੀ ਸਜ਼ਾ ਦੇ ਐਲਾਨ ਨੂੰ ਇਸ ਤਰਾਂ ਵਰਤਣਾ ਹੈ ਜਿਵੇਂ ਇਹ ਐਲਾਨ ਭਾਰਤੀ ਨਿਆਂਪਾਲਕਾ ਨੇ ਨਹੀਂ, ਇਹਨਾਂ ਸਿਆਸੀ ਧਿਰਾਂ ਨੇ ਹੀ ਕਰਵਾਇਆ ਹੋਵੇ। ਜਿਸ ਦਿਨ ਉਕਤ ਦੋਵਾਂ ਨੂੰ ਦੋਸ਼ੀ ਐਲਾਨਿਆ ਗਿਆ ਸੀ ਤੇ ਸਜ਼ਾ ਵਾਲੀ ਸੁਣਵਾਈ ਟਲ਼ੀ ਸੀ ਤਾਂ ਅਕਾਲੀ ਨੇਤਾ ਮਨਜਿੰਦਰ ਸਿੰਘ ਸਿਰਸਾ ਨੇ ਇਕ ਦੋਸ਼ੀ ਦੇ ਥੱਪੜ ਜੜ ਦਿੱਤਾ ਸੀ, ਉਸ ਘਟਨਾ ਨੂੰ ਸੋਸ਼ਲ ਮੀਡੀਆ ਉੱਤੇ ਇਸ ਤਰਾਂ ਪ੍ਰਚਾਰਿਆ ਜਾ ਰਿਹਾ ਹੈ ਕਿ ਉਸ ਥੱਪੜ ਕਾਂਡ ਕਰਕੇ ਹੀ ਅਦਾਲਤ ਨੇ ਦੋਸ਼ੀਆਂ ਨੂੰ ਇਹ ਸਜ਼ਾ ਸੁਣਾਈ ਹੈ। ਪਰ ਸਵਾਲ ਤਾਂ ਇਹ ਕਰਨਾ ਬਣਦਾ ਹੈ ਕਿ ਕੀ ਸਿਰਫ ਸਜ਼ਾ ਸੁਣਾਏ ਜਾਣਾ ਹੀ ਇਨਸਾਫ ਹੈ ? ਹਾਲੇ ਤਾਂ ਉਕਤ ਦੋਵਾਂ ਕੋਲ ਆਪਣੇ ਲਈ ਰਾਹਤ ਹਾਸਲ ਕਰਨ ਵਾਸਤੇ ਬਹੁਤ ਸਾਰੇ ਰਾਹ ਬਚੇ ਹੋਏ ਹਨ- ਉਹ ਆਪਣੇ ਬਚਾਅ ਲਈ ਉਚ ਅਦਾਲਤ, ਸਰਬ ਉਚ ਅਦਾਲਤ ਤੇ ਫੇਰ ਰਾਸ਼ਟਰਪਤੀ ਦੇ ਦਰ ਉੱਤੇ ਜਾ ਸਕਦੇ ਹਨ। ਜਦ ਅਦਾਲਤ ਨੇ ਸਜ਼ਾ ਸੁਣਾਈ ਤਾਂ ਪੀੜਤਾਂ ਦੇ ਅੰਦਰ 34 ਸਾਲ ਦਾ ਡੱਕਿਆ ਲਹੂ ਅੱਥਰੂ ਬਣ ਅੱਖਾਂ 'ਚੋਂ ਵਹਿ ਤੁਰਿਆ ਸੀ। ਕੁਝ ਸੁੰਨ ਜਿਹੇ ਹੋ ਗਏ, ਕਈਆਂ ਨੂੰ ਇਨਸਾਫ ਦੀ ਆਸ ਜਾਗੀ ਕਿ ਸ਼ਾਇਦ ਉਹਨਾਂ ਦੇ ਜਿਉਂਦੇ ਜੀਅ ਭਾਰਤੀ ਨਿਆਂਪਾਲਕਾ ਉਹਨਾਂ ਦੇ ਜ਼ਖਮਾਂ ਉਤੇ ਮਰਹਮ ਲਾ ਦੇਵੇਗੀ। ਇਹ ਜਸ਼ਨ ਮਨਾਉਣ ਦਾ ਵਕਤ ਤਾਂ ਹਰਗਿਜ਼ ਨਹੀਂ, ਕਿਉਂਕਿ ਅਜਿਹੇ ਮੌਕੇ ਸਗੋਂ ਸਾਰਾ ਘਟਨਾਕ੍ਰਮ ਵਕਤ ਦੀਆਂ ਕਈ ਪਰਤਾਂ ਪਾਰ ਕਰਕੇ ਜ਼ਿਹਨ ਵਿੱਚ ਛਾਅ ਜਾਂਦਾ ਹੈ, ਜਿਵੇਂ ਔਹ ਸਾਹਮਣੇ ਹੁਣੇ ਹੀ ਆਪਣੇ ਪਿਆਰੇ ਹਕੂਮਤੀ ਥਾਪੜੇ ਵਾਲੀ ਭੂਤਰੀ ਭੀੜ ਹੱਥੋਂ ਜਿਉਂਦੇ ਸੜਦੇ ਦੇਖੇ ਜਾ ਰਹੇ ਹੋਣ। ਅਫਸੋਸ ਕਿ ਸਿਆਸੀ ਪਾਣ ਚੜੀ ਮੋਟੀ ਚਮੜੀ ਇਹ ਦਰਦ ਨਹੀਂ ਸਮਝਦੀ, ਉਹਨਾਂ ਲਈ ਇਹ ਸਿਰਫ ਇਕ ਸਿਆਸੀ ਮੁੱਦਾ ਹੈ, ਇਸੇ ਕਰਕੇ ਤਾਂ ਸਿੱਖ ਨਸਲਕੁਸ਼ੀ ਦੇ ਜ਼ਖਮਾਂ ਨੂੰ ਸਿਆਸੀ ਤੰਦੂਰ ਵਜੋਂ ਵਰਤਣ ਵਾਲੇ ਲੀਡਰ ਤੇ ਉਹਨਾਂ ਦੇ ਕਰਿੰਦੇ ਦੋ-ਦੋ ਉਂਗਲਾਂ ਖੜੀਆਂ ਕਰਕੇ ਅਦਾਲਤੀ ਫੈਸਲੇ ਮਗਰੋਂ ਜਿੱਤ ਦੇ ਨਿਸ਼ਾਨ ਬਣਾਉਂਦੇ ਰਹੇ, ਮੀਡੀਆ ਲਈ ਫੋਟੋਆਂ ਖਿਚਵਾਉਂਦੇ ਰਹੇ। ਸਮਝ ਲੈਣਾ ਚਾਹੀਦਾ ਹੈ ਕਿ ਹਾਲੇ ਤਾਂ ਸਜ਼ਾ ਦਾ ਮਹਿਜ਼ ਐਲਾਨ ਹੋਇਆ ਹੈ, ਦੋਸ਼ੀਆਂ ਨੂੰ ਫਾਹੇ ਨਹੀਂ ਟੰਗਿਆ ਗਿਆ। ਜੇ ਦੋਸ਼ੀ ਸਜ਼ਾ ਖਿਲਾਫ ਉਪਰਲੀਆਂ ਅਦਾਲਤਾਂ ਵਿੱਚ ਜਾਂਦੇ ਹਨ ਤਾਂ ਪੀੜਤਾਂ ਲਈ ਦੁਬਾਰਾ ਫੇਰ ਵਰਿਆਂ ਤੱਕ ਚੱਲਣ ਵਾਲੀ ਲੰਮੀ ਲੜਾਈ ਦਾ ਪੰਧ ਤਿਆਰ ਹੈ, ਬਾਕੀ ਉਮਰ ਵੀ ਕੋਰਟਾਂ ਕਚਹਿਰੀਆਂ ਵਿੱਚ ਲੰਘਣੀ ਤੈਅ ਹੈ..।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

**ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 549ਵੇਂ ਪ੍ਰਕਾਸ਼ ਦਿਹਾੜੇ ਉਤੇ ਅਦਾਰਾ "ਕੌਮਾਂਤਰੀ ਅੰਮ੍ਰਿਤਸਰ ਟਾਈਮਜ਼" ਵੱਲੋਂ ਇਸ ਅੰਕ ਵਿਚ ਪਾਠਕਾਂ ਲਈ ਸਫਾ 9, 10,11 ਅਤੇ 13 ਉਤੇ ਵਿਸ਼ੇਸ਼ ਲੇਖ ਛਾਪੇ ਗਏ ਹਨ। ਉਮੀਦ ਹੈ ਕਿ ਸਾਡੀ ਇਸ ਕੋਸ਼ਿਸ਼ ਦਾ ਭਰਪੂਰ ਫਾਇਦਾ ਲੈਂਦੇ ਹੋਏ, ਤੁਸੀਂ ਗੁਰੂ ਨਾਨਕ ਸਾਹਿਬ ਦੇ ਵਿਸ਼ਵ-ਵਿਆਪੀ ਗੁਰਮਤਿ ਦੇ ਫਲਸਫੇ ਬਾਰੇ ਆਪਣੇ ਗਿਆਨ ਵਿਚ ਜ਼ਰੂਰ ਵਾਧਾ ਕਰੋਗੇ।**

**-ਸੰਪਾਦਕ**

## 'ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ'

# ਗੁਰੂ ਨਾਨਕ ਜੀ ਦਾ ਸੰਦੇਸ਼ ਅਤੇ ਅਜੋਕੇ ਸਿੱਖ ਸਮਾਜ ਦੀ ਦਸ਼ਾ



**ਪ੍ਰੋ. ਬਲਵਿੰਦਰਪਾਲ ਸਿੰਘ**

ਸਿੱਖ ਧਰਮ ਸਰਬੱਤ ਦੀ ਆਜ਼ਾਦੀ ਦੇ ਪੈਗਾਮ ਵਜੋਂ ਉਭਰ ਕੇ ਹੋਂਦ ਵਿਚ ਆਇਆ ਵਿਗਿਆਨਕ ਧਰਮ ਹੈ। ਇਸ ਦੇ ਪੈਗੰਬਰਾਂ ਸੰਤ-ਗੁਰੂਆਂ ਨੇ ਅਧਿਆਤਮਕ ਜੀਵਨ ਦੇ ਨਾਲ-ਨਾਲ ਹਰੇਕ ਖੇਤਰ ਵਿਚ ਮਨੁੱਖਤਾ ਨੂੰ ਅਗਵਾਈ ਦਿੱਤੀ ਹੈ ਜੋ ਕਿ ਅਜੋਕੇ ਯੁੱਗ ਵਿਚ ਵੀ ਪ੍ਰਸੰਗਿਕ ਹੈ। ਸਿੱਖ ਧਰਮ ਦੇ ਬਾਨੀ ਸਾਹਿਬ ਗੁਰੂ ਨਾਨਕ ਸਾਹਿਬ ਅਜਿਹੀ ਸ਼ਖਸੀਅਤ ਦੇ ਮਾਲਕ ਸਨ, ਜਿਨ੍ਹਾਂ ਨੇ ਮਨੁੱਖੀ ਹਿੱਤਾਂ ਲਈ ਪਹਿਰਾ ਦਿੰਦਿਆਂ ਬਾਬਰ ਨੂੰ ਲਲਕਾਰਿਆ, ਲੋਕਾਈ ਨੂੰ ਜ਼ੁਲਮ ਵਿਰੁੱਧ ਜੂਝਣ ਦਾ ਵੱਲ ਸਿਖਾਇਆ ਅਤੇ ਗੁਲਾਮੀ ਦੇ ਜੀਵਨ ਜਿਉਣ ਨੂੰ ਹਰਾਮ ਤੱਕ ਕਿਹਾ। ਹਰੇਕ ਤਰ੍ਹਾਂ ਦੇ ਅੰਧ ਵਿਸ਼ਵਾਸਾਂ ਨੂੰ ਰੱਦ ਕੀਤਾ, ਕਾਜ਼ੀਆਂ, ਬ੍ਰਾਹਮਣਾਂ ਦੇ ਢੌਂਗ ਨੂੰ ਬਿਬੇਕ ਨਾਲ ਲਲਕਾਰਿਆ। ਲੋਕਾਈ ਨੂੰ ਸੱਚ ਪਛਾਨਣ ਅਤੇ ਆਪਣਾ ਮੂਲ ਪਛਾਨਣ ਦੀ ਸਿੱਖਿਆ ਦੇ ਕੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦੀ ਸਹੀ ਜੀਵਨ ਜਾਚ ਪ੍ਰਦਾਨ ਕੀਤੀ।

ਸਿੱਖ ਸਮਾਜ ਹਰ ਸਾਲ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਉਤਸਵ ਬੜੀ ਧੂਮ-ਧਾਮ ਨਾਲ ਅਤੇ ਅਥਾਹ ਸ਼ਰਧਾ ਨਾਲ ਮਨਾਉਂਦਾ ਹੈ ਪਰ ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਗੁਰੂ ਸਾਹਿਬ ਦੀ ਬਾਣੀ ਨੂੰ ਸੁਣਨ ਦੇ ਨਾਲ-ਨਾਲ ਮੰਨਿਆ ਕਿੰਨਾ ਹੈ। ਸੁਆਲ ਤਾਂ ਮੰਨਣ ਦਾ ਹੈ। ਗੁਰੂ ਨਾਨਕ ਸਾਹਿਬ ਬਾਰੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ-

ਗੁਰੁ ਨਾਨਕੁ ਜਿਨ ਸੁਣਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰੇ ॥

ਗੁਰੂ ਸਾਹਿਬ ਦੇ ਕਥਨ ਅਨੁਸਾਰ ਜਨਮ ਮਰਨ ਦੇ ਦੁੱਖ ਤੋਂ ਬਚਣ ਲਈ ਗੁਰੂ ਪਾਤਸ਼ਾਹ ਨੂੰ ਸੁਣਨਾ ਬਹੁਤ ਜ਼ਰੂਰੀ ਹੈ। ਇਥੇ ਸੁਣਨ ਤੋਂ ਭਾਵ ਗੁਰੂ ਪਾਤਸ਼ਾਹ ਦੇ ਉਪਦੇਸ਼ਾਂ ਨੂੰ ਸੁਣਨਾ, ਗੁਰੂ ਪਾਤਸ਼ਾਹ ਦੇ ਕਹੇ ਹੋਏ ਬਚਨਾਂ (ਗੁਰਬਾਣੀ) ਨੂੰ ਕੇਵਲ ਕੰਨਾਂ ਨਾਲ ਸੁਣ ਛੱਡਣਾ ਹੀ ਨਹੀਂ ਅਤੇ ਨਾ ਹੀ ਦਿਮਾਗੀ ਪੱਧਰ ਤੱਕ ਸੁਣਨਾ ਹੈ। ਸਗੋਂ ਇਹ ਸੁਣਨਾ ਅੰਤਰ-ਆਤਮਾ ਦੀ ਡੂੰਘਾਈ ਤੱਕ ਸੁਣਿਆ ਜਾਣਾ ਮੰਨਿਆ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਗੁਰੂ ਨਾਨਕ ਸਾਹਿਬ ਦਾ ਪੈਰੋਕਾਰ ਕਹਾਉਣ ਵਾਲਾ ਬਹੁਤਾ ਸਿੱਖ ਸਮਾਜ ਗੁਰੂ ਉਪਦੇਸ਼ਾਂ ਦਾ ਗਾਇਨ ਤਾਂ ਕਰ ਰਿਹਾ ਹੈ ਪਰ ਉਸ ਨੂੰ ਆਪਣੀ ਅਮਲੀ ਜ਼ਿੰਦਗੀ ਦਾ ਆਧਾਰ ਨਹੀਂ ਬਣਾ ਰਿਹਾ। ਇਸੇ ਕਰਕੇ ਉਹ ਜਾਦੂ, ਟੂਣੇ, ਪਾਖੰਡਾਂ ਵਿਚ ਪੈ ਕੇ ਡੇਰਾਵਾਦ ਅਤੇ ਗੁਰੂ ਡੰਮ ਨਾਲ ਜੁੜਿਆ ਹੋਇਆ ਹੈ ਅਤੇ ਸ਼ਬਦ ਗੁਰੂ ਦੀ ਭਾਵਨਾ ਤੋਂ ਬਹੁਤ ਪਰ੍ਹੇ ਜਾ ਚੁੱਕਿਆ ਹੈ। ਸਿੱਖਾਂ ਦੀ ਵਾਹਿਦ ਜਥੇਬੰਦੀ ਸ਼੍ਰੋਮਣੀ ਕਮੇਟੀ ਇਸ ਪੱਖ ਤੋਂ ਅਵੇਸਲੀ ਰਹੀ ਹੈ ਅਤੇ ਇਸ ਸਬੰਧ ਵਿਚ ਉਹ ਕੋਈ ਵੀ ਸੱਭਿਆਚਾਰਕ ਅਤੇ ਧਾਰਮਿਕ ਪੱਖੋਂ ਬੱਝਵਾਂ ਕਾਰਜ ਨਹੀਂ ਕਰ ਸਕੀ। ਕਾਰਨ ਇਹ ਹੈ ਕਿ ਉਸ ਦਾ ਸਰੂਪ ਧਾਰਮਿਕ ਸੀ ਪਰ ਉਸ ਦੀਆਂ ਸਿਆਸੀ ਗੁੱਟਬੰਦੀਆਂ ਨੇ ਬੇਵਜ੍ਹਾ ਸਿਆਸੀ ਮਸਲਿਆਂ ਨੂੰ ਕੌਮ ਦਾ ਆਧਾਰ ਬਣਾ ਕੇ ਆਪਣੀ ਕਾਰਜ ਸ਼ਕਤੀ ਦੀ ਸਮੁੱਚਤਾ ਨੂੰ ਹੀਣਾ ਬਣਾ ਦਿੱਤਾ ਹੈ। ਇਹ ਠੀਕ ਹੈ ਕਿ ਸਿੱਖ ਧਰਮ ਵਿਚ ਧਰਮ ਅਤੇ ਰਾਜਨੀਤੀ ਦਾ ਰਿਸ਼ਤਾ ਮੀਰੀ-ਪੀਰੀ ਦੇ ਸੰਕਲਪ ਦੇ ਅੰਤਰਗਤ ਹੈ ਪਰ ਸਾਡੀ ਅਜੋਕੀ ਦਸ਼ਾ ਇਹ ਹੈ ਕਿ ਅਸੀਂ ਇਸ ਸਿਧਾਂਤ ਨਾਲ ਖਿਲਵਾੜ ਕਰ ਰਹੇ ਹਾਂ ਅਤੇ ਸਾਡੇ ਕੋਲ ਨਾ ਧਰਮ ਰਿਹਾ ਹੈ ਅਤੇ ਨਾ ਹੀ ਰਾਜਨੀਤੀ। ਨਤੀਜੇ ਵਜੋਂ ਅਸੀਂ ਹਰ ਖੇਤਰ ਵਿਚ ਹਾਰ ਦਾ ਮੂੰਹ ਤੱਕ ਰਹੇ ਹਾਂ। ਇਹ ਸਮਝਣਾ ਅਤਿਅੰਤ ਜ਼ਰੂਰੀ ਹੈ ਕਿ ਸਿੱਖ ਧਰਮ ਦੇ ਮੀਰੀ-ਪੀਰੀ ਦੇ ਸਿਧਾਂਤਾਂ ਦੀ ਆਪਸ ਵਿਚ ਸਾਂਝ ਹੈ ਪਰ ਇਹ ਇਕ ਦੂਜੇ ਦਾ ਬਦਲ ਨਹੀਂ ਹਨ। ਇਸ ਲਈ ਇਨ੍ਹਾਂ ਨੂੰ ਇਕ ਦੂਜੇ ਦੇ ਬਦਲ ਵਿਚ, ਇਕ-ਦੂਜੇ ਦੀ ਬਲੀ ਨਹੀਂ ਚਾੜ੍ਹਨਾ ਚਾਹੀਦਾ। ਸਿੱਖ ਧਰਮ ਵਿਚ ਰਾਜਨੀਤੀ ਨੂੰ ਧਰਮ ਦੀ ਰੱਖਿਆ ਵਜੋਂ, ਧਰਮ ਨੂੰ ਰਾਜਨੀਤੀ ਦੇ ਕੁੰਡੇ ਵਜੋਂ ਪ੍ਰਵਾਨ ਕੀਤਾ ਗਿਆ ਹੈ। ਹਕੀਕਤ ਵਿਚ ਦੇਖੀਏ ਤਾਂ ਹੁਣ ਧਰਮ ਨੂੰ ਉਸ ਰਾਜਨੀਤੀ ਉਪਰ ਕੁਰਬਾਨ ਕੀਤਾ ਜਾਂਦਾ ਹੈ ਜੋ ਜਥੇਬੰਦਕ ਅਤੇ ਕੌਮੀ ਹਿੱਤਾਂ ਲਈ ਨਹੀਂ, ਸਗੋਂ ਜ਼ਾਤੀ ਅਤੇ ਸੁਆਰਥੀ ਹੈ। ਜੇਕਰ ਸ਼੍ਰੋਮਣੀ ਕਮੇਟੀ ਗੁੱਟਬੰਦੀ ਦਾ ਤਿਆਗ ਕਰਕੇ ਬੱਝਵੇਂ ਰੂਪ ਵਿਚ ਗੁਰੂ ਨਾਨਕ ਵਿਚਾਰਧਾਰਾ ਪ੍ਰਸਾਰਨ ਲਈ ਸੰਤੁਲਿਤ ਕਾਰਜ ਕਰੇ ਤਾਂ ਸਿੱਖ ਰਾਜਨੀਤੀ ਵਿਚ ਵੀ ਸੁਧਾਰ ਆ ਸਕਦਾ ਹੈ, ਸ਼੍ਰੋਮਣੀ ਕਮੇਟੀ ਦੀ ਮਾਨਤਾ ਵੀ ਵਧ ਸਕਦੀ ਹੈ ਅਤੇ ਕੌਮੀ ਹਿੱਤ ਵੀ ਸੁਰੱਖਿਅਤ ਰਹਿ ਸਕਦੇ ਹਨ।

ਜੇਕਰ ਸਿੱਖ ਸਮਾਜ ਦੇ ਪ੍ਰਚਾਰਕਾਂ ਦੀ ਦਸ਼ਾ ਦੇਖੀਏ ਤਾਂ ਦੁੱਖ ਹੁੰਦਾ ਹੈ ਕਿ ਇਸ ਦੇ ਬਹੁਤ ਸਾਰੇ ਗ੍ਰੰਥੀ, ਰਾਗੀ ਜਿਥੇ ਅਨਪੜ੍ਹ ਅਤੇ ਗੁਰਮਤਿ ਵਿਚਾਰਧਾਰਾ ਤੋਂ ਪਰ੍ਹੇ ਹਨ, ਉਥੇ ਉਨ੍ਹਾਂ ਦੀ ਸੋਚ ਮਾਇਆ ਦੇ ਅੰਬਾਰ ਲਗਾਉਣ ਨਾਲ ਜੁੜੀ ਹੋਈ ਹੈ। ਇਥੋਂ ਤੱਕ ਕਿ ਇਨ੍ਹਾਂ ਰਾਗੀਆਂ ਨੇ ਫਿਲਮੀ ਗਾਇਕਾਵਾਂ ਨਾਲ ਕੈਸੇਟਾਂ ਕੱਢ ਕੇ, ਕੱਚੀ ਬਾਣੀ ਦਾ ਗਾਇਨ ਕਰਕੇ ਅਤੇ ਇਨ੍ਹਾਂ ਨੂੰ ਕੀਰਤਨ ਦਰਬਾਰਾਂ ਵਿਚ ਸ਼ਾਮਲ ਕਰਕੇ, ਜਿਥੇ ਸਿੱਖ ਪ੍ਰੰਪਰਾਵਾਂ ਦਾ ਮਖੌਲ ਉਡਾਇਆ ਹੈ, ਉਥੇ ਗੁਰਮਤਿ ਸਭਿਆਚਾਰ ਦੀ ਦਿੱਖ ਨੂੰ ਵਿਗਾੜ ਕੇ ਬਾਜ਼ਾਰੂ ਸਭਿਆਚਾਰ ਨਾਲ ਜੋੜਨਾ ਸ਼ੁਰੂ ਕਰ ਦਿੱਤਾ ਹੈ। ਕੀ ਇਹ ਅਡੰਬਰ ਗੁਰੂ ਨਾਨਕ ਵਿਚਾਰਧਾਰਾ ਦੇ ਸਹਿਜ ਸੰਕਲਪ ਅਤੇ ਸ਼ਬਦ ਗੁਰੂ ਸਿਧਾਂਤ ਅਨੁਸਾਰ ਪ੍ਰਸੰਗਿਕ ਹੈ ? ਕੀ ਇਨ੍ਹਾਂ ਸਿੱਖ ਪ੍ਰਚਾਰਕਾਂ ਤੋਂ ਸਿੱਖ ਵਿਰਸੇ ਤੋਂ ਟੁੱਟ ਰਹੀ ਨਵੀਂ ਪੀੜ੍ਹੀ ਪ੍ਰਭਾਵਿਤ ਹੋ ਸਕੇਗੀ ? ਲੋੜ ਤਾਂ ਇਸ ਗੱਲ ਦੀ ਸੀ ਕਿ ਸ਼੍ਰੋਮਣੀ ਕਮੇਟੀ ਥਾਂ-ਥਾਂ 'ਤੇ ਉਸਰਨ ਵਾਲੇ ਗੁਰਦੁਆਰਿਆਂ 'ਤੇ ਪਾਬੰਦੀ ਲਗਾਉਂਦੀ ਅਤੇ ਅਜਿਹੀ ਸਿੱਖ ਯੂਨੀਵਰਸਿਟੀ ਸਥਾਪਤ ਕਰਦੀ, ਜਿਥੋਂ ਪ੍ਰਚਾਰਕ, ਗ੍ਰੰਥੀ, ਕੀਰਤਨੀਏ, ਗੁਰਮਤਿ ਇਤਿਹਾਸ, ਸੰਗੀਤ, ਵੱਖ-ਵੱਖ ਧਰਮਾਂ ਦੇ ਤੁਲਨਾਤਮਕ ਅਧਿਐਨ ਸਬੰਧੀ ਗਿਆਨ ਹਾਸਲ ਕਰਕੇ ਗੁਰਦੁਆਰਿਆਂ ਵਿਚ ਨਿਯੁਕਤ ਹੁੰਦੇ, ਜਿਥੇ ਕਿ ਇਨ੍ਹਾਂ ਦੀ ਤਨਖਾਹ ਇਕ ਕਾਲਜ ਦੇ ਲੈਕਚਰਾਰ ਦੇ ਬਰਾਬਰ ਹੁੰਦੀ। ਸ਼੍ਰੋਮਣੀ ਕਮੇਟੀ ਦੇ ਇਹ ਕਦਮ ਉਠਾਉਣ ਨਾਲ ਸਿੱਖ ਕੌਮ ਨੂੰ ਇਹ ਫਾਇਦਾ ਹੁੰਦਾ ਕਿ ਉਹ ਮਾਇਆਵਾਦੀ ਕਲਚਰ ਨਾਲ ਜੁੜੇ ਰਾਗੀਆਂ, ਗ੍ਰੰਥੀਆਂ, ਪ੍ਰਚਾਰਕਾਂ, ਸਾਧਾਂ ਦੇ ਸ਼ੋਸ਼ਣ ਤੋਂ ਬਚ ਸਕਦੀ।

ਇਕ ਪਾਸੇ ਸਿੱਖ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕੀ ਜਾਂਦਾ, ਦੂਜੇ ਪਾਸੇ ਉਸ ਵਿਚਲੇ ਬੇਅੰਤ ਉਪਦੇਸ਼ਾਂ ਨੂੰ ਆਪਣੀ ਜ਼ਿੰਦਗੀ ਵਿਚ ਮਾਨਤਾ ਨਾ ਦੇ ਕੇ ਨਸ਼ਿਆਂ, ਘਟੀਆ ਕਿਰਦਾਰ, ਹਰਾਮ ਦੀ ਕਮਾਈ, ਜਾਤ-ਪਾਤੀ ਸਿਸਟਮ ਨਾਲ ਜੁੜ ਰਿਹਾ ਹੈ, ਜੋ ਕਿ ਗੁਰੂ ਤੋਂ ਬੇਮੁਖ ਹੋਣ ਵਾਲੀ ਗੱਲ ਹੈ। ਗੁਰੂ ਨਾਨਕ ਸਾਹਿਬ ਨੇ ਜਾਤ-ਪਾਤ ਵਿਰੁੱਧ ਕਰੜੀ ਮੁਹਿੰਮ ਵਿੱਢ ਕੇ ਆਪਣੇ-ਆਪ ਨੂੰ 'ਨੀਚਾਂ ਦਾ ਢਾਡੀ' ਪ੍ਰਵਾਨ ਕਰਕੇ ਨਿਤਾਣਿਆਂ, ਨਿਮਾਣਿਆਂ ਲਈ ਆਪਣਾ ਜੀਵਨ ਅਰਪਨ ਕਰ ਦਿੱਤਾ ਪਰ ਅੱਜ ਅਸੀਂ ਉਨ੍ਹਾਂ ਦੇ ਜੀਵਨ ਵਿਧੀ ਦੇ ਉਲਟ ਜਾ ਕੇ ਜਾਤਾਂ-ਪਾਤਾਂ ਦੇ ਅਡੰਬਰ ਵਿਚ ਬੱਝੇ ਹੋਏ ਹਾਂ। ਪਿੰਡਾਂ ਵਿਚ ਜਾਤਾਂ ਦੇ ਨਾਂਅ 'ਤੇ ਗੁਰਦੁਆਰੇ, ਬਸਤੀਆਂ ਅਤੇ ਇਥੋਂ ਤੱਕ ਕਿ ਸ਼ਮਸ਼ਾਨ ਘਾਟਾਂ ਉਸਰੀਆਂ ਹੋਈਆਂ ਹਨ। ਇਹ ਸਾਡੇ ਸਮਾਜ ਵਿਚ ਕਿੰਨੀ ਵੱਡੀ ਗਿਰਾਵਟ ਆਈ ਹੈ। ਇਹੀ ਕਾਰਨ ਹੈ ਕਿ ਬ੍ਰਹਿਮੰਡ ਚੇਤਨਾ ਪ੍ਰਗਟਾਉਣ ਵਾਲਾ ਸਿੱਖ ਸਮਾਜ ਗੁਰੂ ਨਾਨਕ ਵਿਚਾਰਧਾਰਾ ਤੋਂ ਟੁੱਟ ਕੇ ਜਾਤੀਵਾਦ ਦੀ ਭਾਵਨਾ ਤੱਕ ਸੀਮਿਤ ਹੋ ਕੇ ਰਹਿ ਗਿਆ, ਜਿਸ ਕਰਕੇ ਇਸ ਦੀ ਗਿਣਤੀ ਦਿਨੋ-ਦਿਨ ਘਟ ਰਹੀ ਹੈ।

ਹੋਰ ਤਾਂ ਹੋਰ ਅਸੀਂ ਸਿੱਖੀ ਵਧਾਉਣ ਦੀ ਥਾਂ ਗੁਰਦੁਆਰਿਆਂ ਨੂੰ ਸੰਗਮਰਮਰ ਨਾਲ ਸਜਾ ਕੇ ਮਲਕ ਭਾਗੋਆਂ ਦਾ ਕਲਚਰ ਅਪਣਾ ਲਿਆ ਹੈ ਅਤੇ ਭਾਈ ਲਾਲੋਆਂ ਨੂੰ ਆਪਣੇ ਨਾਲੋਂ ਵਿਛੋੜ ਦਿੱਤਾ ਹੈ। ਹੁਣ ਸਿੱਖੀ ਸਿਰਫ ਗੁਰਦੁਆਰਿਆਂ ਵਿਚ ਸੰਗਮਰਮਰ, ਸੋਨਾ, ਏਅਰ ਕੰਡੀਸ਼ਨ ਲਵਾਉਣ ਤੱਕ ਸੀਮਿਤ ਹੋ ਕੇ ਰਹਿ ਗਈ ਹੈ। ਇਹ ਤਾਂ ਸੱਚ ਹੈ ਕਿ ਜਿਹੜੀ ਦਿਸ਼ਾ ਵੱਲ ਸਮਾਜ ਤਰੱਕੀ ਕਰੇਗਾ, ਵਾਧਾ ਉਸ ਦਿਸ਼ਾ ਵੱਲ ਹੀ ਹੋਵੇਗਾ। ਸਿੱਖ ਸਮਾਜ ਨੇ ਤਰੱਕੀ ਆਪਣੇ ਸਮਾਜ ਦੀ ਬਿਹਤਰੀ ਲਈ, ਗੁਰੂਆਂ ਦੀ ਵਿਚਾਰਧਾਰਾ ਦੇ ਪ੍ਰਚਾਰ ਜਾਂ ਪ੍ਰਸਾਰ ਵੱਲ ਬਿਲਕੁਲ ਨਹੀਂ ਕੀਤੀ, ਜੇਕਰ ਤਰੱਕੀ ਕੀਤੀ ਹੈ ਤਾਂ ਗੁਰਦੁਆਰਿਆਂ ਦੀ ਗਿਣਤੀ ਵਧਾਉਣ ਅਤੇ ਸੰਗਮਰਮਰ ਲਗਵਾਉਣ ਤੱਕ ਕੀਤੀ ਹੈ। ਨਤੀਜਾ ਸਾਫ ਹੈ ਕਿ ਗੁਰਦੁਆਰਿਆਂ ਦੀ ਗਿਣਤੀ ਤਾਂ ਵਧ ਗਈ ਹੈ ਪਰ ਸਿੱਖਾਂ ਦੀ ਗਿਣਤੀ ਵਿਚ ਦਿਨੋਂ-ਦਿਨ ਨਿਘਾਰ ਆ ਰਿਹਾ ਹੈ। ਲੋੜ ਤਾਂ ਇਹ ਸੀ ਕਿ ਲੋੜਵੰਦ ਗੁਰਸਿੱਖਾਂ ਦੇ ਮੂੰਹ-ਮੱਥੇ ਨੂੰ ਸਵਾਰਿਆ ਜਾਂਦਾ, ਕੌਮੀ ਹਿੱਤਾਂ ਲਈ ਰਚਨਾਤਮਕ ਕਾਰਜ ਕੀਤਾ ਜਾਂਦਾ, ਸਿੱਖ ਜਾਗਰਤੀ ਲਹਿਰ ਚਲਾ ਕੇ ਵਿਸ਼ੇ ਵਿਕਾਰਾਂ, ਅੰਧ-ਵਿਸ਼ਵਾਸਾਂ, ਕਰਮਕਾਂਡਾਂ ਵਿਚ ਡਿੱਗ ਰਹੇ ਸਿੱਖਾਂ ਨੂੰ ਰੋਕ ਕੇ ਗੁਰੂ ਨਾਨਕ ਦੇ ਮਾਰਗ ਵੱਲ ਤੋਰਿਆ ਜਾਂਦਾ।

ਸਿੱਖ ਧਰਮ ਦਾ ਵਿਕਾਸ ਭਾਵੇਂ ਵਿਸ਼ਵ ਪੱਧਰ 'ਤੇ ਹੋ ਚੁੱਕਿਆ ਹੈ ਪਰ ਜਿਸ ਸੰਕਟ ਦਾ ਸਾਹਮਣਾ ਅਜੋਕਾ ਸਿੱਖ ਸਮਾਜ ਕਰ ਰਿਹਾ ਹੈ, ਉਹ ਕਦੇ ਸਾਹਮਣੇ ਨਹੀਂ ਆਇਆ। ਸਿੱਖ ਧਰਮ ਦੇ ਮੁਖੀਆਂ ਨੇ ਪੰਥਕ ਸੰਸਥਾਵਾਂ ਦੀ ਜੋ ਦੁਰਦਸ਼ਾ ਕੀਤੀ ਹੈ, ਉਹ ਕਦੇ ਸਿੱਖ ਕੌਮ ਸੋਚ ਵੀ ਨਹੀਂ ਸੀ ਸਕਦੀ ਅਤੇ ਸਥਿਤੀ ਇਹ ਬਣੀ ਹੋਈ ਹੈ ਕਿ ਇਹ ਆਗੂ ਪੰਥਕ ਸੰਸਥਾਵਾਂ ਦੀ ਮਰਿਯਾਦਾ ਨੂੰ ਰੋਲਣ ਤੋਂ ਬਾਅਦ ਵੀ ਇਨ੍ਹਾਂ ਸੰਸਥਾਵਾਂ ਦੇ ਚੌਧਰੀ ਹੋਣ ਵਜੋਂ ਆਪਣਾ ਮਾਣ ਮਹਿਸੂਸ ਕਰ ਰਹੇ ਹਨ। ਇਨ੍ਹਾਂ ਦੀ ਬਦੌਲਤ ਹੀ ਸਿੱਖ ਨੌਜਵਾਨ ਪੀੜ੍ਹੀ ਵੱਡੀ ਗਿਣਤੀ ਵਿਚ ਸਿੱਖ ਸਭਿਆਚਾਰ ਨੂੰ ਤਿਆਗ ਕੇ ਮਾਨਸਿਕ ਅਤੇ ਸਰੀਰਕ ਪੱਖੋਂ ਪਤਿਤ ਹੋ ਰਹੀ ਹੈ ਅਤੇ ਜ਼ਿੰਦਗੀ ਦੇ ਸੱਚ ਤੋਂ ਉਪਰਾਮ ਹੋ ਰਹੀ ਹੈ। ਜੇਕਰ ਰੋਮਨ ਕੈਥੋਲਿਕ ਚਰਚ ਦੇ ਪੋਪ ਦੇ ਮੁਕਾਬਲੇ 'ਤੇ ਆਪਣੇ ਧਾਰਮਿਕ ਆਗੂਆਂ ਵੱਲ ਝਾਤੀ ਮਾਰੀਏ ਤਾਂ ਸ਼ਰਮ ਮਹਿਸੂਸ ਹੁੰਦੀ ਹੈ, ਕਿਉਂਕਿ ਪੋਪ ਨੂੰ ਆਪਣੇ ਧਰਮ ਤੋਂ ਇਲਾਵਾ ਦੁਨੀਆ ਭਰ ਦੇ ਧਰਮਾਂ ਬਾਰੇ ਗਿਆਨ ਹੁੰਦਾ ਹੈ, ਵਿਸ਼ਵ ਵਿਦਿਆਲਿਆਂ ਦੀਆਂ ਉੱਚ ਡਿਗਰੀਆਂ ਉਸ ਕੋਲ ਹੁੰਦੀਆਂ ਹਨ ਪਰ ਇਸ ਦੇ ਉਲਟ ਸਾਡੇ ਧਾਰਮਿਕ ਆਗੂਆਂ ਨੂੰ ਆਪਣੇ ਧਰਮ ਬਾਰੇ ਗਿਆਨ ਕੀ ਹੋਣਾ ਹੈ, ਉਹ ਤਾਂ ਰਸਮੀ ਤੌਰ 'ਤੇ ਵੀ ਏਨੇ ਪੜ੍ਹੇ ਲਿਖੇ ਨਹੀਂ ਹੁੰਦੇ ਕਿ ਉਹ ਦੂਸਰੇ ਵਿਅਕਤੀ ਨਾਲ ਸੱਭਿਅਕ ਵਿਹਾਰ ਕਰ ਸਕਣ। ਆਖਰ ਕਦੋਂ ਸਾਡੇ 'ਤੇ ਗੁਰੂ ਨਾਨਕ ਸਾਹਿਬ ਦੀ ਕਿਰਪਾ ਹੋਵੇਗੀ ਅਤੇ ਕਦੋਂ ਅਸੀਂ ਇਸ ਸੰਕਟ ਤੋਂ ਛੁਟਕਾਰਾ ਪਾਉਣ ਵਿਚ ਅਤੇ ਆਪਣੀਆਂ ਸਮੱਸਿਆਵਾਂ ਦਾ ਹੱਲ ਢੂੰਡਣ ਵਿਚ ਕਾਮਯਾਬ ਹੋਵਾਂਗੇ। ਗੁਰੂ ਨਾਨਕ ਦੇ ਪੈਰੋਕਾਰਾਂ ਨੂੰ ਸਰਬੱਤ ਦੇ ਭਲੇ ਲਈ ਸੰਕਲਪ ਨੂੰ ਮੁੱਖ ਰੱਖ ਕੇ ਗੁਰਦੁਆਰਿਆਂ ਨੂੰ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ ਇਕੱਤਰ ਹੋ ਕੇ ਅਜਿਹਾ ਦਸਵੰਧ ਫੰਡ ਖੋਲ੍ਹਣਾ ਚਾਹੀਦਾ ਹੈ, ਜਿਸ ਦੇ ਅੰਤਰਗਤ ਸਿਹਤਮੰਦ ਕਦਰਾਂ-ਕੀਮਤਾਂ ਪ੍ਰਗਟਾਉਣ ਲਈ ਟੀਵੀ. ਚੈਨਲ ਸਥਾਪਿਤ ਕੀਤਾ ਜਾਵੇ, ਸਸਤੀਆਂ ਦਰਾਂ 'ਤੇ ਸਿਹਤ ਸਹੂਲਤ ਕੇਂਦਰ ਅਤੇ ਵਿਦਿਅਕ ਅਦਾਰੇ ਖੋਲ੍ਹੇ ਜਾਣ ਤਾਂ ਜੋ ਗੁਰੂ ਨਾਨਕ ਸਾਹਿਬ ਦੀ ਸਾਂਝੀਵਾਲਤਾ ਦਾ ਸਿਧਾਂਤ ਅਮਲੀ ਤੌਰ 'ਤੇ ਵਿਸ਼ਵ ਪੱਧਰ 'ਤੇ ਉਜਾਗਰ ਹੋ ਸਕੇ।

ਸੰਪੂਰਨ ਕ੍ਰਾਂਤੀ ਦੇ ਮਹਾਂਨਾਇਕ ਸ੍ਰੀ ਗੁਰੂ ਨਾਨਕ ਦੇਵ ਜੀ : ਧਰਮ ਇਨਸਾਨ ਦੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਾਉਂਦਾ ਹੈ ਅਤੇ ਉਸ ਨੂੰ ਕੁਦਰਤ ਜਾਂ ਰੱਬ ਦੇ ਨੇੜੇ ਹੋਣ ਦਾ ਰਾਹ ਦੱਸਦਾ ਹੈ ਪਰ ਹੌਲੀ-ਹੌਲੀ ਲੋਕਾਂ ਨੂੰ ਧਰਮ ਦਾ ਰਾਹ ਦੱਸਣ ਵਾਲੇ ਪੁਜਾਰੀ ਹੀ ਆਪਣੀ ਰੋਜ਼ੀ-ਰੋਟੀ ਲਈ ਦੂਜਿਆਂ ਨੂੰ ਕਰਮ-ਕਾਂਡਾਂ ਵੱਲ ਪ੍ਰੇਰਿਤ ਕਰਕੇ ਸੱਚਾਈ ਤੋਂ ਦੂਰ ਕਰ ਦਿੰਦੇ ਹਨ। ਸਮੇਂ-ਸਮੇਂ 'ਤੇ ਧਾਰਮਿਕ ਪੈਗ਼ੰਬਰ ਇਸ ਲੋਕਾਈ ਨੂੰ ਸੱਚ ਦਾ ਰਾਹ ਦੱਸਣ ਲਈ ਇਸ ਸੰਸਾਰ ਵਿੱਚ ਆਉਂਦੇ ਹਨ। ਫੇਰ ਉਨ੍ਹਾਂ ਦੇ ਪੈਰੋਕਾਰ ਦੂਜਿਆਂ ਦੀ ਪੂਜਾ-ਵਿਧੀ ਨੂੰ ਅਸਵੀਕਾਰ ਕਰਕੇ ਆਪਸੀ ਟਕਰਾਓ ਪੈਦਾ ਕਰ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਸੰਸਾਰ ਵਿੱਚ ਆਗਮਨ ਸਮੇਂ ਸਮਾਜ ਦੇ ਹਾਲਤ ਬਿਆਨ ਕਰਦੇ ਹੋਏ ਭਾਈ ਗੁਰਦਾਸ ਜੀ ਧਰਮ ਦੇ ਆਗੂਆਂ ਬਾਰੇ ਲਿਖਦੇ ਹਨ, "ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ। ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ। ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ। ਸਿਰੋ ਨ ਮਿਟੇ ਆਵਣ ਜਾਣੇ ॥" (ਵਾਰ 1 ਪਉੜੀ 21) ਉਨ੍ਹਾਂ ਰਾਜਸੀ ਖੇਤਰ ਦੇ ਹਾਲਾਤ ਇਸ ਤਰ੍ਹਾਂ ਦਰਜ ਕੀਤੇ, "ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ ॥" (ਵਾਰ 1) ਇਸ ਤਰ੍ਹਾਂ ਦੀ ਧਾਰਮਿਕ ਅਤੇ ਰਾਜਸੀ ਸਥਿਤੀ ਨਾਲ ਸਮਾਜ ਦਾ ਹਰ ਵਰਗ ਪ੍ਰਭਾਵਿਤ ਸੀ। ਅਕਾਲ ਪੁਰਖ ਦੇ ਹੁਕਮ ਮੁਤਾਬਕ ਗੁਰੂ ਨਾਨਕ ਦੇਵ ਜੀ ਨੇ ਅਗਿਆਨਤਾ ਦੇ ਹਨ੍ਹੇਰ ਨੂੰ ਦੂਰ ਕਰਨ ਲਈ ਅਵਤਾਰ ਧਾਰਿਆ ਅਤੇ ਧਾਰਮਿਕ ਆਗੂਆਂ ਵੱਲੋਂ ਲੁੱਟ-ਖਸੁੱਟ, ਰਾਜਸੀ ਜ਼ੁਲਮਾਂ, ਕਰਮ-ਕਾਂਡਾਂ ਤੋਂ ਮੁਕਤੀ ਅਤੇ ਸਾਮਾਜਿਕ ਖੇਤਰ ਵਿੱਚ ਸੰਪੂਰਨ ਸੁਧਾਰ ਲਈ ਇੱਕ ਨਵੀਂ ਸੋਚ ਤੇ ਫਲਸਫੇ ਦੀ ਨੀਂਹ ਰੱਖੀ।

ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ "ਵੇਈਂ ਨਦੀ ਵਿੱਚੋਂ ਪ੍ਰਗਟ ਹੋਣ" ਉਪਰੰਤ ਪਹਿਲਾ ਉਪਦੇਸ਼ ਹੀ ਧਾਰਮਿਕ ਸੰਕੀਰਨਤਾ ਅਤੇ ਪੁਜਾਰੀਵਾਦ ਦੇ ਵਿਰੁੱਧ ਸੀ। ਗੁਰੂ ਸਾਹਿਬ ਨੇ ਉਸ ਵਕਤ ਦੇ ਸਭ ਧਰਮ ਕੇਂਦਰਾਂ ਦੀ ਯਾਤਰਾ ਕਰਦੇ ਹੋਏ ਪੁਜਾਰੀਆਂ ਨਾਲ ਸੰਵਾਦ ਕੀਤਾ। ਗੁਰੂ ਜੀ ਕਰਮ-ਕਾਂਡਾਂ ਦੇ ਵਿਰੁੱਧ ਕੰਮ ਕਰਦੇ ਜੋ ਪੁਜਾਰੀਆਂ ਨੂੰ ਮਨਜ਼ੂਰ ਨਾ ਹੁੰਦਾ ਤੇ ਪੁਜਾਰੀਆਂ ਵੱਲੋਂ ਸਵਾਲ ਕਰਨ 'ਤੇ ਉਹ ਉਹਨਾਂ ਨੂੰ ਧਰਮ ਦੀ ਸਹੀ ਪ੍ਰੀਭਾਸ਼ਾ ਦੱਸਦੇ ਸਨ। ਗੁਰੂ ਜੀ ਦਾ ਉਪਦੇਸ਼ ਸੀ ਕਿ ਅਕਾਲ ਪੁਰਖ ਕੇਵਲ ਇੱਕ ਹੈ, ਜਿਸ ਨੂੰ ਵੱਖ-ਵੱਖ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ-ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥" ਕੇਵਲ ਉਹ ਹੀ ਸੱਚ ਹੈ। ਜਿਸ ਨੂੰ ਪ੍ਰਾਪਤ ਕਰਨ ਲਈ ਕੋਈ ਤੀਰਥ ਯਾਤਰਾ, ਤੋਤਾ ਰਟਨੀ-ਜਾਪ, ਮੰਤਰ, ਰਟਨ, ਮੋਨ ਧਾਰਨ ਕਰਨ ਜਾਂ ਸਮਾਧੀ ਲਾਉਣ ਦੀ ਲੋੜ ਨਹੀਂ। ਉਹ ਸਭ ਅੰਦਰ ਵੱਸਦਾ ਹੈ। ਜਦੋਂ ਉਹ ਸਭ ਅੰਦਰ ਵੱਸਦਾ ਹੈ ਤਾਂ ਜੀਵ ਹੱਤਿਆ ਜਾਂ ਕੁਰਬਾਨੀ ਦੇ ਕੇ ਵੀ ਉਸ ਨੂੰ ਖ਼ੁਸ਼ ਨਹੀਂ ਕੀਤਾ ਜਾ ਸਕਦਾ। ਉਹ ਕੋਈ ਵਿਅਕਤੀ ਨਾ ਹੋ ਕੇ ਸ਼ਕਤੀ ਹੈ। ਗੁਰੂ ਜੀ ਨੇ ਵਾਹਿਗੁਰੂ ਨੂੰ ਪ੍ਰਾਪਤ ਕਰਨ ਲਈ ਸਾਨੂੰ ਸੱਚੀ ਜੀਵਨ ਜੁਗਤ ਅਪਨਾਉਣ ਲਈ ਪ੍ਰੇਰਿਤ ਕੀਤਾ। ਹੁਕਮ ਹੈ-"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ੫ ॥" ਗੁਰੂ ਨਾਨਕ ਦੇਵ ਜੀ ਨੇ

ਬਾਕੀ ਸਫ਼ਾ 28 'ਤੇ

# ਗੁਰੂ ਨਾਨਕ ਜੀ ਦਾ ਅਧਿਆਤਮਕ ਮਿਸ਼ਨ ਤੇ ਯਾਤਰਾਵਾਂ

**ਡਾ. ਜੀਐਸ. ਨਈਅਰ,**
(ਸਾਬਕਾ ਪ੍ਰੋਫੈਸਰ ਤੇ ਮੁੱਖੀ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ)।



ਗੁਰ ਨਾਨਕ ਸਾਹਿਬ (ਸੰਨ 1469-1539) ਜੋ ਸਿੱਖ ਲਹਿਰ ਦੇ ਮੋਢੀ ਸਿਰਜਕ ਸਨ, ਇੱਕ ਵਿਸ਼ੇਸ਼, ਅਲੌਕਿਕ ਤੇ ਪ੍ਰਮੁੱਖ ਯਾਤਰੀ ਵੀ ਕਹੇ ਜਾ ਸਕਦੇ ਹਨ, ਜਿਨ੍ਹਾਂ ਨੇ ਅਧਿਆਤਮਕਤਾ ਤੇ ਮਾਨਵੀ ਕਦਰਾਂ-ਕੀਮਤਾਂ ਉੱਤੇ ਜ਼ੋਰ ਦੇਣ ਲਈ ਭਾਰਤ ਅਤੇ ਦੂਜੇ ਮੁਲਕਾਂ ਦੇ ਦੂਰ-ਦੂਰ ਤੱਕ ਲੰਮਾ ਸਮਾਂ ਦੌਰੇ ਕੀਤੇ। ਉਨ੍ਹਾਂ ਆਪਣੇ ਅਧਿਆਤਮਕ ਮਿਸ਼ਨ ਲਈ ਕੀਤੀਆਂ ਉਦਾਸੀਆਂ (ਯਾਤਰਾਵਾਂ) ਨੂੰ ਲੱਗਭੱਗ ਸੰਨ 1496 ਈ. ਤੋਂ ਆਰੰਭਿਆ। ਗੁਰੂ ਨਾਨਕ ਸਾਹਿਬ ਆਪਣੀਆਂ ਉਦਾਸੀਆਂ ਦੌਰਾਨ ਮੁਲਤਾਨ ਵਿਖੇ ਵੀ ਗਏ ਜੋ ਸੂਫ਼ੀ ਸੰਤਾਂ ਦਾ ਕੇਂਦਰ ਸੀ। ਮੁਲਤਾਨ ਦੀਆਂ ਉਸ ਸਮੇਂ ਚਾਰ ਚੀਜ਼ਾਂ ਪ੍ਰਸਿੱਧ ਸਨ-ਮਿੱਟੀ, ਗਰਮੀ, ਭਿਖਾਰੀ ਅਤੇ ਕਬਰਾਂ। ਗੁਰੂ ਸਾਹਿਬ ਨੇ ਤਲਾਬਾਂ ਵਿਖੇ ਰਾਤ ਗੁਜ਼ਾਰੀ ਅਤੇ ਸੱਜਣ ਠੱਗ ਦਾ ਸੁਧਾਰ ਕੀਤਾ। ਅਸਲ ਵਿੱਚ ਉਹ ਇਕ ਜ਼ਾਲਮ ਡਾਕੂ ਸੀ ਜੋ ਰਾਹੀਆਂ-ਮੁਸਾਫਰਾਂ ਨੂੰ ਲੁੱਟਣ ਦੀ ਤਾਕ ਵਿੱਚ ਰਹਿੰਦਾ। ਗੁਰੂ ਸਾਹਿਬ ਨੇ ਉਸ ਸਥਾਨ ਉੱਤੇ ਇਕ ਧਰਮਸ਼ਾਲਾ ਬਣਵਾਈ ਅਤੇ ਸੱਜਣ ਉਥੋਂ ਦਾ ਪ੍ਰਚਾਰਕ ਬਣਿਆ।

ਇਤਿਹਾਸ ਅਨੁਸਾਰ ਗੁਰੂ ਸਾਹਿਬ ਨੇ ਦੋ ਵਾਰ ਪਾਕਪਟਣ ਦੀ ਯਾਤਰਾ ਕੀਤੀ ਅਤੇ ਸੂਫੀ ਵਿਚਾਰਧਾਰਾ ਦੇ ਸਕੂਲ ਦੇ ਮੁਖੀ ਸ਼ੇਖ ਬ੍ਰਹਮ ਨਾਲ ਅਧਿਆਤਮਕ ਵਿਸ਼ਿਆਂ ਉੱਤੇ ਵਿਚਾਰ-ਵਟਾਂਦਰਾ ਕੀਤਾ। ਸ਼ੇਖ ਬ੍ਰਹਮ ਨੇ ਗੁਰੂ ਸਾਹਿਬ ਨੂੰ ਦਲੀਲ ਦਿੱਤੀ ਕਿ ਗ੍ਰਹਿਸਤੀ ਵਿਅਕਤੀ ਖੁਦਾਈ ਦੇ ਨੇੜੇ ਨਹੀਂ ਪੁੱਜ ਸਕਦਾ। ਇਸ ਦਾ ਵੱਡਾ ਕਾਰਨ ਇਹ ਸੀ ਕਿ ਦੋ ਕਿਸ਼ਤੀਆਂ ਦੇ ਸਵਾਰ ਨੂੰ ਹਮੇਸ਼ਾ ਵਿਚਕਾਰ ਡੁੱਬਣ ਦਾ ਖਤਰਾ ਹੁੰਦਾ ਹੈ ਪਰ ਗੁਰੂ ਸਾਹਿਬ ਨੇ ਉਸ ਦੀ ਦਲੀਲ ਨੂੰ ਰੱਦ ਕਰਦਿਆਂ ਹੋਇਆਂ ਇਸ ਭੇਦ ਨੂੰ ਪ੍ਰਗਟ ਕੀਤਾ ਕਿ ਉਨ੍ਹਾਂ ਦਾ ਅਪਣਾਇਆ ਹੋਇਆ ਮਾਰਗ ਸਹੀ ਸੀ, ਕਿਉਂਕਿ ਇਕ ਕਿਸ਼ਤੀ ਦੇ ਡੁੱਬਣ ਨਾਲ ਦੂਸਰੀ ਦੇ ਤੈਰਨ ਦੀ ਪੂਰੀ ਸੰਭਾਵਨਾ ਸੀ। ਦੂਜੇ ਸ਼ਬਦਾਂ ਵਿੱਚ ਅਧਿਆਤਮਕ ਅਤੇ ਰੂਹਾਨੀ ਲਗਾਉ ਦੁਨਿਆਵੀ ਝਮੇਲਿਆਂ ਵਿੱਚ ਫਸਣ ਤੋਂ ਸੁਰੱਖਿਆ ਦਾ ਪ੍ਰਤੀਕ ਸੀ ਅਤੇ ਪਰਿਵਾਰਕ ਜੀਵਨ ਦੇ ਕਰਤੱਵਾਂ ਨੂੰ ਤਿਆਗਣ ਦੇ ਝੁਕਾਅ ਨੂੰ ਰੋਕ ਪਾਉਣ ਵਿੱਚ ਵੀ ਸਹਾਇਕ ਸੀ। ਗੁਰੂ ਨਾਨਕ ਜੀ ਨੇ ਦਿਆਲਪੁਰ, ਕੰਗਣਪੁਰ ਅਤੇ ਹੋਰ ਕਈ ਸਥਾਨਾਂ ਉੱਤੇ ਨਾਮ ਦੇ ਆਧਾਰ ਦਾ ਪ੍ਰਚਾਰ ਕੀਤਾ ਜੋ ਮਨੁੱਖ ਦੇ ਸਾਰੇ ਦੁੱਖਾਂ ਦਾ ਨਾਸ ਕਰਦਾ ਹੈ। ਗੁਰੂ ਨਾਨਕ ਸਾਹਿਬ ਜੀ ਦੀ ਪੂਰਬ ਵੱਲ ਪਹਿਲੀ ਉਦਾਸੀ ਸੰਨ 1497-1509 ਵਿਚਕਾਰ ਹੋਈ ਮੰਨੀ ਗਈ ਹੈ, ਜਿਸ ਵਿਚ ਕੁਰੂਕਸ਼ੇਤਰ, ਦਿੱਲੀ, ਮਥੁਰਾ, ਆਗਰਾ, ਹਰਿਦੁਆਰ, ਅਯੁੱਧਿਆ, ਬਨਾਰਸ, ਗਯਾ ਆਦਿ ਸ਼ਾਮਲ ਸਨ। ਉਹ ਕੁਝ ਦਿਨਾਂ ਲਈ ਦਿੱਲੀ ਵੀ ਠਹਿਰੇ। ਕਿਹਾ ਜਾਂਦਾ ਹੈ ਕਿ ਉਥੇ ਉਨ੍ਹਾਂ ਨੂੰ ਖੂਹ ਦਾ ਪਾਣੀ ਪਿਲਾਇਆ ਗਿਆ। ਉਨ੍ਹਾਂ ਦੀ ਇਸ ਉਦਾਸੀ ਦੀ ਯਾਦਗਾਰ ਨਾਨਕ ਪਿਆਉ ਦਾ ਇਤਿਹਾਸਕ ਪਵਿੱਤਰ ਸਮਾਰਕ ਹੈ।

ਗੁਰੂ ਨਾਨਕ ਸਾਹਿਬ ਬਨਾਰਸ ਵਿਖੇ ਭਗਤ ਕਬੀਰ ਜੀ ਦੇ ਪੈਰੋਕਾਰਾਂ ਨੂੰ ਵੀ ਮਿਲੇ ਅਤੇ ਉਨ੍ਹਾਂ ਨਾਲ ਇਤਿਹਾਸਕ ਵਿਚਾਰ-ਵਟਾਂਦਰਾ ਕੀਤਾ ਗਿਆ। ਵਾਪਸੀ ਉੱਤੇ ਉਹ ਭੋਪਾਲ, ਝਾਂਸੀ, ਗਵਾਲੀਅਰ, ਭਰਤਪੁਰ, ਰਿਵਾੜੀ, ਬਨੇਸਰ ਆਦਿ ਥਾਂਵਾਂ ਉੱਤੇ ਵੀ ਗਏ। ਜਗਨਨਾਥਪੁਰੀ ਦੇ ਲੋਕਾਂ ਦੁਆਰਾ ਕੀਤੀ ਗਈ ਆਰਤੀ ਦਾ ਵਰਨਣ ਇੱਥੇ ਵਿਸ਼ੇਸ਼ ਰੂਪ ਵਿੱਚ ਕੀਤਾ ਜਾਂਦਾ ਹੈ। ਇੱਥੇ ਗੁਰੂ ਸਾਹਿਬ ਨੇ ਸੰਕੇਤਕ ਜਾਂ ਚਿੰਨ੍ਹ ਮਾਤਰ ਪੂਜਾ ਦੀ ਵਿਰੋਧਤਾ ਕੀਤੀ ਅਤੇ ਸਹੀ ਪ੍ਰਕਾਰ ਦੀ ਆਰਤੀ ਨੂੰ ਦਰਸਾਇਆ। ਉਨ੍ਹਾਂ ਨੇ ਕੁਦਰਤ ਦੀ ਗੋਦ ਵਿੱਚ ਕੀਤੀ ਆਰਤੀ ਨੂੰ ਤਰਜੀਹ ਦਿੱਤੀ। ਗੁਰੂ ਨਾਨਕ ਸਾਹਿਬ ਨੇ ਆਕਾਸ਼ ਨੂੰ ਸੰਕੇਤਕ ਰੂਪ ਵਿੱਚ ਇਕ ਥਾਲ ਵਜੋਂ ਦਰਸਾਇਆ ਹੈ। ਸੂਰਜ ਅਤੇ ਚੰਦਰਮਾ ਨੂੰ ਦੀਪਕ ਭਾਵ ਬੋਧਕ ਪ੍ਰਕਾਸ਼ ਦਰਸਾਇਆ ਅਤੇ ਤਾਰਿਆਂ ਦੇ ਮੰਡਲ ਨੂੰ ਮੋਤੀਆਂ ਨਾਲ ਤਸ਼ਬੀਹ ਦਿੱਤੀ ਜੋ ਆਕਾਸ਼ ਵਿੱਚ ਪਰਮਾਤਮਾ ਦੀ ਪੂਜਾ ਲਈ ਜੜੇ ਜਾਣ ਦੇ ਲਖਾਇਕ ਹਨ।

ਗੁਰੂ ਨਾਨਕ ਸਾਹਿਬ ਦੀ ਅਗਲੀ ਉਦਾਸੀ ਦੱਖਣ ਵੱਲ ਸੀ, ਜੋ ਲੱਗਭੱਗ 6 ਸਾਲ (ਸੰਨ 1510-1515) ਤੱਕ ਮਿੱਥੀ ਜਾਂਦੀ ਹੈ। ਇਸ ਉਦਾਸੀ ਵਿੱਚ ਬਾਲਾ ਜੋ ਇਕ ਸਿੱਧੂ ਜੱਟ ਸੀ, ਵੀ ਗੁਰੂ ਸਾਹਿਬ ਦੇ ਨਾਲ ਹਾਜ਼ਰ ਰਿਹਾ ਦੱਸਿਆ ਜਾਂਦਾ ਹੈ। ਗੁਰੂ ਸਾਹਿਬ ਇਸ ਉਦਾਸੀ ਦੌਰਾਨ ਰਾਜਸਥਾਨ, ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਸ੍ਰੀਲੰਕਾ, ਕੇਰਲਾ, ਮਹਾਰਾਸ਼ਟਰ, ਗੁਜਰਾਤ, ਸਿੰਧ ਅਤੇ ਪੱਛਮੀ ਪੰਜਾਬ ਵਿੱਚ ਇਲਾਹੀ ਸਿੱਖਿਆ ਦਾ ਪ੍ਰਚਾਰ ਕਰਦੇ ਹੋਏ ਵਿਚਰੇ। ਗੁਰੂ ਸਾਹਿਬ ਨੇ ਉਸ ਸਮੇਂ ਦੇ ਲੰਕਾ ਦੇ ਰਾਜਾ ਸ਼ਿਵਨਾਥ ਨੂੰ ਰੱਬੀ ਮਾਰਗ ਦਰਸਾਉਂਦੇ ਹੋਏ ਦੱਸਿਆ ਕਿ ਮਨੁੱਖੀ ਜੀਵਨ ਮਨੁੱਖ ਦੇ ਕਰਮਾਂ ਦੇ ਬੰਧਨ ਵਿੱਚ ਬੰਨ੍ਹਿਆ ਹੋਇਆ ਹੈ। ਇਸ ਲਈ ਉਹ ਵਿਅਕਤੀ ਜੋ ਨੇਕ-ਨੀਤੀ ਨਾਲ ਅਧਿਆਤਮਕਤਾ ਦੇ ਰਾਹ ਉੱਤੇ ਚੱਲਦੇ ਹਨ, ਆਵਾਗੌਣ ਤੋਂ ਮੁਕਤੀ ਪ੍ਰਾਪਤ ਕਰ ਲੈਂਦੇ ਹਨ ਅਤੇ ਨਾਮ-ਸਿਮਰਨ ਦੁਆਰਾ ਅਮਰ ਹੋ ਜਾਂਦੇ ਹਨ। ਗੁਰੂ ਨਾਨਕ ਸਾਹਿਬ ਦੀ ਉੱਤਰ ਵੱਲ ਉਦਾਸੀ ਦਾ ਸਮਾਂ ਲੱਗਭੱਗ ਦੋ ਸਾਲ (ਸੰਨ 1515-1517) ਹੈ। ਉਸ ਉਦਾਸੀ ਸਮੇਂ ਗੁਰੂ ਸਾਹਿਬ ਜਵਾਲਾਮੁਖੀ, ਕਾਂਗੜਾ, ਕੁੱਲੂ, ਲਾਹੌਲ-ਸਪਿਤੀ, ਤਿੱਬਤ, ਚੀਨ, ਗੜਵਾਲ ਅਤੇ ਸਿਰਮੌਰ ਆਦਿ ਵਿੱਚ ਵਿਚਰੇ। ਉਨ੍ਹਾਂ ਦਾ ਇਸ ਸਮੇਂ ਦੌਰਾਨ ਅਧਿਆਤਮਕ ਵਿਚਾਰ ਵਟਾਂਦਰਾ ਗੋਰਖ ਨਾਥ ਤੇ ਮਛੰਦਰਨਾਥ ਦੇ ਅਨੁਯਾਈਆਂ ਨਾਲ ਹੋਇਆ। ਉਨ੍ਹਾਂ ਦੁਆਰਾ ਕੀਤੇ ਗਏ ਪ੍ਰਸ਼ਨਾਂ ਦਾ ਉੱਤਰ ਗੁਰੂ ਸਾਹਿਬ ਵੱਲੋਂ ਤਾਰਕਿਕ ਰੂਪ ਵਿੱਚ ਦਿੱਤਾ ਗਿਆ। ਗੁਰੂ ਸਾਹਿਬ ਨੇ ਤਪੱਸਿਆ ਦੇ ਕਠਿਨ ਤੇ ਘਾਤਕ ਢੰਗਾਂ ਨੂੰ ਨਿੰਦਿਆ ਅਤੇ ਦਰਸਾਇਆ ਕਿ ਇਸ ਨਾਲ ਮਨ ਦੀ ਸ਼ਾਂਤੀ ਦਾ ਭੰਗ ਹੋਣਾ ਸੰਭਵ ਸੀ। ਗੁਰੂ ਸਾਹਿਬ ਨੇ ਸਹਿਜ ਯੋਗ ਨਾਲ ਇੰਦਰੀਆਂ ਨੂੰ ਕਾਬੂ ਕਰਨ ਦੇ ਰਾਹ ਨੂੰ ਅਪਣਾਉਣ ਦਾ ਸੁਝਾਅ ਦਿੱਤਾ। ਉਨ੍ਹਾਂ ਦੱਸਿਆ ਕਿ ਯੋਗ ਦੁਨੀਆ ਦੀ ਅਪਵਿੱਤਰਤਾ ਵਿੱਚ ਰਹਿ ਕੇ ਪਵਿੱਤਰ ਰਹਿਣ ਵਿੱਚ ਹੈ। ਪਰਮਾਤਮਾ ਦੀ ਖੋਜ ਅੰਤਰੀਕਰਨ ਵਿਚੋਂ ਕਰਨੀ ਲੋੜੀਂਦੀ ਹੈ। ਸੁਮੇਰ ਪਰਬਤ ਦੇ ਯੋਗੀਆਂ ਨੇ ਚਾਹਿਆ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਮਾਤਰ ਭੂਮੀ ਦੇ ਵਾਤਾਵਰਣ ਤੇ ਹਾਲਾਤ ਤੋਂ ਜਾਣੂ ਕਰਾਇਆ ਜਾਵੇ। ਗੁਰੂ ਨਾਨਕ ਸਾਹਿਬ ਨੇ ਯੋਗੀਆਂ ਦੁਆਰਾ ਸੰਸਾਰ ਤਿਆਗ ਦਾ ਰਵੱਈਆ ਅਪਣਾਉਣ ਨੂੰ ਨਿੰਦਿਆ। ਸੰਸਾਰ ਰਾਜਨੀਤਕ ਤੇ ਧਾਰਮਿਕ ਉਥਲ-ਪੁਥਲ ਦਾ ਸ਼ਿਕਾਰ ਸੀ। ਯੋਗੀਆਂ ਲਈ ਇਹ ਉਚਿਤ ਸਮਾਂ ਸੀ ਕਿ ਉਹ ਮਨੁੱਖਤਾ ਦੀ ਸੇਵਾ ਵਿੱਚ ਜੁੜਨ। ਲੋਕਾਂ ਨੂੰ ਰਹੱਸਵਾਦ ਦਾ ਕੋਈ ਗਿਆਨ ਨਹੀਂ ਸੀ। ਕਾਜ਼ੀ ਲੋਕ ਜੋ ਨਿਆਂ ਦੇ ਪਾਲਕ ਸਮਝੇ ਜਾਂਦੇ ਸਨ, ਭ੍ਰਿਸ਼ਟਾਚਾਰ ਦਾ ਸ਼ਿਕਾਰ ਬਣ ਗਏ। ਇਸ ਲਈ ਦੁਨੀਆ ਨੂੰ ਅੱਤਿਆਚਾਰ ਤੇ ਪਾਪਾਂ ਤੋਂ ਸੁਰੱਖਿਅਤ ਰੱਖਣ ਦੀ ਅਤਿਅੰਤ ਲੋੜ ਸੀ। ਗੁਰੂ ਨਾਨਕ ਸਾਹਿਬ ਦਾ ਮਾਰੂ ਮਹਲੇ ਵਿੱਚ ਫੁਰਮਾਨ ਹੈ-

ਸੋ ਸੰਨਿਆਸੀ ਜੋ ਸਤਿਗੁਰ ਸੇਵੈ
ਵਿਚਹੁ ਆਪੁ ਗਵਾਏ॥

ਪੱਛਮੀ ਏਸ਼ੀਆ ਦੀ ਉਦਾਸੀ (ਸੰਨ 1517-20) ਸਮੇਂ ਭਾਈ ਮਰਦਾਨਾ ਗੁਰੂ ਨਾਨਕ ਸਾਹਿਬ ਦੇ ਨਾਲ ਸਨ। ਦੂਜੇ ਅਸਥਾਨਾਂ ਤੋਂ ਛੁੱਟ ਗੁਰੂ ਸਾਹਿਬ ਮੱਕੇ ਅਤੇ ਮਦੀਨੇ ਦੀ ਜ਼ਿਆਰਤ ਲਈ ਗਏ ਜੋ ਇਸਲਾਮ ਦੇ ਪਵਿੱਤਰ ਯਾਤਰਾ ਅਸਥਾਨ ਸਨ। ਭਾਈ ਗੁਰਦਾਸ ਨੇ ਇਸ ਸਬੰਧੀ ਵਿਸਤਰਿਤ ਰੂਪ ਵਿਚ ਲਿਖਿਆ ਹੈ। ਗੁਰੂ ਸਾਹਿਬ ਨੇ ਨੀਲਾ ਬਾਣਾ ਪਹਿਨ ਰੱਖਿਆ ਸੀ ਅਤੇ ਹੱਥ ਵਿੱਚ ਇਕ ਸੋਟਾ ਅਤੇ ਮਿੱਟੀ ਦਾ ਲੋਟਾ ਰੱਖਦੇ ਸਨ। ਇਸ ਪ੍ਰਕਾਰ ਉਨ੍ਹਾਂ ਕੋਲ ਇੱਕ ਛੋਟੀ ਦਰੀ ਵੀ ਸੀ, ਜਿਸ ਉੱਤੇ ਬੈਠ ਕੇ ਉਹ ਰੱਬੀ ਬਾਣੀ ਦਾ ਕੀਰਤਨ ਕਰਦੇ। ਗੁਰੂ ਸਾਹਿਬ ਦੇ ਇਲਾਹੀ ਪ੍ਰਭਾਵ, ਤੱਤ ਗਿਆਨ ਅਤੇ ਦਾਰਸ਼ਨਿਕ ਸਿਧਾਂਤਾਂ ਨੇ ਸਭ ਦੇ ਦਿਲਾਂ ਨੂੰ ਮੋਹ ਲਿਆ।

ਗੁਰੂ ਨਾਨਕ ਸਾਹਿਬ ਨੇ ਆਪਣੀ ਬਗਦਾਦ ਦੀ ਉਦਾਸੀ (ਸੰਨ 1520-21) ਸਮੇਂ ਸਪੱਸ਼ਟ ਕੀਤਾ ਕਿ ਅੱਲ੍ਹਾ, ਰਾਮ-ਰਹੀਮ ਆਦਿ ਇਕੋ ਹੀ ਸ਼ਕਤੀ ਦੇ ਨਾਮ ਹਨ। ਮਸਜਿਦ, ਮੰਦਰ, ਨਮਾਜ਼ ਅਤੇ ਹਿੰਦੂ ਪੂਜਾ-ਪਾਠ ਸਭ ਉਸੇ ਸ਼ਕਤੀ ਦੇ ਮਿਲਾਪ ਦੇ ਯਤਨ ਹਨ। 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ।।' ਦੇ ਦਾਰਸ਼ਨਿਕ ਸਿਧਾਂਤ ਨੂੰ ਵਿਸਤਰਿਤ ਰੂਪ ਵਿੱਚ ਦਰਸਾਇਆ ਗਿਆ। ਗੁਰੂ ਸਾਹਿਬ ਨੇ ਈਰਾਨ ਅਤੇ ਅਫ਼ਗਾਨਿਸਤਾਨ, ਕੰਧਾਰ ਅਤੇ ਕਾਬਲ ਦਾ ਦੌਰਾ ਵੀ ਕੀਤਾ। ਪੰਜਾਬ ਵੱਲ ਵਾਪਸੀ ਉੱਤੇ ਉਹ ਹਸਨ ਅਬਦਾਲ ਠਹਿਰੇ, ਜਿੱਥੇ ਉਨ੍ਹਾਂ ਨੇ ਹਉਮੈਂ ਵੱਸ ਹੋਏ ਵਲੀ ਕੰਧਾਰੀ, ਜੋ ਕੰਧਾਰ ਦਾ ਵਸਨੀਕ ਸੀ, ਦਾ ਹੰਕਾਰ ਤੋੜਿਆ।

ਇਸ ਪ੍ਰਕਾਰ ਗੁਰੂ ਨਾਨਕ ਸਾਹਿਬ ਜੀ ਦੀਆਂ ਉਦਾਸੀਆਂ ਮਨੁੱਖਤਾ ਦੀ ਡੁੱਬਦੀ ਬੇੜੀ ਨੂੰ ਤਾਰਨ ਦੀਆਂ ਲਖਾਇਕ ਹਨ। ਲੋੜ ਹੈ ਕਿ ਅਸੀਂ ਗੁਰੂ ਨਾਨਕ ਸਾਹਿਬ ਦੇ ਦਰਸਾਏ ਤੇ ਹੰਢਾਏ ਹੋਏ ਰਹੱਸਵਾਦ ਨੂੰ ਤਹਿ ਦਿਲ ਤੋਂ ਅਪਣਾਈਏ ਤਾਂ ਜੋ ਦੂਜਿਆਂ ਲਈ ਗਾਡੀ ਰਾਹ ਬਣ ਸਕੀਏ।

# ਆਓ ਆਪਣੇ ਸਮਾਜ 'ਚੋਂ ਬਾਬੇ ਨਾਨਕ ਨੂੰ ਲੱਭੀਏ

**ਸਵਰਨਜੀਤ ਸਿੰਘ ਖਾਲਸਾ**

ਅਸੀਂ ਗੁਰੂ ਨਾਨਕ ਸਾਹਿਬ ਜੀ ਦਾ ਪਾਵਨ ਜਨਮ ਦਿਹਾੜਾ ਮਨਾ ਰਹੇ ਹਾਂ। ਉਸ ਗੁਰੂ ਨਾਨਕ ਜੀ ਦਾ ਗੁਰਪੁਰਬ ਮਨਾ ਰਹੇ ਹਾਂ, ਜਿਨ੍ਹਾਂ ਨੇ ਇਕੱਲਿਆ ਚਾਰ ਉਦਾਸੀਆਂ ਕਰਕੇ, ਪਰਿਵਾਰ ਦਾ ਮੋਹ ਛੱਡ ਕੇ ਸਮਾਜ ਦੇ ਹਿੱਤਾਂ ਲਈ ਤੇ ਸਰਬੱਤ ਦੇ ਭਲੇ ਲਈ ਲੋਕਾਂ ਦਾ ਉਧਾਰ ਕੀਤਾ ਅਤੇ ਇਨਕਲਾਬੀ ਚੇਤਨਾ ਪੈਦਾ ਕਰਕੇ ਸਿੱਖ ਧਰਮ ਦੀ ਨੀਂਹ ਰੱਖੀ। ਇਸ ਮੌਕੇ ਆਪਣੀ ਅੰਤਰ ਆਤਮਾ ਵਿੱਚ ਹਰੇਕ ਸਿੱਖ ਨੂੰ ਝਾਤੀ ਮਾਰਨ ਦੀ ਲੋੜ ਹੈ ਕਿ ਕੀ ਅਸੀਂ ਸਤਿਗੁਰੂ ਨਾਨਕ ਸਾਹਿਬ ਜੀ ਦੀ ਗੁਰਮਤਿ ਮੁਤਾਬਕ ਸੱਚੀ ਪੂਜਾ ਕਰ ਰਹੇ ਹਾਂ? ਉਨ੍ਹਾਂ ਦੇ ਵਿਚਾਰਾਂ 'ਤੇ ਪਹਿਰਾ ਦੇ ਰਹੇ ਹਾਂ? ਸਿਰਫ ਗੁਰਦੁਆਰਿਆਂ 'ਤੇ ਸੋਨੇ ਦੇ ਛਤਰ ਝੁਲਾਉਣ ਨਾਲ ਜਾਂ ਸੰਗਮਰਮਰ ਲਗਾਉਣ ਨਾਲ ਗੁਰੂ ਨਾਨਕ ਜੀ ਖੁਸ਼ ਨਹੀਂ ਹੋ ਸਕਦੇ। ਗੁਰੂ ਨਾਨਕ ਜੀ ਦੀ ਖੁਸ਼ੀ ਲੈਣੀ ਹੈ ਤਾਂ ਸਾਨੂੰ ਉਨ੍ਹਾਂ ਰਾਹਾਂ 'ਤੇ ਤੁਰਨਾ ਪਵੇਗਾ, ਜਿਨਾਂ 'ਤੇ ਗੁਰੂ ਸਾਹਿਬ ਤੁਰੇ ਸਨ। ਇਹ ਠੀਕ ਹੈ ਕਿ ਸਾਡੇ ਗੁਰਧਾਮ ਸੁੰਦਰ ਹੋਣੇ ਚਾਹੀਦੇ ਹਨ ਪਰ ਇਸ ਦਾ ਅਰਥ ਇਹ ਤਾਂ ਨਹੀਂ ਕਿ ਅਸੀਂ ਸਾਰੀ ਸ਼ਕਤੀ ਇਧਰ ਹੀ ਲਗਾ ਦੇਈਏ, ਗੁਰੂ ਨਾਨਕ ਜੀ ਦੀ ਵਿਚਾਰਧਾਰਾ ਤੋਂ ਮੂੰਹ ਮੋੜ ਲਈਏ ਜੋ ਕਿ ਸਾਡੀ ਹੋਂਦ ਦਾ ਹਿੱਸਾ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਕਾਲ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੋਵਾਂ ਨੂੰ ਹੀ ਕੱਟੜਤਾ ਤੋਂ ਦੂਰ ਰਹਿਣ ਅਤੇ ਸਹਿਣਸ਼ੀਲਤਾ ਦਾ ਪਾਠ ਪੜ੍ਹਾਇਆ ਹੈ। ਇਸੇ ਕਾਰਨ ਲੋਕ ਕਹਾਵਤ ਅਨੁਸਾਰ ਉਨ੍ਹਾਂ ਨੂੰ "ਨਾਨਕ ਸ਼ਾਹ ਫ਼ਕੀਰ, ਹਿੰਦੂ ਦਾ ਗੁਰੂ, ਮੁਸਲਮਾਨ ਦਾ ਪੀਰ" ਕਿਹਾ ਜਾਂਦਾ ਸੀ। ਪਰ ਅਸੀਂ ਸਿੱਖਾਂ ਨੇ ਭਾਰਤ ਵਿੱਚ ਹਿੰਦੂ-ਮੁਸਲਮਾਨ ਤੇ ਈਸਾਈ ਤਕਰਾਰ ਵਿੱਚ ਕੀ ਭੂਮਿਕਾ ਨਿਭਾਈ ਹੈ। ਕੀ ਅਸੀਂ ਗੁਰੂ ਨਾਨਕ ਜੀ ਵਾਂਗ ਬਾਬਰ ਦੇ ਰਾਹਾਂ 'ਤੇ ਚੱਲ ਰਹੀ ਆਰਐਸਐਸ. ਨੂੰ ਲਲਕਾਰਿਆ ਹੈ ਕਿ ਉਹ ਮਨੁੱਖਤਾ ਦਾ ਖ਼ੂਨ ਡੋਲ੍ਹਣਾ ਬੰਦ ਕਰੇ? ਸ਼੍ਰੋਮਣੀ ਕਮੇਟੀ ਚੁੱਪ ਹੈ, ਸਿੰਘ ਸਾਹਿਬਾਨ ਚੁੱਪ ਹਨ, ਧਾਰਮਿਕ ਜਥੇਬੰਦੀਆਂ ਚੁੱਪ ਹਨ? ਫਿਰ ਕੌਣ ਗੁਰੂ ਨਾਨਕ ਜੀ ਦੀ ਆਵਾਜ਼ ਬਣ ਕੇ ਬੋਲੇ? ਕੀ ਸਾਨੂੰ ਗੁਰੂ ਬਾਬੇ ਦੀ ਕਦਰ ਨਹੀਂ? ਕੀ ਅਸੀਂ ਗੁਰੂ ਨਾਨਕ ਜੀ ਵਾਂਗ ਦਲੇਰ ਨਹੀਂ ਬਣ ਸਕਦੇ ਕਿ ਅਸੀਂ ਬਾਬਰ ਦੇ ਘੋੜਿਆਂ ਦੀਆਂ ਵਾਗਾਂ ਫੜ ਕੇ ਲਲਕਾਰੀਏ ਕਿ ਤੁਸੀਂ ਜ਼ਾਲਮ ਹੋ, ਮਨੁੱਖਤਾ ਦਾ ਖੂਨ ਡੋਲ੍ਹਣਾ ਬੰਦ ਕਰੋ। ਗੁਰੂ ਜੀ ਨੇ ਕਿਰਤ ਨੂੰ ਇਕ ਲਾਜ਼ਮੀ ਕਰਮ ਦੱਸਿਆ, ਜਿਹੜਾ ਹਰ ਮਨੁੱਖ ਲਈ ਕਰਨਾ ਜ਼ਰੂਰੀ ਹੈ। ਕਿਰਤ ਕਰਨ ਵਿੱਚ ਸਰਗਰਮ ਹਿੱਸਾ ਲੈਣ ਦੇ ਵਿਚਾਰ ਨੂੰ, ਜਿਸ ਨੂੰ ਗੁਰੂ ਨਾਨਕ ਸਾਹਿਬ ਸਦਾਚਾਰ ਦਾ ਮਹੱਤਵਪੂਰਨ ਹਿੱਸਾ ਸਮਝਦੇ ਸਨ, ਜਿਹੜਾ ਸ਼ਰਧਾਲੂ ਨੂੰ ਰੱਬ ਦੇ ਗਿਆਨ ਵੱਲ ਲੈ ਆਉਂਦਾ ਹੈ। ਪਰ ਅੱਜ ਸਤਿਗੁਰੂ ਨਾਨਕ ਦੇ ਪੈਰੋਕਾਰ ਕਹਾਉਣ ਦਾ ਦਾਅਵਾ ਕਰਨ ਵਾਲੇ ਪਾਖੰਡੀ ਸਾਧ ਥਾਂ-ਥਾਂ ਡੇਰੇ ਖੋਲ੍ਹੀ ਬੈਠੇ ਹਨ ਤੇ ਕਿਰਤ ਤੋਂ ਭੱਜ ਕੇ ਨਾਮ ਜਪਣ ਦਾ ਝੂਠਾ ਅਡੰਬਰ ਰਚ ਕੇ ਲੋਕਾਈ ਦਾ ਸ਼ੋਸ਼ਣ ਕਰ ਰਹੇ ਹਨ, ਲੋਕਾਂ ਨੂੰ ਕਰਮਕਾਡਾਂ 'ਚ ਫਸਾ ਰਹੇ ਹਨ। ਕੀ ਅਸੀਂ ਇਨ੍ਹਾਂ ਸਾਧਾਂ ਦੇ ਵਿਰੁੱਧ ਗੁਰੂ ਨਾਨਕ ਜੀ ਦਾ ਝੰਡਾ ਬੁਲੰਦ ਕੀਤਾ ਹੈ ਅਤੇ ਆਪਣੇ ਸਮਾਜ ਨੂੰ ਸ਼ਬਦ ਗੁਰੂ ਨਾਲ ਜੋੜਿਆ ਹੈ?



ਗੁਰੂ ਨਾਨਕ ਜੀ ਨੇ ਜਾਤ-ਪਾਤ ਤੋੜਨ ਲਈ ਤੇ ਸਮਾਜ ਨੂੰ ਜੋੜਨ ਲਈ ਲੰਗਰ ਪ੍ਰਥਾ ਉਸਾਰੀ ਸੀ, ਗੁਰਦੁਆਰੇ ਬਣਾਏ ਸਨ ਤਾਂ ਜੋ ਗਰੀਬਾਂ ਦਾ ਭਲਾ ਹੋ ਸਕੇ ਅਤੇ ਸਿੱਖੀ ਦਾ ਵਿਕਾਸ ਹੋ ਸਕੇ। ਅਮੀਰ, ਗ਼ਰੀਬ, ਵੱਡੀ ਜਾਤ, ਛੋਟੀ ਜਾਤ ਦੇ ਬੰਦਿਆਂ ਨੂੰ 15ਵੀਂ ਸਦੀ ਵਿੱਚ ਇਕੱਠੇ ਬਿਠਾ ਕੇ ਭੋਜਨ ਕਰਾਉਣਾ ਬਹੁਤ ਔਖਾ ਕੰਮ ਸੀ। ਪਰ ਗੁਰੂ ਨਾਨਕ ਜੀ ਨੇ ਇਸ ਔਖੇ ਕਾਰਜ ਲਈ ਲੰਗਰ ਪ੍ਰਥਾ ਦੀ ਉਸਾਰੀ ਦੀ ਰੀਤ ਚਲਾਈ। ਭੁੱਖੇ ਗਰੀਬਾਂ ਨੂੰ ਭੋਜਨ ਛਕਾਇਆ। ਇਹ ਇਕ ਬਹੁਤ ਹੀ ਵਧੀਆ ਪ੍ਰਥਾ ਹੈ, ਜਿਸ ਨਾਲ ਜਾਤ-ਪਾਤ ਨੂੰ ਭਾਰੀ ਠੇਸ ਲੱਗੀ ਹੈ। ਗੁਰੂ ਨਾਨਕ ਸਾਹਿਬ ਦੀ ਚਲਾਈ ਇਕੱਲੀ ਲੰਗਰ ਪ੍ਰਥਾ ਨੇ ਹੀ ਸਿੱਖ ਧਰਮ ਨੂੰ ਧਰਮਾਂ ਦੀ ਅਗਲੀ ਕਤਾਰ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਉੱਚੀ ਜਾਤੀ ਵਾਲੇ ਅਮੀਰ ਆਦਮੀ ਗ਼ਰੀਬ ਜਾਤ ਦੇ ਲੋਕਾਂ ਨਾਲ ਬੈਠ ਕੇ ਲੰਗਰ ਛਕਣ ਨੂੰ ਤਿਆਰ ਨਹੀਂ ਸਨ। ਪਰ ਕੀ ਅਸੀਂ ਗੁਰੂ ਘਰਾਂ ਨੂੰ ਗੁਰੂ ਨਾਨਕ ਜੀ ਦੀ ਵਿਚਾਰਧਾਰਾ ਅਨੁਸਾਰ ਚਲਾਉਣ ਦੀ ਕੋਸ਼ਿਸ਼ ਕੀਤੀ ਹੈ? ਕੀ ਇਨ੍ਹਾਂ ਗੁਰਦੁਆਰਿਆਂ ਵਿੱਚ "ਗੁਰੂ ਦੀ ਗੋਲਕ-ਗਰੀਬ ਦਾ ਮੂੰਹ" ਸਮਝਿਆ ਗਿਆ ਹੈ। ਜੇਕਰ ਸਮਝਿਆ ਜਾਂਦਾ ਤਾਂ ਪੰਜਾਬ 'ਚ ਸਿੱਖਾਂ ਦਾ ਕਦੇ ਵੀ ਈਸਾਈਕਰਨ ਨਾ ਹੁੰਦਾ। ਸਾਡੇ ਸਿੱਖ ਨੌਜਵਾਨ ਨਸ਼ਿਆਂ ਤੇ ਪਤਿਤਪੁਣੇ ਵੱਲ ਨਾ ਜਾਂਦੇ। ਅਸੀਂ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨੂੰ ਅਪਣਾ ਕੇ ਹੀ ਸੱਚੇ-ਸੁੱਚੇ ਸਮਾਜ ਦੀ ਰਚਨਾ ਕਰਨ ਵਿੱਚ ਸਹਾਇਕ ਹੋ ਸਕਦੇ ਹਾਂ। ਗੁਰੂ ਜੀ ਦੀ ਸੱਚੀ ਪੂਜਾ ਇਹ ਹੈ ਕਿ ਅਸੀਂ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਅਮਲੀ ਰੂਪ ਦੇਈਏ ਜਿਵੇਂ ਕਿ ਦਸਾਂ ਨਹੁੰਆਂ ਦੀ ਕਿਰਤ ਕਰੀਏ, ਪਾਖੰਡਾਂ ਤੋਂ ਬਚੀਏ, ਨਸ਼ਿਆਂ ਤੋਂ ਬਚੀਏ, ਵੰਡ ਕੇ ਛਕੀਏ, ਦੀਨ-ਦੁਖੀਆ ਦੀ ਸੇਵਾ ਕਰੀਏ, ਜਾਤ-ਪਾਤ ਵਿਚ ਵਿਸ਼ਵਾਸ ਨਾ ਕਰੀਏ, ਮਨੁੱਖੀ ਅਧਿਕਾਰਾਂ ਲਈ ਜੂਝੀਏ ਅਤੇ ਸਾਰੇ ਧਰਮਾਂ ਦਾ ਸਤਿਕਾਰ ਕਰੀਏ ਆਦਿ। ਗੁਰੂ ਜੀ ਦੀਆਂ ਸਿੱਖਿਆਵਾਂ ਦੀ ਅੱਜ ਦੇ ਸਮਾਜ ਨੂੰ 15ਵੀਂ ਸਦੀ ਨਾਲੋਂ ਵੀ ਵੱਧ ਲੋੜ ਹੈ, ਕਿਉਂਕਿ ਅੱਜ ਸਮਾਜ ਵਿਚ ਵਿਖਾਵਾ ਅਤੇ ਪਾਖੰਡ ਵਧ ਰਿਹਾ ਹੈ ਅਤੇ ਸੱਚਾ ਸੇਵਾ-ਭਾਵ ਘਟ ਰਿਹਾ ਹੈ। ਆਓ ਉਨ੍ਹਾਂ ਦੇ ਜਨਮ ਦਿਨ 'ਤੇ ਅਸੀਂ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਦਾ ਪ੍ਰਣ ਕਰੀਏ।

# ਗੁਰੂ ਨਾਨਕ ਸਾਹਿਬ ਜੀ ਦਾ ਬਾਬਰ ਨਾਲ ਮੇਲ ਅਤੇ ਬਾਬਰਬਾਣੀ

**ਸੁਖਮਿੰਦਰ ਸਿੰਘ ਗੱਜਣਵਾਲਾ**

ਮੁਗਲ ਬਾਦਸ਼ਾਹ ਤੈਮੂਰ ਦੀ ਔਲਾਦ ਵਿਚੋਂ ਜ਼ਹੀਰੁਦੀਨ ਬਾਬਰ ਦਾ ਜਨਮ ਸੰਨ 1483 ਈ: ਵਿਚ ਹੋਇਆ। ਇਸ 'ਤੇ ਤੈਮੂਰ ਦੀ ਰਾਜਧਾਨੀ ਸਮਰਕੰਦ ਨੂੰ ਫਤਹਿ ਕਰਨ ਦਾ ਕਈ ਵਾਰ ਯਤਨ ਕੀਤਾ ਪਰ ਹਥਿਆ ਨਾ ਸਕਿਆ। ਆਖਰ ਕਾਬਲ-ਕੰਧਾਰ 'ਤੇ ਕਬਜ਼ਾ ਕਰਨ ਦਾ ਯਤਨ ਕੀਤਾ, ਪਰ ਅਸਫਲ ਰਿਹਾ। ਫਿਰ ਦੌਲਤ ਖਾਨ ਲੋਧੀ ਦੇ ਸੱਦੇ 'ਤੇ ਬਾਬਰ ਨੇ ਤੀਜੀ ਵਾਰ ਹਿੰਦੋਸਤਾਨ 'ਤੇ ਸੰਨ 1521 ਈ: ਵਿਚ ਹਮਲਾ ਕੀਤਾ ਤੇ ਉਹ ਸਿੱਧਾ ਸਿਆਲਕੋਟ ਵੱਲ ਵਧਿਆ ਸੀ। ਸਾਰਾ ਪੰਜਾਬ ਦੌਲਤ ਖਾਨ ਲੋਧੀ ਤੇ ਉਸ ਦੇ ਪੁੱਤਰਾਂ ਭਾਵ ਪਠਾਣਾਂ ਦੇ ਅਧੀਨ ਸੀ।

ਸਿਆਲਕੋਟ ਦੀਆਂ ਫੌਜਾਂ ਨੇ ਬਿਨਾਂ ਲੜਾਈ ਹਥਿਆਰ ਸੁੱਟ ਦਿੱਤੇ ਤੇ ਬਾਬਰ ਫਿਰ ਸੈਦਪੁਰ-ਐਮਨਾਬਾਦ ਵੱਲ ਵਧਿਆ। ਐਮਨਾਬਾਦ ਦੇ ਲੋਕਾਂ ਮੁਕਾਬਲਾ ਕੀਤਾ ਪਰ ਬਾਬਰ ਦੀਆਂ ਫੌਜਾਂ ਅੱਗੇ ਉਹ ਟਿਕ ਨਾ ਸਕੇ ਤੇ ਐਮਨਾਬਾਦ ਨੂੰ ਤਬਾਹ ਕਰ ਦਿੱਤਾ। ਸੈਦਪੁਰ ਦੇ ਕਤਲੇਆਮ ਬਾਰੇ ਇਹ ਧਾਰਨਾ ਪਾਈ ਜਾਂਦੀ ਹੈ ਕਿ ਉਸ ਵਕਤ ਗੁਰੂ ਨਾਨਕ ਦੇਵ ਜੀ ਸੰਨ 1521 ਈ. ਵਿਚ ਇਥੇ ਆਏ ਹੋਏ ਸਨ ਤੇ ਭਾਈ ਲਾਲੋ ਜੀ ਪਾਸ ਠਹਿਰੇ ਸਨ। ਗੁਰੂ ਜੀ ਨੇ ਭਾਈ ਲਾਲੋ ਜੀ ਨੂੰ ਸੰਬੋਧਨ ਕਰਦੇ ਹੋਏ ਫੁਰਮਾਇਆ :

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ
ਏਹਿ ਭੀ ਲੇਖੈ ਲਾਇ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ
ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥
(ਪੰਨਾ 722-23)

ਗੁਰੂ ਜੀ ਨੇ ਭਾਈ ਲਾਲੋ ਜੀ ਨੂੰ ਦਿੱਤੇ ਆਪਣੇ ਉਪਦੇਸ਼ ਰਾਹੀਂ ਉੱਚੀਆਂ ਜਾਤੀਆਂ ਦਾ ਭਰਮ ਤੋੜਿਆ। ਅਮੀਰ ਸ਼ਾਹਾਂ ਨੂੰ ਚੌਕਸ ਕੀਤਾ। ਐਸ਼ੋ-ਇਸ਼ਰਤ ਵਿਚ ਪਏ ਹੋਏ ਤੇ ਆਪਣੇ ਮੂਲ ਫਰਜਾਂ ਤੋਂ ਭੁੱਲੇ ਹੋਏ ਲੋਕਾਂ ਨੂੰ ਸੂਚਿਤ ਕੀਤਾ ਕਿ ਇਹ ਖੁਸ਼ੀ ਦੇ ਦਿਹਾੜੇ ਥੋੜ੍ਹੇ ਹੀ ਹਨ। ਉਨ੍ਹਾਂ, ਰੰਗ-ਰਲੀਆਂ ਮਨਾਉਣ ਵਾਲਿਆਂ ਲਈ ਭਵਿੱਖਬਾਣੀ ਕੀਤੀ ਕਿ ਇਸ ਤਰ੍ਹਾਂ ਦੇ ਰਾਜ ਖਤਮ ਹੋਣੇ ਹੀ ਹੁੰਦੇ ਹਨ:

ਸਾਹਾਂ ਸੁਰਤਿ ਗਵਾਈਆ
ਰੰਗਿ ਤਮਾਸੈ ਚਾਇ॥
(ਪੰਨਾ 417)

ਗੁਰੂ ਜੀ ਪਹਿਲਾਂ ਕਾਬਲ-ਕੰਧਾਰ ਦਾ ਹਾਲ ਤੱਕ ਆਏ ਸਨ। ਉਹ ਜਾਣਦੇ ਸਨ ਕਿ ਬਾਬਰ ਕਿਵੇਂ ਹੁਣ ਇਧਰ ਹਿੰਦੋਸਤਾਨ ਵੱਲ ਵਧਦਾ ਆ ਰਿਹਾ ਹੈ ਤਾਂ ਉਨ੍ਹਾਂ ਭਾਈ ਲਾਲੋ ਜੀ ਨੂੰ ਵਾਪਰਨ ਵਾਲੇ ਸਮੇਂ ਬਾਰੇ ਅਗਾਹ ਕਰਦੇ ਹੋਏ ਕਿਹਾ, "ਹੇ ਭਾਈ ਲਾਲੋ! ਐਸਾ ਮਾੜਾ ਵਕਤ ਆਵੇਗਾ ਕਿ ਮਨੁੱਖਾਂ ਦੇ ਸਰੀਰਾਂ ਦੇ ਟੋਟੇ ਗਲੀਆਂ ਵਿਚ ਰੁਲਣਗੇ। ਹਿੰਦੋਸਤਾਨ ਦੇ ਇਤਿਹਾਸ ਵਿਚ ਨਾ ਭੁੱਲਣ ਵਾਲਾ ਭਿਆਨਕ ਸਾਕਾ ਹੋ ਨਿਬੜੇਗਾ।"

ਬਾਬਰ ਸੈਦਪੁਰ (ਐਮਨਾਬਾਦ) 'ਤੇ ਕਾਬਜ਼ ਹੋ ਗਿਆ ਤਾਂ ਉਸ ਨੇ ਇਸ ਨੂੰ ਖੂਬ ਲੁੱਟਿਆ। ਬਾਬਰ ਨੇ ਹੁਕਮ ਦਿੱਤਾ ਸੈਦਪੁਰ ਵਿਚ ਵੱਸਦੇ ਸਭ ਲੋਕਾਂ ਨੂੰ ਕਤਲ ਕਰ ਦਿੱਤਾ ਜਾਏ। ਸੱਚਮੁਚ ਉਸ ਵਕਤ ਜਮਾਂ ਦੀ ਫੌਜ ਆ ਉਤਰੀ ਸੀ। ਅਤਿ ਦਾ ਜ਼ੁਲਮ ਢਾਹਿਆ ਗਿਆ। ਔਰਤਾਂ ਦੀ ਬੇਪਤੀ ਕੀਤੀ ਗਈ।ਹਿੰਦੂ ਕੀ ਤੇ ਮੁਸਲਮਾਨ ਕੀ ਸਭ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਜ਼ਨਾਨੀਆਂ ਨੂੰ ਗਲੀਆਂ ਵਿਚ ਘਸੀਟਿਆ ਗਿਆ, ਧੂਹਿਆ ਗਿਆ। ਪਲਾਂ ਵਿਚ ਹੀ ਮੌਜਾਂ ਮਾਣਦੇ ਲੋਕ ਮੌਤ ਦੇ ਘਾਟ ਉਤਾਰ ਦਿੱਤੇ ਗਏ। ਤਦ ਗੁਰੂ ਜੀ ਨੇ ਇਸ ਭਿਆਨਕ ਕਤਲੇਆਮ ਉਪਰ ਅਕਾਲ ਪੁਰਖ ਨੂੰ ਸੰਬੋਧਨ ਕਰਦੇ ਹੋਏ ਕਿਹਾ ∴ ਹੇ ਵਾਹਿਗੁਰੂ! ਤੂੰ ਖੁਰਾਸਾਨ ਦੀ ਰੱਖਿਆ ਤਾਂ ਕਰ ਲਈ, ਉਸ ਨੂੰ ਤਾਂ ਬਾਬਰ ਦੇ ਕਹਿਰ ਤੋਂ ਬਚਾ ਲਿਆ ਪਰ ਹਿੰਦੋਸਤਾਨ ਨੂੰ ਮੁਗਲਾਂ ਦੇ ਜ਼ੁਲਮ ਦਾ ਸ਼ਿਕਾਰ ਬਣਾ ਦਿੱਤਾ :

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ॥
ਕਰਤਾ ਤੂੰ ਸਭਨਾ ਕਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ
ਤਾ ਮਨਿ ਰੋਸੁ ਨ ਹੋਈ॥
(ਪੰਨਾ 360)

ਬਾਬਰ ਨੇ ਲਾਹੌਰ 'ਤੇ ਹੱਲਾ ਕੀਤਾ ਸੀ ਤੇ ਅਫਗਾਨਾਂ ਨੂੰ ਜ਼ਬਰਦਸਤ ਹਾਰ ਦਿੱਤੀ, ਉਥੇ ਵੀ ਚਾਰ ਦਿਨ ਲਾਹੌਰ ਦੀ ਤਬਾਹੀ ਹੁੰਦੀ ਰਹੀ। ਫਿਰ ਬਾਬਰ ਦੇ ਹੱਲੇ ਤੋਂ ਬਾਅਦ ਜਿਸ ਤਰ੍ਹਾਂ ਨਾਲ ਉਥੇ ਇਸਤਰੀਆਂ ਦੀ ਬੇਹੁਰਮਤੀ ਹੁੰਦੀ ਰਹੀ, ਲਾਹੌਰ ਦੇ ਰਾਜਸੀ ਘਰਾਣਿਆਂ ਤੇ ਅਮੀਰਾਂ-ਨਵਾਬਾਂ ਦੀਆਂ ਇਸਤਰੀਆਂ ਦੀ ਜੋ ਦੁਰਦਸ਼ਾ ਬਾਬਰ ਦੀਆਂ ਫੌਜਾਂ ਨੇ ਕੀਤੀ, ਉਸ ਦੀ ਯਥਾਰਥ ਤਸਵੀਰ ਗੁਰੂ ਸਾਹਿਬ ਜੀ ਨੇ ਇਸ ਤਰ੍ਹਾਂ ਬਿਆਨ ਕੀਤੀ ਹੈ :

ਜਿਨ ਸਿਰਿ ਸੋਹਨਿ ਪਟੀਆ
ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨ੍ਹਿ
ਗਲ ਵਿਚਿ ਆਵੈ ਧੂੜਿ॥
ਮਹਲਾ ਅੰਦਰਿ ਹੋਦੀਆ
ਹੁਣਿ ਬਹਣਿ ਨ ਮਿਲਨ੍ਹਿ ਹਦੂਰਿ॥
(ਪੰਨਾ 417)

ਗੁਰੂ ਜੀ ਅੱਗੇ ਜਾ ਕੇ ਲਿਖਦੇ ਹਨ ਜੇ ਪਹਿਲਾਂ ਹੀ ਇਹ ਵਾਹਿਗੁਰੂ ਨੂੰ ਨਾ ਵਿਸਾਰਦੀਆਂ ਤਾਂ



ਕੁਦਰਤ ਇਤਨੀ ਸਜ਼ਾ ਨਾ ਦਿੰਦੀ। ਇਨ੍ਹਾਂ ਧਨ-ਜੋਬਨ ਦੇ ਰੰਗ-ਰਸ ਵਿਚ ਧਰਮ ਨੂੰ ਤਿਆਗ ਦਿੱਤਾ, ਨੇਕੀ-ਪੁੰਨ ਵਿਸਰ ਗਏ, ਜਿਸ ਦੇ ਫਲਸਰੂਪ ਉਸੇ ਧਨ-ਜੋਬਨ ਨੇ ਸਭ ਰੰਗ-ਤਮਾਸ਼ਿਆਂ ਦਾ ਜਲੂਸ ਕੱਢ ਦਿੱਤਾ। ਐਸੀ ਬਾਬਰਸ਼ਾਹੀ ਫਿਰੀ ਕਿ ਸ਼ਹਿਜ਼ਾਦਿਆਂ ਨੂੰ ਵੀ ਉਸ ਵੇਲੇ ਰੋਟੀ ਦੇ ਦੋ ਟੁਕੜੇ ਵੀ ਨਸੀਬ ਨਹੀਂ ਸੀ ਹੁੰਦੇ :

ਅਗੋ ਦੇ ਜੇ ਚੇਤੀਐ
ਤਾਂ ਕਾਇਤੁ ਮਿਲੈ ਸਜਾਇ॥
ਸਾਹਾਂ ਸੁਰਤਿ ਗਵਾਈਆ
ਰੰਗਿ ਤਮਾਸੈ ਚਾਇ॥
ਬਾਬਰਵਾਣੀ ਫਿਰਿ ਗਈ
ਕੁਇਰੁ ਨ ਰੋਟੀ ਖਾਇ॥
(ਪੰਨਾ 417)

ਪਾਣੀਪਤ ਦੀ ਲੜਾਈ ਵੇਲੇ ਇਬਰਾਹੀਮ ਲੋਧੀ ਦਿੱਲੀ ਤੋਂ ਰਵਾਨਾ ਹੋਇਆ ਤਾਂ ਜੋਤਸ਼ੀਆਂ, ਦਰਵੇਸ਼ਾਂ ਤੇ ਪੀਰਾਂ ਨੇ ਭਰੋਸਾ ਦਿਵਾਇਆ ਕਿ ਜੋਤਸ਼ ਦੇ ਹਿਸਾਬ ਨਾਲ ਉਹ ਜ਼ਰੂਰ ਜਿੱਤੇਗਾ। ਬਾਬਰ ਦੀਆਂ ਫੌਜਾਂ ਅੰਨ੍ਹੀਆਂ ਹੋ ਜਾਣਗੀਆਂ ਪਰ ਜਦ ਬਾਬਰ ਨੇ ਹੱਲਾ ਕੀਤਾ ਤਾਂ ਅਜਿਹਾ ਕੁਝ ਨਹੀਂ ਹੋਇਆ। ਪੀਰਾਂ, ਨਜੂਮੀਆਂ ਦੇ ਜਾਦੂ ਮੰਤਰ ਨੇ ਕੋਈ ਰੰਗ ਨਹੀਂ ਵਿਖਾਇਆ। ਗੁਰੂ ਜੀ ਨੇ ਪੀਰਾਂ-ਫਕੀਰਾਂ ਦੀਆਂ ਝੂਠੀਆਂ ਕਰਾਮਾਤਾਂ ਨੂੰ ਨੰਗਿਆਂ ਕਰਦੇ ਹੋਏ ਫੁਰਮਾਇਆ :

ਥਾਨ ਮੁਕਾਮ ਜਲੇ ਬਿਜ ਮੰਦਰ
ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਆ ਅੰਧਾ
ਕਿਨੈ ਨ ਪਰਚਾ ਲਾਇਆ॥
ਮੁਗਲ ਪਠਾਣਾ ਭਈ ਲੜਾਈ
ਰਣ ਮਹਿ ਤੇਗ ਵਗਾਈ॥
ਓਨ੍ਹੀ ਤੁਪਕ ਤਾਣਿ ਚਲਾਈ
ਓਨ੍ਹੀ ਹਸਤਿ ਚਿੜਾਈ॥
ਜਿਨ੍ਹ ਕੀ ਚੀਰੀ ਦਰਗਹ
ਪਾਟੀ ਤਿਨ੍ਹਾ ਮਰਣਾ ਭਾਈ॥
(ਪੰਨਾ 418)

ਇਸ ਜੰਗ ਤੋਂ ਬਾਅਦ ਜੋ ਦੁਰਦਸ਼ਾ ਹੋਈ ਤੇ ਕਹਿਰ ਢਾਹਿਆ ਗਿਆ, ਇਤਿਹਾਸਕਾਰਾਂ ਦਾ ਮੱਤ ਹੈ ਕਿ ਗੁਰੂ ਜੀ ਖੁਦ ਉਸ ਦੁਰਦਸ਼ਾ ਨੂੰ ਤੱਕਣ ਲਈ ਗਏ। ਮੈਦਾਨ-ਏ-ਜੰਗ ਵਿਚ ਹਾਥੀ, ਘੋੜੇ ਤੇ ਮਹਿਲ-ਮਾੜੀਆਂ ਦੀ ਤਬਾਹੀ ਤੋਂ ਇਲਾਵਾ ਦਿੱਲੀ ਤੱਕ ਦੇ ਸ਼ਹਿਰਾਂ ਦਾ ਬੁਰਾ ਹਾਲ ਕੀਤਾ ਗਿਆ। ਉਨ੍ਹਾਂ ਹੰਕਾਰੀ ਹਕੂਮਤਾਂ ਦੇ ਹਸ਼ਰ ਬਾਰੇ ਗੁਰੂ ਜੀ ਨੇ ਇਸ ਤਰ੍ਹਾਂ ਅੰਕਿਤ ਕੀਤਾ ਹੈ :

ਕਹਾ ਸੁ ਖੇਲ ਤਬੇਲਾ
ਘੋੜੇ ਕਹਾ ਭੇਰੀ ਸਹਨਾਈ॥
ਕਹਾ ਸੁ ਤੇਗਬੰਦ ਗਾਡੇਰੜਿ
ਕਹਾ ਸੁ ਲਾਲ ਕਵਾਈ॥
ਕਹਾ ਸੁ ਆਰਸੀ ਮੁਹ ਬੰਕੇ
ਐਥੈ ਦਿਸਹਿ ਨਾਹੀ॥
ਇਹੁ ਜਗੁ ਤੇਰਾ ਤੂ ਗੋਸਾਈ॥
ਏਕ ਘੜੀ ਮਹਿ ਥਾਪਿ ਉਥਾਪੇ
ਜਰੁ ਵੰਡਿ ਦੇਵੈ ਭਾਂਈ॥
(ਪੰਨਾ 417)

'ਬਾਬਰਵਾਣੀ' ਸ਼ਬਦ ਵਰਤੋਂ ਆਸਾ ਰਾਗ ਦੀ ਅਸਟਪਦੀ 11 ਵਿਚ ਇਸ ਤਰ੍ਹਾਂ ਹੋਈ:

ਸਾਹਾਂ ਸੁਰਿਤ ਗਵਾਈਆ
ਰੰਗਿ ਤਮਾਸੈ ਚਾਇ॥
ਬਾਬਰਵਾਣੀ ਫਿਰਿ ਗਈ
ਕੁਇਰੁ ਨ ਰੋਟੀ ਖਾਇ॥
(ਪੰਨਾ 417)

ਗੁਰੂ ਜੀ ਨੇ ਇਸ ਬਾਬਰਵਾਣੀ ਰੂਪੀ ਰਚਨਾ ਵਿਚ ਚਾਰ ਸ਼ਬਦਾਂ (1. ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥... 2. ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥... 3. ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਿਨਾਈ॥... 4. ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥) ਦਾ ਉਚਾਰਨ ਕੀਤਾ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਬਾਬਰਵਾਣੀ ਵਿਚ ਗੁਰੂ ਸਾਹਿਬ ਨੇ ਰਾਜਨੀਤਿਕ ਦ੍ਰਿਸ਼ਟੀ ਦੇ ਵਰਨਣ ਤੋਂ ਇਲਾਵਾ ਬਾਬਰ ਬਾਦਸ਼ਾਹ ਦੇ ਘਿਨਾਉਣੇ ਕਾਰਨਾਮਿਆਂ ਨੂੰ ਕੋਸਿਆ ਹੈ। ਇਸ ਤੋਂ ਇਲਾਵਾ ਡਿੱਗੇ ਇਖਲਾਕੀ ਮਿਆਰ ਤੇ ਕੁਰੱਪਟ ਸਿਆਸਤ ਨੂੰ ਕੋਹਿਆ ਹੈ। ਕੁਝ ਇਤਿਹਾਸਕਾਰਾਂ ਦਾ ਮੱਤ ਹੈ ਕਿ ਬਾਬਰਵਾਣੀ ਰੂਪੀ ਸਮੁੱਚੀ ਰਚਨਾ ਸੈਦਪੁਰ (ਐਮਨਾਬਾਦ) ਦੇ ਜੰਗੀ ਹਾਲਾਤ ਤੇ ਹੋਏ ਕਤਲੇਆਮ 'ਤੇ ਅਧਾਰਤ ਹੈ। ਪਰ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਬਾਬਰਵਾਣੀ ਦੇ ਚਾਰੇ ਸ਼ਬਦ ਐਮਨਾਬਾਦ, ਲਾਹੌਰ ਤੇ ਪਾਣੀਪਤ ਦੀਆਂ ਜੰਗਾਂ ਉਪਰ ਵੱਖਰੇ-ਵੱਖਰੇ ਉਲੇਖ ਹਨ। ਇਨਸਾਕਲੋਪੀਡੀਆ ਆਫ਼ ਸਿੱਖਇਜ਼ਮ ਮੁਤਾਬਿਕ ਇਹ ਸ਼ਬਦ (ਸੈਦਪੁਰ ਸੰਨ 1521 ਈ., ਲਾਹੌਰ ਦੀ ਤਬਾਹੀ ਸੰਨ 1524 ਈ. ਤੇ ਪਾਣੀਪਤ ਦੀ ਲੜਾਈ ਸੰਨ 1526 ਈ.) ਤਿੰਨਾਂ ਹੱਲਿਆਂ ਨੂੰ ਮੁਖਾਤਿਬ ਹੋ ਕੇ ਗੁਰੂ ਜੀ ਨੇ ਇਹ ਸ਼ਬਦ ਰਚੇ ਹਨ।

ਗੁਰੂ ਜੀ ਤੇ ਬਾਬਰ ਦੇ ਮੇਲ ਬਾਰੇ 'ਭਾਈ ਬਾਲੇ ਦੀ ਜਨਮ ਸਾਖੀ', 'ਮਹਿਮਾ ਪ੍ਰਕਾਸ਼' ਅਨੁਸਾਰ ਗੁਰੂ ਜੀ ਨੂੰ ਸੈਦਪੁਰ (ਐਮਨਾਬਾਦ) ਵਿਖੇ ਕੈਦੀ ਬਣਾਇਆ ਗਿਆ। ਪਰ ਬਾਅਦ ਵਿਚ ਜਦ ਬਾਬਰ ਨੇ ਗੁਰੂ ਜੀ ਦੀ ਵਿਚਾਰਧਾਰਾ ਤੇ ਅਜ਼ਮਤ ਜਾਣੀ ਤਾਂ ਉਸ ਨੇ ਗੁਰੂ ਜੀ ਨੂੰ ਰਿਹਾਅ ਕਰ ਦਿੱਤਾ। ਉਸ ਨੇ ਗੁਰੂ ਜੀ ਦੀ ਪੈਗੰਬਰੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਨੂੰ ਸਲਾਮ ਕੀਤੀ ਤੇ ਕਿਹਾ ∴ ਨਾਨਕ ਵਿਚੋਂ ਖੁਦਾ ਦਾ ਦੀਦਾਰ ਹੁੰਦਾ। ਜਦ ਬਾਬਰ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦੇਵ ਜੀ ਉੱਚੀ ਅਵਸਥਾ ਵਾਲੇ ਮਹਾਂਪੁਰਖ ਹਨ ਤਾਂ ਉਸ ਨੇ ਦੌਲਤ ਖਾਨ ਲੋਧੀ ਨੂੰ ਪੁੱਛਿਆ, "ਉਹ ਨਾਨਕ ਫਕੀਰ ਦਾ ਦੀਦਾਰ ਕਰਨ ਲੱਗਾ ਕੀ ਭੇਟ ਕਰੇ" ਤਾਂ ਦੌਲਤ ਖਾਨ ਦਾ ਉੱਤਰ ਸੀ "ਬਾਬਰ! ਤੇਰੇ ਕੋਲ ਭੇਟ ਕਰਨ ਲਈ ਹੈ ਹੀ ਕੀ ਭਾਵ ਤੇਰੇ ਕੋਲ ਭੇਟ ਕਰਨ ਨੂੰ ਕੁਝ ਨਹੀਂ, ਉਹ ਤਾਂ ਮੀਰੀ-ਪੀਰੀ ਦਾ ਮਾਲਕ ਹੈ" :

ਮੀਰੀ ਪੀਰੀ ਉਨ ਦੋਨੋ ਪਾਹਿ॥
ਦੇਖੋਗੇ ਤੁਮ ਨੇੜੇ ਜਾਹਿ॥

ਤਦ ਬਾਬਰ ਨੇ ਗੁਰੂ ਜੀ ਨੂੰ ਕਿਹਾ, "ਹੇ ਰੱਬ ਦੇ ਪਿਆਰੇ! ਖਿਮਾ ਕਰ ਤੇ ਸਾਡੇ ਵੱਲੋਂ ਕੁਝ ਨਜ਼ਰ ਕਬੂਲ ਕਰ।" ਤਾਂ ਕਿਰਪਾ ਦੇ ਸਾਗਰ ਗੁਰੂ ਜੀ ਨੇ ਆਖਿਆ, "ਅਸਾਂ ਨੂੰ ਲੋੜ ਕਿਛੁ ਨਹੀਂ। ਨਜ਼ਰ ਦੇਣੀ ਹਈ ਤਾਂ ਬੰਦ-ਖਲਾਸ ਕਰ। ਇਨ੍ਹਾਂ ਦਾ ਮਾਲ ਮੋੜ ਦੇ।" ਤਾਂ ਬਾਬਰ ਨੇ ਬੰਦੀ ਛੱਡ ਦਿੱਤੇ, ਮਾਲ-ਅਸਬਾਬ ਵਾਪਸ ਕਰ ਦਿੱਤਾ।

ਇਤਿਹਾਸਕਾਰ ਲਿਖਦੇ ਹਨ ਕਿ ਬਾਬਰ ਨੇ ਦੁਆ ਮੰਗੀ ਤਾਂ ਗੁਰੂ ਜੀ ਕਿਹਾ, ਜੇ ਮਿਹਰ ਲੋਚਦਾ ਹੈਂ ਤਾਂ ਸਾਰੇ ਕੈਦੀ ਛੋੜ ਦੇਹ।" ਤਦ ਬਾਬਰ ਕਿਹਾ, "ਜੋ ਹੁਕਮ ਕਰੋ ਕਰਦਾ ਹਾਂ, ਪਰ ਦੁਆ ਕਰੋ, ਮੇਰਾ ਰਾਜ ਨਾ ਹਿਲੇ।" ਤਾਂ ਗੁਰੂ ਜੀ ਫੁਰਮਾਇਆ ਤੇਰਾ ਰਾਜ ਰਹੇਗਾ ਜੇ ਤੂੰ ਇਨਸਾਫ਼ ਨਾਲ ਫੈਸਲੇ ਕਰੇਗਾ, ਸੰਤਾਂ-ਫਕੀਰਾਂ ਦਾ ਇੱਜ਼ਤ ਮਾਣ ਕਰੇਗਾ, ਸ਼ਰਾਬ ਜੂਏ ਤੋਂ ਦੂਰ ਰਹੇਂਗਾ, ਹਾਰਨ ਵਾਲਿਆਂ ਨਾਲ ਮਿਹਰਬਾਨੀ ਤੇ ਰੱਬ ਦੀ ਸੱਚੇ ਦਿਲੋਂ ਪੂਜਾ ਕਰੇਂਗਾ।

# ਮਹਾਨ ਸ਼ਖ਼ਸ਼ੀਅਤ : ਗੁਰੂ ਨਾਨਕ ਜੀ ਦਾ ਸੇਵਕ ਬਾਬਾ ਬੁੱਢਾ ਜੀ

**ਬਾਬਾ ਸਰਬਜੋਤ ਸਿੰਘ**

ਪੂਰਨ ਗੁਰਸਿੱਖ ਬਾਬਾ ਬੁੱਢਾ ਜੀ ਦਾ ਜਨਮ 7 ਕੱਤਕ ਸੰਮਤ 1563 ਨੂੰ ਸੁੰਘੇ ਰੰਧਾਵੇ ਦੇ ਘਰ ਮਾਤਾ ਗੋਰਾਂ ਦੀ ਕੁੱਖ ਵਿਚੋਂ ਹੋਇਆ। ਆਪ ਜੀ ਦਾ ਨਾਂਅ ਬੂੜਾ ਰੱਖਿਆ ਗਿਆ। ਬਾਲਕ ਅਵਸਥਾ ਵਿਚ ਆਪ ਗਊਆਂ-ਮੱਝਾਂ ਚਾਰ ਰਹੇ ਸਨ ਕਿ ਆਪ ਦਾ ਮਿਲਾਪ ਗੁਰੂ ਨਾਨਕ ਪਾਤਸ਼ਾਹ ਨਾਲ ਸੰਮਤ 1575 ਈ. ਨੂੰ ਆਪਣੀ ਹੀ ਜਨਮ ਭੂਮੀ ਕੱਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਦੀ ਧਰਤੀ 'ਤੇ ਹੋਇਆ। ਆਪ ਜੀ ਨੇ ਪ੍ਰੇਮ-ਵੱਸ ਹੋ ਕੇ ਗੁਰੂ ਨਾਨਕ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਦੁੱਧ ਅਰਪਣ ਕੀਤਾ। ਵਿਵੇਕ ਵਚਨਾਂ ਦੀ ਸਾਂਝ ਉਪਰੰਤ ਗੁਰੂ ਨਾਨਕ ਪਾਤਸ਼ਾਹ ਨੇ ਪ੍ਰਵਚਨ ਕੀਤੇ ਕਿ ਤੇਰੀ ਉਮਰ ਭਾਵੇਂ ਛੋਟੀ ਹੈ ਪਰ ਸੂਝ ਵੱਡੀ ਹੋਣ ਕਾਰਨ ਤੂੰ ਬੁੱਢਾ (ਬਿਰਧ) ਹੈਂ। ਉਸ ਦਿਨ ਤੋਂ ਬਾਅਦ ਉਹ ਬੂੜਾ ਤੋਂ ਬੁੱਢਾ ਜੀ ਪ੍ਰਸਿੱਧ ਹੋ ਗਏ।

ਗੁਰੂ ਨਾਨਕ ਪਾਤਸ਼ਾਹ ਜੀ ਦੀ ਅਪਾਰ ਕਿਰਪਾ ਕਾਰਨ ਆਪ ਗੁਰਮਤਿ ਦੀ ਕਸੌਟੀ ਵਿਚ ਪੂਰੇ ਉਤਰੇ। ਪੰਜ ਸਿੱਖਾਂ ਵਿਚ ਗੁਰੂ ਅੰਗਦ ਦੇਵ ਜੀ ਤੋਂ ਬਾਅਦ ਆਪ ਦਾ ਨਾਂਅ ਆਉਂਦਾ ਹੈ।

ਗੁਰੂ ਅਮਰਦਾਸ ਜੀ ਪਿੰਡ ਬਾਸਰਕੇ ਵਿਚ ਇਕ ਕੱਚੇ ਕੋਠੇ ਦਾ ਦਰਵਾਜ਼ਾ ਬੰਦ ਕਰਕੇ ਬੈਠ ਗਏ ਅਤੇ ਦਰਵਾਜ਼ੇ ਉੱਪਰ ਇਹ ਲਿਖ ਦਿੱਤਾ ਕਿ ਜੇ ਕੋਈ ਦਰਵਾਜ਼ਾ ਖੋਲ੍ਹੇਗਾ ਤਾਂ ਉਸ ਦੇ ਲੋਕ-ਪਰਲੋਕ ਵਿਗੜ ਜਾਣਗੇ। ਜਦੋਂ ਸੰਗਤਾਂ ਨੂੰ ਦਰਸ਼ਨ ਨਾ ਹੋਏ ਤਾਂ ਵਿਆਕੁਲ ਹੋਣਾ ਸੁਭਾਵਿਕ ਹੀ ਸੀ। ਸੰਗਤਾਂ ਇਕੱਤਰ ਹੋ ਕੇ ਆਪ ਜੀ ਦੀ ਦੂਰ-ਦ੍ਰਿਸ਼ਟੀ ਪਾਸ ਆਈਆਂ। ਇਹ ਆਪ ਜੀ ਦੀ ਨਿਮਰਤਾ ਸੀ ਕਿ ਆਪ ਨੇ ਆਪਣੇ-ਆਪ ਨੂੰ ਨਹੀਂ ਅਖਵਾਇਆ, ਸੰਗਤਾਂ ਨੂੰ ਇਹ ਆਖਿਆ ਕਿ ਗੁਰੂ ਅਮਰਦਾਸ ਜੀ ਜਿਸ ਘੋੜੀ 'ਤੇ ਅਸਵਾਰੀ ਕਰਦੇ ਹਨ, ਉਹ ਘੋੜੀ ਛੱਡ ਦੇਵੋ, ਪਿੱਛੇ ਆਪਾਂ ਸਾਰੇ ਚੱਲੀਏ, ਜਿਥੇ ਘੋੜੀ ਰੁਕੇਗੀ, ਉਥੇ ਗੁਰੂ ਸਾਹਿਬਾਨ ਹੋਣਗੇ। ਇਸੇ ਤਰ੍ਹਾਂ ਹੀ ਹੋਇਆ। ਜਦੋਂ ਦਰਵਾਜ਼ੇ 'ਤੇ ਗੁਰੂ ਕਾ ਹੁਕਮ ਲਿਖਿਆ ਦੇਖਿਆ, ਤਾਂ ਆਪ ਨੇ ਦਰਵਾਜ਼ਾ ਨਹੀਂ ਖੋਲ੍ਹਿਆ ਬਲਕਿ ਕੰਧ ਪਾੜ ਕੇ ਅੰਦਰ ਗਏ। ਇਥੋਂ ਪਤਾ ਲਗਦਾ ਹੈ ਕਿ ਬਾਬਾ ਬੁੱਢਾ ਜੀ ਕਿੰਨਾ ਗੁਰੂ ਦੇ ਹੁਕਮਾਂ ਦਾ ਸਤਿਕਾਰ ਕਰਦੇ ਸਨ। ਗੁਰੂ ਅਰਜਨ ਦੇਵ ਜੀ ਨੇ ਆਪ ਨੂੰ ਸਨਮਾਨਯੋਗ ਪਦਵੀ 1661 ਸੰਮਤ ਬਿਕਰਮੀ ਵਿਚ ਹਰਿਮੰਦਰ ਸਾਹਿਬ ਦਾ ਪਹਿਲਾ ਗ੍ਰੰਥੀ ਹੋਣ ਦੀ ਬਖਸ਼ੀ। ਇਥੇ ਹੀ ਬੱਸ ਨਹੀਂ, ਬਲਕਿ ਗੁਰੂ ਪਾਤਸ਼ਾਹ ਨੇ ਮਾਤਾ ਗੰਗਾ ਜੀ ਨੂੰ ਪੁੱਤਰ ਦਾ ਵਰ ਲੈਣ ਲਈ ਬੀੜ ਸਾਹਿਬ ਬਾਬਾ ਬੁੱਢਾ ਜੀ ਪਾਸ ਭੇਜਿਆ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਅਜੋਕਾ ਵਿਦਵਾਨ ਸਿੱਖ ਵਿੱਦਿਆ ਦੇ ਹੰਕਾਰ ਵਿਚ ਇਸ ਇਤਿਹਾਸ ਤੋਂ ਮੁਨਕਰ ਹੈ ਪਰ ਗੁਰੂ ਸਾਹਿਬ ਜੀ ਦੀ ਇਹ ਨਿਮਰਤਾ ਹੀ ਸੀ ਜੋ ਬਾਬਾ ਬੁੱਢਾ ਜੀ ਪਾਸ ਮਾਤਾ ਗੰਗਾ ਜੀ ਨੂੰ ਭੇਜਿਆ।



ਜਿਸ ਥਾਂ 'ਤੇ ਆਪ ਜੀ ਨੇ ਜ਼ਿੰਦਗੀ ਦੇ ਸਭ ਤੋਂ ਵੱਧ ਦਿਨ ਗੁਜ਼ਾਰੇ, ਉਹ 'ਬਾਬਾ ਬੁੱਢਾ ਜੀ ਦੀ ਬੀੜ ਸਾਹਿਬ' ਕਰਕੇ ਪ੍ਰਸਿੱਧ ਹੈ, ਜੋ ਜ਼ਿਲ੍ਹਾ ਅੰਮ੍ਰਿਤਸਰ ਦੇ ਝਬਾਲ ਇਲਾਕੇ ਵਿਚ ਪਿੰਡ ਠੱਟਾ ਅਰਥਾਤ ਠੱਠਾ ਤੋਂ ਪੱਛਮ ਦਿਸ਼ਾ ਤੋਂ ਕਰੀਬ ਇਕ ਮੀਲ ਹੈ। ਇਸ ਬੀੜ ਦਾ ਪਹਿਲਾਂ ਰਕਬਾ ਬਹੁਤ ਸੀ। ਅੰਗਰੇਜ਼ੀ ਅਮਲਦਾਰੀ ਤੋਂ ਬਾਅਦ ਇਹ ਘਟ ਕੇ 667 ਕਨਾਲ ਹੀ ਰਹਿ ਗਿਆ। ਇਸ ਬੀੜ ਨੂੰ ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਜੀ ਦੇ ਸਮੇਂ ਗੁਰੂ ਘਰ ਨੂੰ ਅਰਪਣ ਕੀਤਾ ਸੀ ਪਰ ਗੁਰੂ ਹਰਗੋਬਿੰਦ ਪਾਤਸ਼ਾਹ ਦਾ ਵਰ ਮਾਤਾ ਗੰਗਾ ਜੀ ਨੂੰ ਇਸੇ ਬੀੜ ਦੇ ਅਸਥਾਨ ਤੋਂ ਗੁਰੂ ਅਰਜਨ ਦੇਵ ਜੀ ਦੇ ਹੁਕਮ ਨਾਲ ਬਾਬਾ ਬੁੱਢਾ ਜੀ ਤੋਂ ਪ੍ਰਾਪਤ ਹੋਇਆ ਸੀ। ਧੀਰਜਵਾਨ ਪੂਰਨ ਬ੍ਰਹਮਗਿਆਨੀ ਪੁਰਸ਼ ਬਾਬਾ ਬੁੱਢਾ ਜੀ ਲੰਮੀ ਉਮਰ ਭੋਗ ਕੇ 14 ਮੱਘਰ ਸੰਮਤ 1668 ਨੂੰ ਪਿੰਡ ਰਾਮਦਾਸ ਅੰਮ੍ਰਿਤਸਰ ਵਿਖੇ ਸਰੀਰ ਤਿਆਗ ਗਏ। ਆਪ ਜੀ ਦਾ ਸਸਕਾਰ ਗੁਰੂ ਹਰਗੋਬਿੰਦ ਜੀ ਨੇ ਆਪਣੇ ਮੁਬਾਰਕ ਹੱਥਾਂ ਨਾਲ ਕੀਤਾ।

ਅੰਮ੍ਰਿਤਸਰ ਟਾਈਮਜ਼
AMRITSAR TIMES
21 ਨਵੰਬਰ 2018 ਤੋਂ 27 ਨਵੰਬਰ 2018

*ਮਹਿਮਾਨ ਸੰਪਾਦਕੀ*

# ਸਿੱਖਾਂ ਪ੍ਰਤੀ ਮੀਡੀਆ-ਪੱਖਪਾਤ ਦਾ ਕੌੜਾ ਸੱਚ

**-ਪਰਮਜੀਤ ਸਿੰਘ**

ਇਸ ਗੱਲ ਦੇ ਪੁਖਤਾ ਬਿਰਤਾਂਤ, ਤੱਥ ਤੇ ਵੇਰਵੇ ਸਾਹਮਣੇ ਆ ਚੁੱਕੇ ਹਨ ਕਿ ਕਿੰਞ ਭਾਰਤੀ ਮੀਡੀਆ ਦੇ ਇਕ ਹਿੱਸੇ ਵੱਲੋਂ ਸਿੱਖਾਂ ਵਿਰੁੱਧ ਮਿੱਥ ਕੇ ਗਲਤ ਧਾਰਨਾਵਾਂ ਨੂੰ ਪ੍ਰਚਲਤ ਕੀਤਾ ਜਾ ਰਿਹਾ ਹੈ। 'ਜੂਨ 1984 ਦੀ ਪੱਤਰਕਾਰੀ' ਅਤੇ 'ਅਮਬੈਡਿਡ ਜਰਨਲਿਜ਼ਮ - ਮੀਡੀਆ ਪਰੌਜੈਕਸ਼ਨ ਆਫ ਸਿੱਖਸ ਐਜ਼ ਡੀਮਨਸ' ਘੱਟੋ-ਘੱਟ ਅਜਿਹੀਆਂ ਦੋ ਕਿਤਾਬਾਂ ਹਨ, ਜਿਹੜੀਆਂ ਭਾਰਤੀ ਮੀਡੀਆ ਦੀ ਨਿਰਪੱਖਤਾ ਦੇ ਭਰਮ ਨੂੰ ਚਕਨਾਚੂਰ ਕਰਦੀਆਂ ਹਨ। ਇਹਨਾਂ ਕਿਤਾਬਾਂ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਮੀਡੀਆ ਨੇ ਮਨਘੜਤ ਤੋਂ ਲੈ ਕੇ ਭੁਲੇਖਾ ਪਾਊ ਅਤੇ ਝੂਠੀਆਂ ਤੋਂ ਲੈ ਕੇ ਪੱਖਪਾਤੀ ਤਕ ਖਬਰਾਂ ਲਾਈਆਂ ਤੇ ਸਿੱਖਾਂ ਵਿਰੁੱਧ ਨਾਕਾਰਤਮਕ ਵਿਚਾਰ ਸਮਾਜ ਵਿਚ ਫੈਲਾਏ।

ਅੱਜ ਦੇ ਮਾਹੌਲ ਵਿਚ ਫਿਰ ਉਹੀ ਸਾਰਾ ਕੁਝ ਮੁੜ ਵਾਪਰਦਾ ਨਜ਼ਰ ਆ ਰਿਹਾ ਹੈ। ਬੀਤੇ ਦਿਨੀਂ ਭਾਰਤੀ ਫੌਜ ਮੁਖੀ ਨੇ 'ਪੰਜਾਬ ਵਿਚ ਅਗੇਤੀ ਕਾਰਵਾਈ' ਕਰਨ ਦੀ ਕਥਿਤ ਲੋੜ ਬਾਰੇ ਦਿੱਤੇ ਬਿਆਨ ਨੂੰ ਮੀਡੀਆ ਵੱਲੋਂ ਵਧਵੇਂ ਤੌਰ ਉਤੇ ਚੁੱਕਿਆ ਜਾ ਰਿਹਾ ਹੈ। ਗੱਲ ਸਿਰਫ ਇੱਥੋਂ ਤਕ ਹੀ ਸੀਮਤ ਨਹੀਂ ਹੈ ਕਿ ਮੀਡੀਆ ਸਰਕਾਰ, ਪੁਲਿਸ, ਖੂਫੀਆ ਏਜੰਸੀਆਂ ਜਾਂ ਫੌਜ ਮੁਖੀ ਵਗੈਰਾ ਵੱਲੋਂ ਦਿੱਤੇ ਜਾ ਰਹੇ ਬਿਆਨਾਂ ਨੂੰ ਪਾਰਖੂ ਅੱਖ ਨਾਲ ਨਹੀਂ ਵੇਖਦਾ ਜਾਂ ਮਹਿਜ਼ ਅੱਖਾਂ ਬੰਦ ਕਰਕੇ ਉਸ ਨੂੰ ਦੁਹਰਾਉਣ ਲੱਗ ਜਾਂਦਾ ਹੈ, ਬਲਕਿ ਮੀਡੀਆ ਵੱਲੋਂ ਇਸ ਤੋਂ ਵੀ ਅਗਾਂਹ ਖਬਰਾਂ ਨੂੰ ਅਜਿਹੇ ਭੁਲੇਖਾ ਪਾਊ ਤਰੀਕੇ ਨਾਲ ਪੇਸ਼ ਕੀਤਾ ਜਾ ਰਿਹਾ ਹੈ ਕਿ ਜਿਸ ਨਾਲ ਅਸਿੱਧੇ ਤੌਰ ਉੱਤੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਸਕੇ।

ਇਸ ਦੀ ਇਕ ਮਿਸਾਲ ਉਸ ਵੇਲੇ ਸਾਹਮਣੇ ਆਈ ਜਦੋਂ ਬੀਬੀਸੀ. ਪੰਜਾਬੀ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਅਦਲੀਵਾਲ (ਨੇੜੇ ਰਾਜਾਸਾਂਸੀ) ਵਿਖੇ ਨਿਰੰਕਾਰੀ ਭਵਨ ਵਿਚ ਹੋਏ ਧਮਾਕੇ, ਜਿਸ ਬਾਰੇ ਇਹ ਜਾਣਕਾਰੀ ਸਾਹਮਣੇ ਆਈ ਕਿ ਮੋਟਰਸਾਇਕਲ ਸਵਾਰ ਦੋ ਜਣਿਆਂ, ਨੇ ਹੱਥ ਗੋਲਾ ਸੁੱਟ ਕੇ ਇਹ ਹਮਲਾ ਕੀਤਾ ਸੀ, ਤੋਂ ਬਾਅਦ ਨਿਰੰਕਾਰੀ ਮੰਡਲ ਬਾਰੇ ਲਿਖਤ ਛਾਪੀ। ਇਸ ਦੀ ਆਪਣੇ ਫੇਸਬੁੱਕ ਪੰਨੇ ਉਤੇ ਜਾਣ-ਪਛਾਣ ਦੇ ਤੌਰ ਉਤੇ ਇਹ ਸਤਰਾਂ ਸ਼ਾਮਲ ਕੀਤੀਆਂ ਗਈਆਂ ਕਿ ਸੰਨ 1978 ਦੀ ਵਿਸਾਖੀ ਤੋਂ ਚਲਿਆ ਆ ਰਿਹਾ ਸਿੱਖ ਤੇ ਨਿਰੰਕਾਰੀਆਂ ਦਾ ਪਾੜਾ ਮੁੜ ਕੇ ਖ਼ਤਮ ਨਹੀਂ ਹੋਇਆ। ਜਦਕਿ ਕਾਫੀ ਸਮੇਂ ਤੋਂ ਦੋਹਾਂ ਭਾਈਚਾਰਿਆਂ ਵੱਲੋਂ ਸੰਜਮ ਤੋਂ ਕੰਮ ਲਿਆ ਗਿਆ ਤੇ ਕਿਸੇ ਤਰ੍ਹਾਂ ਦਾ ਕੋਈ ਲੜਾਈ-ਝਗੜਾ ਵੀ ਨਹੀਂ ਹੋਇਆ। ਜਦੋਂ ਬੀਬੀਸੀ ਦੀ ਇਹ ਟਿੱਪਣੀ ਸੁਹਿਰਦ ਪਾਠਕਾਂ ਦੀ ਨਜ਼ਰੀਂ ਪਈ ਤਾਂ ਉਹਨਾਂ ਇਸ ਦਾ ਭਰਵਾਂ ਵਿਰੋਧ ਕੀਤਾ। ਪਾਠਕਾਂ ਨੇ ਕਿਹਾ ਕਿ ਇੱਥੇ ਬੀਬੀਸੀ. ਬਿਨਾ ਕਿਸੇ ਬਿਨਾਅ ਦੇ ਆਮ ਪਾਠਕ ਦੇ ਮਨ ਵਿਚ ਇਹ ਗੱਲ ਬਿਠਾਉਣੀ ਚਾਹ ਰਿਹਾ ਹੈ ਕਿ ਇਸ ਹਮਲੇ ਪਿੱਛੇ ਸਿੱਖਾਂ ਦਾ ਹੱਥ ਹੈ।

ਇੱਥੇ ਮਸਲਾ ਸਿੱਧੀ ਗਲਤ ਬਿਆਨੀ ਦਾ ਨਹੀਂ ਸੀ ਬਲਕਿ ਪੇਸ਼ਕਾਰੀ ਦੇ ਟੇਢ ਦਾ ਸੀ, ਜਿਸ ਉੱਤੇ ਸੁਹਿਰਦ ਪਾਠਕਾਂ ਨੇ ਡਟਵਾਂ ਵਿਰੋਧ ਕੀਤਾ। ਇਸ ਤੋਂ ਬਾਅਦ ਬੀਬੀਸੀ. ਪੰਜਾਬੀ ਨੇ ਖਬਰ ਦੀ ਜਾਣ-ਪਛਾਣ ਵਿਚ ਲਿਖੀ ਉਕਤ ਸਤਰ ਨੂੰ ਬਦਲ ਦਿੱਤਾ। ਇਹ ਬਹੁਤ ਗੰਭੀਰ ਮਾਮਲਾ ਹੈ ਅਤੇ ਇਸ ਧਮਾਕੇ ਦੀ, ਜੋ ਮੁੱਢਲੀ ਪੁਲਿਸ ਜਾਂਚ ਹੋਈ ਹੈ, ਉਸ ਵਿਚ ਇਹ ਨਹੀਂ ਆਇਆ ਕਿ ਇਹ ਕਾਰਵਾਈ ਪੁਰਾਣੇ ਵਿਵਾਦ ਜਾਂ ਸਿੱਖਾਂ ਤੇ ਨਿਰੰਕਾਰੀਆਂ ਦੇ ਟਕਰਾਅ ਕਰਕੇ ਹੋਈ ਹੋਵੇ। ਗੱਲ ਸਿਰਫ ਬੀਬੀਸੀ. ਪੰਜਾਬੀ ਤਕ ਸੀਮਤ ਨਹੀਂ ਹੈ, ਜੇਕਰ ਅਜਿਹਾ ਹੁੰਦਾ ਤਾਂ ਸ਼ਾਇਦ ਕੁਝ ਬਚਾਅ ਰਹਿ ਜਾਂਦਾ ਕਿਉਂਕਿ ਜੋ ਪੱਤਰਕਾਰੀ ਖਬਰਾਂ ਵਾਲੇ ਕਹੇ ਜਾਂਦੇ ਟੀਵੀ. ਚੈਨਲਾਂ ਉਤੇ ਹੋਈ ਹੈ, ਉਸ ਨੇ ਤਾਂ ਨਿਵਾਣ ਦੀ ਹਰ ਹੱਦ ਪਾਰ ਕਰ ਦਿੱਤੀ ਹੈ। ਨੈਟਵਰਕ-18 ਦੇ ਪੰਜਾਬੀ ਚੈਨਲ ਨਿਊਜ਼-18 ਪੰਜਾਬ ਵੱਲੋਂ ਸਿੱਖ ਦਿੱਖ ਵਾਲੀਆਂ ਤਸਵੀਰਾਂ ਨੂੰ ਇਹ ਕਹਿ ਕੇ ਸਾਰਾ ਦਿਨ ਵਾਰ-ਵਾਰ ਵਿਖਾਇਆ ਗਿਆ ਕਿ ਇਹ ਧਮਾਕਾ ਕਰਨ ਵਾਲੇ ਸ਼ੱਕੀਆਂ ਦੇ ਹੁਲੀਏ ਦੇ ਨਕਸ਼ ਹਨ। ਹਾਲਾਂਕਿ ਉਹ ਤਸਵੀਰਾਂ ਕਿਸੇ ਬੰਨ੍ਹਿਓਂ ਵੀ ਨਕਸ਼ (ਸਕੈਚ) ਨਹੀਂ ਸਨ ਬਲਕਿ ਅਸਲ ਤਸਵੀਰਾਂ ਵਰਗੀਆਂ ਸਨ। ਬਾਅਦ ਵਿਚ ਪਤਾ ਲੱਗਾ ਕਿ ਅਸਲ ਵਿਚ ਅਜਿਹੀਆਂ ਕੋਈ ਵੀ ਤਸਵੀਰਾਂ ਜਾਂ ਸ਼ੱਕੀਆਂ ਦੇ ਨਕਸ਼ ਜਾਰੀ ਹੀ ਨਹੀਂ ਸਨ ਕੀਤੇ ਗਏ। ਪੰਜਾਬ ਦੇ ਮੁੱਖ ਮੰਤਰੀ ਨੇ ਪੱਤਰਕਾਰਾਂ ਵੱਲੋਂ ਪੁੱਛੇ ਜਾਣ 'ਤੇ ਸਾਫ ਕਿਹਾ ਕਿ ਜਦੋਂ ਇਸ ਘਟਨਾ ਵਿਚ ਸ਼ਾਮਲ ਦੋਵਾਂ ਜਣਿਆਂ ਨੇ ਮੂੰਹ ਢਕੇ ਹੋਏ ਸਨ, ਤਾਂ ਉਹਨਾਂ ਦੇ ਹੁਲੀਏ ਦੇ ਨਕਸ਼ ਜਾਰੀ ਕਰਨ ਲਈ ਕੀ ਗੁੰਜਾਇਸ਼ ਬਾਕੀ ਰਹਿ ਜਾਂਦੀ ਹੈ।

ਟੀਵੀ. ਚੈਨਲਾਂ ਨਿਊਜ਼-18 ਪੰਜਾਬ, ਜ਼ੀ-ਨਿਊਜ਼, ਨਿਊਜ਼ ਐਕਸ ਆਦਿ ਵੱਲੋਂ ਇਕ ਸੀਸੀਟੀਵੀ ਦੇ ਕੁਝ ਦ੍ਰਿਸ਼ ਵਾਰ-ਵਾਰ ਵਿਖਾਏ ਗਏ ਜਿਹਨਾਂ ਵਿਚ ਦੋ ਮੋਟਰਸਾਇਕਲ ਸਵਾਰ ਵਿਖਾਈ ਦੇ ਰਹੇ ਹਨ। ਇਹ ਦ੍ਰਿਸ਼ ਵੀ ਉਕਤ ਹੁਲੀਏ ਵਾਲੀਆਂ ਤਸਵੀਰਾਂ ਵਾਂਙ ਮੀਡੀਆ ਦੀ ਹੀ ਕਾਢ ਸੀ ਅਤੇ ਅਜਿਹੇ ਕੋਈ ਦ੍ਰਿਸ਼ ਪੁਲਿਸ ਵੱਲੋਂ ਜਾਰੀ ਹੀ ਨਹੀਂ ਸਨ ਕੀਤੇ ਗਏ।

ਨਿਊਜ਼ ਐਕਸ ਅੰਗਰੇਜ਼ੀ ਚੈਨਲ ਨੇ ਤਾਂ ਨਿਵਾਣ ਦੀਆਂ ਸਭ ਹੱਦਾਂ ਪਾਰ ਕਰਦਿਆਂ ਅੰਮ੍ਰਿਤਸਰ ਨੇੜੇ ਵਾਪਰੇ ਇਸ ਧਮਾਕੇ ਬਾਰੇ ਖਬਰ (ਹਾਲਾਂਕਿ ਉਸ ਪ੍ਰਚਾਰ ਨੂੰ ਕਿਸੇ ਵੀ ਮਿਆਰ ਤੋਂ ਖਬਰ ਨਹੀਂ ਕਿਹਾ ਜਾ ਸਕਦਾ) ਪੇਸ਼ ਕਰਦਿਆਂ ਬਿਨਾ ਸਬੂਤ ਜਾਂ ਦਲੀਲ ਦੇ ਦੂਸਣਬਾਜ਼ੀ ਦਾ ਹੜ੍ਹ ਹੀ ਲੈ ਆਂਦਾ। ਇਸ ਚੈਨਲ ਨੇ ਕਨੇਡਾ ਦੇ ਸਿੱਖ ਮੰਤਰੀ ਅਮਰਜੀਤ ਸਿੰਘ ਸੋਹੀ, ਕਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ, ਇੰਗਲੈਂਡ ਤੋਂ ਸਿੱਖ ਐਮਪੀ. ਤਨਮਨਜੀਤ ਸਿੰਘ ਢੇਸੀ ਅਤੇ ਪ੍ਰੀਤ ਕੌਰ ਗਿੱਲ, ਬਰਤਾਨੀਆ ਦੇ ਹਾਊਸ ਆਫ ਲਾਰਡਜ਼ ਦੇ ਮੈਂਬਰ ਲਾਰਡ ਨਜ਼ੀਰ ਅਹਿਮਦ ਅਤੇ ਸਿੱਖ ਫੈਡਰੇਸ਼ਨ ਯੂਕੇ. ਦੇ ਨਾਵਾਂ ਦਾ ਜ਼ਿਕਰ ਕਰਦਿਆਂ ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਲਈ ਉਹਨਾਂ ਨੂੰ ਦੋਸ਼ੀ ਠਹਿਰਾਉਣ ਦੀ ਕੋਸ਼ਿਸ਼ ਕੀਤੀ। ਇਸੇ ਤਰ੍ਹਾਂ ਪੰਜਾਬ ਪੁਲਿਸ ਵੱਲੋਂ ਬੀਤੇ ਸਾਲ ਗ੍ਰਿਫਤਾਰ ਕੀਤੇ ਗਏ ਬਰਤਾਨਵੀ ਸਿੱਖ ਨੌਜਵਾਨ, ਜਿਸ ਖਿਲਾਫ ਹਾਲਾਂ ਮੁਕੱਦਮਿਆਂ ਦੀ ਕਾਰਵਾਈ ਵੀ ਚੰਗੀ ਤਰ੍ਹਾਂ ਸ਼ੁਰੂ ਨਹੀਂ ਹੋਈ ਨੂੰ 'ਅੱਤਵਾਦੀ' ਗਰਦਾਨਿਆ ਗਿਆ। ਭਾਰਤ ਦਾ ਹਿੰਦੂਤਵੀ ਰੰਗ ਵਿਚ ਰੰਗਿਆ ਮੀਡੀਆ ਇੰਨੀ ਜ਼ਹਿਰੀਲੀ ਬੋਲੀ ਬੋਲ ਰਿਹਾ ਹੈ ਕਿ ਇਹਨਾਂ ਖਬਰਾਂ ਨੂੰ ਸੱਚ ਮੰਨਣ ਵਾਲਿਆਂ ਦੀ ਮਾਨਸਿਕਤਾ ਜ਼ਹਿਰੀਲੀ ਹੋਏ ਬਿਨਾ ਨਹੀਂ ਰਹਿ ਸਕਦੀ।

ਭਾਰਤੀ ਮੀਡੀਆ ਵਿਚ ਕੰਮ ਕਰ ਰਹੇ ਸੁਹਿਰਦ ਪੱਤਰਕਾਰਾਂ ਤੇ ਪੰਜਾਬ ਪੱਖੀ ਮੀਡੀਆ ਅਦਾਰਿਆਂ ਨੂੰ ਇਸ ਕੂੜ ਪਰਚਾਰ ਬਾਰੇ ਖੁੱਲ੍ਹ ਕੇ ਮੈਦਾਨ ਵਿਚ ਆਉਣਾ ਚਾਹੀਦਾ ਹੈ। ਸਾਰੇ ਝੂਠੇ ਬਿਰਤਾਂਤ ਦਾ ਭਾਂਡਾ ਭੰਨਣ ਲਈ ਸਿੱਖਾਂ ਨੂੰ ਆਪ ਵੀ ਸਮਰੱਥ ਹੋਣ ਅਤੇ ਮਿਹਨਤ ਕਰਨ ਦੀ ਲੋੜ ਹੈ।

*(ਸਰਦਾਰ ਪਰਮਜੀਤ ਸਿੰਘ ਸਿੱਖ-ਸਿਆਸਤ ਦੇ ਸੰਪਾਦਕ ਹਨ)*

## ਨਿਰੰਕਾਰੀ ਡੇਰਾ ਬੰਬ ਕਾਂਡ

# ਮੀਡੀਆ ਵੱਲੋਂ 'ਸਿੱਖ ਅੱਤਵਾਦ' ਦੀ ਕਾਵਾਂ-ਰੌਲੀ ਦੀ ਅਸਲੀਅਤ

**ਜਨਵਰੀ-2018 ਵਿੱਚ ਪੁਲਿਸ ਮੁਕਾਬਲੇ ਦੌਰਾਨ ਮਾਰਿਆ ਗਿਆ ਵਿੱਕੀ ਗੌਂਡਰ ਦਾ 'ਸਿੱਖ ਸੰਘਰਸ਼' ਨਾਲ ਕੋਈ ਸਬੰਧ ਨਹੀਂ ਸੀ ਪਰ ਇੱਕ ਹਿੰਦੀ ਦੇ ਅਖ਼ਬਾਰ ਨੇ ਵਿੱਕੀ ਨੂੰ ਸਿੱਖ ਲਹਿਰ ਨਾਲ ਜੋੜਦਿਆਂ ਕਿਹਾ ਕਿ ਉਹ ਇਹ ਮੁਹਿੰਮ ਚਲਾ ਰਿਹਾ ਸੀ। ਉਸ ਅਖ਼ਬਾਰ ਨੇ ਆਪੇ ਘੜਿਆ ਸਭ ਕੁਝ ਹੀ ਸਿੱਖਾਂ ਨਾਲ ਜੋੜ ਕੇ 'ਸਿੱਖ ਅੱਤਵਾਦ' ਦੀ ਮਿਸਾਲ ਕਾਇਮ ਕਰ ਦਿੱਤੀ। ਇਸ ਵਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਜਨਵਰੀ-2017 'ਚ ਮੌੜ ਮੰਡੀ ਵਿਖੇ ਇਕ ਬੰਬ ਧਮਾਕਾ ਕਰਵਾਇਆ ਗਿਆ ਜਿਸ 'ਚ ਸੱਦ ਮਾਸੂਮਾਂ ਦੀਆਂ ਕੀਮਤੀ ਜਾਨਾਂ ਗਈਆਂ (ਇਸ ਧਮਾਕੇ ਦੀਆਂ ਖ਼ੂਨੀ ਪੈੜਾਂ ਡੇਰਾ ਸਿਰਸਾ ਵਿੱਚ ਪੁੱਜਣ ਮਗਰੋਂ ਜਾਂਚ ਬੰਦ ਕਰਵਾ ਦਿੱਤੀ ਹੈ)। ਉਸ ਵੇਲੇ ਵੀ ਮੀਡੀਆ ਨੇ ਹੁਣ ਵਾਂਗ ਇਹ 'ਸਿਹਰਾ' ਸਿੱਖਾਂ ਸਿਰ ਮੜ੍ਹਦਿਆਂ 'ਸਿੱਖ ਅੱਤਵਾਦ' ਦੀ ਕਾਵਾਂਰੌਲੀ ਮਚਾ ਦਿੱਤੀ ਗਈ ਸੀ। ਪੁਲਿਸ ਵੱਲੋਂ ਮੌੜ ਇਲਾਕੇ ਵਿੱਚ ਜੋ ਸਿੱਖ ਨੌਜਵਾਨ ਜਾਂਚ ਦੇ ਨਾਂ 'ਤੇ ਗ੍ਰਿਫ਼ਤਾਰ ਕੀਤੇ ਸਨ, ਉਹਨਾਂ ਲਈ 'ਸਿੱਖ ਅੱਤਵਾਦੀ ਫੜੇ' ਸ਼ਬਦ ਵਰਤਿਆ ਗਿਆ ਸੀ।**

**ਬਲਜਿੰਦਰ ਸਿੰਘ ਕੋਟਭਾਰਾ**
(97795-22211)

ਕਦੇ ਜਰਮਨੀ ਦੇ ਗੋਬਲਜ਼ ਨੇ ਕਿਹਾ ਸੀ ਕਿ ਜੇ ਇਕ ਝੂਠ ਨੂੰ ਸੌ ਵਾਰ ਸੱਚ ਬਣਾ ਕੇ ਪੇਸ਼ ਕੀਤਾ ਜਾਵੇ ਤਾਂ ਉਹ ਸੱਚ ਜਾਪਣ ਲੱਗ ਪੈਂਦਾ ਹੈ। ਸ਼ਾਇਦ ਭਾਰਤ ਦਾ ਬਹੁਗਿਣਤੀ ਹਿੰਦੂਤਵੀ ਮੀਡੀਆ ਵੀ ਹਿਟਲਰ ਤੇ ਗੋਬਲਜ਼ ਨੂੰ ਹੀ ਫਾਲੋ ਕਰ ਰਿਹਾ ਹੈ। ਇਹ ਵੀ ਹੈ ਕਿ ਜਦੋਂ ਕਿਸੇ ਨੂੰ ਮਾਰਨਾ/ਕੁੱਟਣਾ ਹੋਵੇ ਤਾਂ ਇਸ ਤੋਂ ਪਹਿਲਾਂ ਉਸ ਨੂੰ ਹਰ ਤਰ੍ਹਾਂ ਨਾਲ ਬਦਨਾਮ ਕਰਨਾ ਸ਼ੁਰੂ ਕਰ ਦਿਓ। ਜੇ ਕਿਸੇ ਜਾਨਵਰ ਨੂੰ ਭੀੜ ਤੋਂ ਮਰਵਾਉਣਾ ਹੋਵੇ ਤਾਂ 'ਹਲਕਿਆ ਹੋਇਆ-ਹਲਕਿਆ ਹੋਇਆ' ਦਾ ਝੂਠਾ ਰੌਲਾ ਪਾ ਦਿਓ, ਭੀੜ ਬਿਨਾ ਸੋਚੇ-ਸਮਝੇ ਉਸ ਨੂੰ ਮਾਰ ਦੇਵੇਗੀ। ਇਓਂ ਹੀ ਜੇ ਕਿਸੇ ਘੱਟ ਗਿਣਤੀ ਕੌਮ ਦਾ ਸੱਤਿਆਨਾਸ ਕਰਨਾ ਹੋਵੇ ਤਾਂ ਇਸ ਤੋਂ ਪਹਿਲਾ ਆਪਣੇ ਪਿਛਲੱਗ ਮੀਡੀਆ ਰਾਹੀਂ ਉਸ ਨੂੰ 'ਅੱਤਵਾਦੀ', 'ਵੱਖਵਾਦੀ', 'ਦੇਸ਼ ਧਰੋਹੀ' ਦਾ ਖਿਤਾਬ ਦੇ ਦਿਓ ਤਾਂ ਉਸ ਨੂੰ ਮਾਰਨਾ ਸੌਖਾ ਹੋ ਜਾਂਦਾ ਹੈ। ਭਾਰਤ ਵਿਚ ਸਿੱਖਾਂ ਨਾਲ ਪਹਿਲਾਂ ਵੀ ਅਜਿਹਾ ਵਾਪਰ ਚੁੱਕਿਆ ਹੈ। ਹੁਣ ਫਿਰ ਸਿੱਖਾਂ ਨੂੰ ਅੱਤਵਾਦੀ ਤੇ ਵੱਖਵਾਦੀ ਕਹਿ ਕੇ ਭੰਡਣ ਦੀ ਖੇਡ ਸ਼ੁਰੂ ਹੋ ਗਈ ਹੈ।

ਅੰਮ੍ਰਿਤਸਰ ਨਜ਼ਦੀਕ ਪਿੰਡ ਅਦਬੀਵਾਲ 'ਚ ਨਿਰੰਕਾਰੀ ਭਵਨ 'ਤੇ 18 ਨਵੰਬਰ 2018 ਨੂੰ ਦੁਖਦਾਇਕ ਬੰਬ ਕਾਂਡ ਵਿੱਚ 4 ਨਿਰੰਕਾਰੀ ਸ਼ਰਧਾਲੂਆਂ ਦੀ ਜਾਨ ਗਈ ਤੇ 20 ਦੇ ਕਰੀਬ ਜ਼ਖ਼ਮੀ ਹੋ ਗਏ। ਇਹ ਧਮਾਕਾ ਤਾਂ ਜਿਵੇਂ ਕਥਿਤ ਰਾਸ਼ਟਰਵਾਦੀ, ਹਿੰਦੂਤਵੀ ਮੀਡੀਆ ਲਈ ਉਹੋ ਜਿਹੀ ਖ਼ਬਰ ਲੈ ਕੇ ਆਇਆ ਜਿਸ ਦੀ ਉਹ ਕਾਫੀ ਵੇਲੇ ਤੋਂ ਉਡੀਕ ਕਰ ਰਹੇ ਸਨ। ਧਮਾਕੇ ਤੋਂ ਕੁਝ ਸਮੇਂ ਬਾਅਦ ਹੀ ਬਿਜਲਈ ਮੀਡੀਆ ਤੇ ਕੁਝ ਵੈਬਸਾਈਟਾਂ 'ਤੇ ਅਤੇ ਦੂਜੇ ਦਿਨ ਹਿੰਦੀ, ਅੰਗਰੇਜ਼ੀ ਤੇ ਬਹੁਤੇ ਪੰਜਾਬੀ ਅਖ਼ਬਾਰਾਂ ਨੇ ਇਸ ਨੂੰ "ਸਿੱਖ-ਅੱਤਵਾਦ" ਦੀ ਰੰਗਤ ਦਿੱਤੀ। ਇਹ ਕਾਂਡ ਸਿੱਧਾ ਪੂਰੀ ਸਿੱਖ ਕੌਮ ਦੇ ਸਿਰ ਮੜ੍ਹਦਿਆਂ ਵਾਰ-ਵਾਰ 'ਸਿੱਖ ਅੱਤਵਾਦੀ' 'ਸਿੱਖ ਅੱਤਵਾਦੀ' ਦੀ ਕਾਵਾਂਰੌਲੀ ਮਚਾ ਦਿੱਤੀ। ਬੰਬ ਕਾਂਡ ਤੋਂ ਬਾਅਦ ਪਹੁੰਚੇ ਮੀਡੀਆ ਕਰਮੀਆਂ ਵਿੱਚੋਂ ਇੱਕ ਅਖ਼ਬਾਰ ਸਮੂਹ ਦੇ ਪੱਤਰਕਾਰ ਵੱਲੋਂ ਪੁਲਿਸ ਅਧਿਕਾਰੀਆਂ ਨੂੰ ਵਾਰ-ਵਾਰ ਇਹ ਸਵਾਲ ਕੀਤੇ ਗਏ ਕਿ 'ਸਰ ਉਹਨਾਂ ਨੇ ਬੰਬ ਸੁੱਟਣ ਬਾਅਦ ਕਿਹੜੇ-ਕਿਹੜੇ ਨਾਅਰ ਲਾਏ ਸਨ'? ਉਹ ਜਿਵੇਂ ਪੁਲਿਸ ਅਫ਼ਸਰ ਦੇ ਮੂੰਹੋਂ ਇਹ ਸ਼ਬਦ ਨਿਕਲਣ ਦੀ ਉਡੀਕ ਕਰ ਰਿਹਾ ਸੀ ਕਿ ਉਹ ਕਹੇ 'ਖ਼ਾਲਿਸਤਾਨ ਜਿੰਦਾਬਾਦ ਦੇ ਨਾਅਰੇ ਲਾਏ ਸਨ', ਤਾਂ ਕਿ ਮਸਾਲਾ ਲਗਾ-ਲਗਾ ਕੇ ਇਸ ਖਬਰ ਵਿਚ ਹੋਰ ਜ਼ਹਿਰ ਭਰੀ ਜਾਵੇ। ਮੀਡੀਆ ਇਹ ਸਵਾਲ ਵੀ ਕਰ ਰਿਹਾ ਸੀ ਕਿ ਗ੍ਰਨੇਡ ਸੁੱਟਣ ਵਾਲੇ ਪਗੜੀਧਾਰੀ ਸਨ ਜਾਂ ਮੋਨੇ ਸਨ? ਉਂਝ ਵੀ ਮੀਡੀਆ ਨੇ ਇਸ ਘਟਨਾ ਨੂੰ ਸਿੱਖਾਂ ਸਿਰ ਮੜ੍ਹ ਕੇ ਉਹਨਾਂ ਨੂੰ ਬਦਨਾਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਅਜਿਹਾ ਨਾ ਪਹਿਲੀ ਵਾਰ ਹੋ ਰਿਹਾ ਹੈ ਤੇ ਨਾ ਹੀ ਆਖੀਰਲੀ ਵਾਰ। ਇਹ ਵਾਰ-ਵਾਰ ਵਰਤਾਏ ਜਾ ਰਹੇ ਘਟਨਾਕ੍ਰਮ ਦੀ ਇੱਕ ਕੜੀ ਹੈ। ਪੰਜਾਬ ਵਿੱਚ ਸੰਨ 1984 ਤੋਂ ਸੰਨ 1994 ਤੱਕ ਦੇ ਖਾੜਕੂਵਾਦ ਦੌਰਾਨ ਵੀ, ਜਿਹਨਾਂ ਅਖ਼ਬਾਰਾਂ ਵਿੱਚ ਸਿੱਖਾਂ ਪ੍ਰਤੀ ਜ਼ਹਿਰਲੀ ਸਮੱਗਰੀ ਛਪਦੀ ਸੀ, ਉਹਨਾਂ ਅਖ਼ਬਾਰਾਂ ਨੂੰ ਪੁਲਿਸ ਦੀ ਛਤਰ-ਛਾਇਆ ਹੇਠ ਥਾਣਿਆਂ ਰਾਹੀਂ ਵੀ ਵੇਚਿਆ ਜਾਂਦਾ ਰਿਹਾ ਹੈ। ਫਿਰ ਉਹਨਾਂ 'ਅਦਾਰਿਆਂ' ਨੇ ਹਿੰਦੂਤਵੀ ਰਾਸ਼ਟਰਵਾਦ ਦੀ ਦਲਾਲੀ ਵਿੱਚੋਂ ਆਪਣੀਆਂ ਸਲਤਨਤਾਂ ਵੀ ਕਾਇਮ ਕੀਤੀਆਂ।

ਨਿਰਪੱਖ ਪੱਤਰਕਾਰੀ ਦੇ ਕਾਇਦੇ ਮੁਤਾਬਕ ਖ਼ਬਰਾਂ ਦੀ ਪੇਸ਼ਕਾਰੀ ਮੋਟੇ ਤੌਰ 'ਤੇ ਤਿੰਨ ਪ੍ਰਕਾਰ ਨਾਲ ਕੀਤੀ ਜਾਂਦੀ ਹੈ, ਪਹਿਲੀ ਇਹ ਕਿ ਜਿਹੋ-ਜਿਹੀ ਘਟਨਾ ਘਟਦੀ ਹੈ, ਕੇਵਲ ਉਸ ਦੀ ਜਾਣਕਾਰੀ, ਦੂਜੀ ਉਸ ਘਟਨਾ ਨਾਲ ਸਬੰਧਤ ਵਿਭਾਗ, ਪੁਲਿਸ ਜਾਂ ਸਿਆਸੀ ਨੇਤਾਵਾਂ ਵੱਲੋਂ ਕੀਤੀ ਬਿਆਨਬਾਜ਼ੀ, ਤੀਜੀ ਇਹ ਕਿ ਉਸ ਘਟਨਾ ਦੀ ਡੂੰਘਾਈ ਨਾਲ ਖ਼ੋਜ ਕਰਕੇ ਉਸ ਨੂੰ ਸਹੀ ਰੂਪ ਵਿੱਚ ਪੇਸ਼ ਕਰਨਾ। ਭਾਰਤ ਵਿਚ ਅਕਸਰ ਇਹ ਵਾਪਰਦਾ ਹੈ ਕਿ ਜਦੋਂ ਕਿਸੇ ਮਸਲੇ/ਘਟਨਾ ਦਾ ਸਬੰਧ ਸਿੱਖਾਂ, ਪੰਜਾਬ ਜਾਂ ਦੂਜੀ ਕਿਸੇ ਘੱਟ ਗਿਣਤੀ ਨਾਲ ਹੋਵੇ, ਤਾਂ ਸਬੰਧਤ ਪੂਰੀ ਦੀ ਪੂਰੀ ਕੌਮ ਨੂੰ ਬਦਨਾਮ ਕਰਨ ਵਾਸਤੇ, ਤੀਜੇ ਤਰ੍ਹਾਂ ਦੀ ਸਮੱਗਰੀ ਵਿਚ ਖ਼ਬਰਾਂ, ਲੇਖ ਪੂਰੇ ਯੋਜਨਾਬੱਧ ਤਰੀਕੇ ਨਾਲ ਪੇਸ਼ ਕੀਤੇ ਜਾਂਦੇ ਹਨ। 18 ਨਵੰਬਰ ਦੇ ਨਿਰੰਕਾਰੀ ਡੇਰਾ ਬੰਬ ਕਾਂਡ ਦੀ ਬਹੁਤੀ ਕਵਰੇਜ਼ ਵਿਚ ਵੀ ਅਜਿਹਾ ਹੀ ਕੀਤਾ ਗਿਆ, ਜਿੱਥੇ ਮਸਾਲਾ ਲਗਾ-ਲਗਾ ਕੇ ਵਿਸ਼ੇਸ਼ ਲੇਖ ਤੇ ਆਪੇ ਬਣਾਈਆਂ ਖ਼ਬਰਾਂ ਰਾਹੀ ਸਿੱਖਾਂ ਨੂੰ ਅੱਤਵਾਦੀ ਦੇ ਤੌਰ 'ਤੇ ਪੇਸ਼ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਗਈ। ਪੂਰੇ ਦੋ-ਦੋ ਪੰਨਿਆਂ 'ਤੇ ਸਿੱਖਾਂ ਪ੍ਰਤੀ ਇਹ ਜ਼ਹਿਰ ਵੇਖਣ ਨੂੰ ਮਿਲੀ। ਇਸ ਝੂਠ ਦੀ ਛੋਟੀ ਜਿਹੀ ਉਦਾਹਰਣ ਹੈ ਕਿ ਹਰ ਕੋਈ ਜਾਣਦਾ ਹੈ ਕਿ ਜਨਵਰੀ-2018 ਵਿੱਚ ਪੁਲਿਸ ਮੁਕਾਬਲੇ ਦੌਰਾਨ ਮਾਰਿਆ ਗਿਆ ਵਿੱਕੀ ਗੌਂਡਰ ਦਾ 'ਸਿੱਖ ਸੰਘਰਸ਼' ਨਾਲ ਕੋਈ ਸਬੰਧ ਨਹੀਂ ਸੀ ਪਰ ਇੱਕ ਹਿੰਦੀ ਦੇ ਅਖ਼ਬਾਰ ਨੇ ਵਿੱਕੀ ਨੂੰ ਸਿੱਖ ਲਹਿਰ ਨਾਲ ਜੋੜਦਿਆਂ ਕਿਹਾ ਕਿ ਉਹ ਇਹ ਮੁਹਿੰਮ ਚਲਾ ਰਿਹਾ ਸੀ। ਉਸ ਅਖ਼ਬਾਰ ਨੇ ਆਪੇ ਘੜਿਆ ਸਭ ਕੁਝ ਹੀ ਸਿੱਖਾਂ ਨਾਲ ਜੋੜ ਕੇ 'ਸਿੱਖ ਅੱਤਵਾਦ' ਦੀ ਮਿਸਾਲ ਕਾਇਮ ਕਰ ਦਿੱਤੀ। ਇਸ ਵਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਜਨਵਰੀ-2017 'ਚ ਮੌੜ ਮੰਡੀ ਵਿਖੇ ਇਕ ਬੰਬ ਧਮਾਕਾ ਕਰਵਾਇਆ ਗਿਆ ਜਿਸ 'ਚ ਸੱਦ ਮਾਸੂਮਾਂ ਦੀਆਂ ਕੀਮਤੀ ਜਾਨਾਂ ਗਈਆਂ (ਇਸ ਧਮਾਕੇ ਦੀਆਂ ਖ਼ੂਨੀ ਪੈੜਾਂ ਡੇਰਾ ਸਿਰਸਾ ਵਿੱਚ ਪੁੱਜਣ ਮਗਰੋਂ ਜਾਂਚ ਬੰਦ ਕਰਵਾ ਦਿੱਤੀ ਹੈ)। ਉਸ ਵੇਲੇ ਵੀ ਮੀਡੀਆ ਨੇ ਹੁਣ ਵਾਂਗ ਇਹ 'ਸਿਹਰਾ' ਸਿੱਖਾਂ ਸਿਰ ਮੜ੍ਹਦਿਆਂ 'ਸਿੱਖ ਅੱਤਵਾਦ' ਦੀ ਕਾਵਾਂਰੌਲੀ ਮਚਾ ਦਿੱਤੀ ਗਈ ਸੀ। ਪੁਲਿਸ ਵੱਲੋਂ ਮੌੜ ਇਲਾਕੇ ਵਿੱਚ ਜੋ ਸਿੱਖ ਨੌਜਵਾਨ ਜਾਂਚ ਦੇ ਨਾਂ 'ਤੇ ਗ੍ਰਿਫ਼ਤਾਰ ਕੀਤੇ ਸਨ, ਉਹਨਾਂ ਲਈ 'ਸਿੱਖ ਅੱਤਵਾਦੀ ਫੜੇ' ਸ਼ਬਦ ਵਰਤਿਆ ਗਿਆ ਸੀ।

ਸਿੱਖਾਂ ਪ੍ਰਤੀ ਨਫ਼ਰਤ ਦੀ ਬੁਨਿਆਦ ਦਾ ਖਾਸਾ ਇਸ ਮੀਡੀਆ ਦਾ ਇਕੱਲਾ ਵਿਕਾਊ ਹੋਣਾ ਹੀ ਨਹੀਂ (ਜਿਵੇਂ ਕਿ ਇਹ ਆਮ ਚਰਚਾ ਕੀਤੀ ਜਾਂਦੀ ਹੈ), ਸਗੋਂ ਦਿੱਲੀ ਦੇ ਬ੍ਰਾਹਮਣਵਾਦੀ ਰਾਜ-ਪ੍ਰਬੰਧ ਦੇਣ ਹੈ, ਜਿਸ ਦੀ ਬੁਨਿਆਦ ਮਨੁੱਖ ਦੋਖੀ ਧਾਰਾ ਚਾਣਕਿਆ ਤੇ ਮਨੂੰ ਸਿਮਰਤੀ ਹੋਣਾ ਹੈ। ਇਹ ਉਸ ਧਾਰਾ ਦੀ ਇੱਕ ਝਲਕ ਮਾਤਰ ਹੈ। ਸਿਆਸੀ ਲੋਕ ਚਾਹੇ ਉਹ ਸਿੱਖ ਚਿਹਰੇ-ਮੋਹਰੇ ਵਿੱਚ ਹੋਣ ਅਤੇ ਮੀਡੀਆ ਉਕਤ ਪ੍ਰਬੰਧ ਦੇ ਮਾਨਵ ਵਿਰੋਧੀ ਕੁਹਾੜੇ ਦੇ ਦਸਤੇ ਹੀ ਹਨ। ਕੇਂਦਰ ਅਤੇ ਸੂਬਾ ਪੱਧਰ ਦੇ ਸਿਆਸਤਦਾਨਾਂ ਨੇ ਮੌੜ ਬੰਬ ਕਾਂਡ ਅਤੇ ਇਸ ਤਰ੍ਹਾਂ ਦੀਆਂ ਹੋਰ ਘਟਨਾਵਾਂ ਵਾਂਗ ਨਿਰੰਕਾਰੀ ਬੰਬ ਕਾਂਡ ਨੂੰ ਵੀ 'ਸਿੱਖ ਅੱਤਵਾਦੀਆਂ' ਵਰਗਾ ਕੁ-ਸ਼ਬਦ ਬੋਲ-ਬੋਲ ਕੇ ਸਿੱਖਾਂ ਸਿਰ ਮੜ੍ਹਨਾ ਇਹੀ ਸਾਬਤ ਕਰਦਾ ਹੈ।

ਅਜੋਕੇ ਸਮੇਂ ਭਾਰਤ ਵਿਚ ਇਸ ਸੱਤਾ-ਸਿਆਸਤ ਦੇ (ਕੁ) ਪ੍ਰਬੰਧ ਨੂੰ 'ਲੋਕਤੰਤਰੀ' ਨਾਂਅ ਨਾਲ ਨਿਵਾਜਿਆ ਗਿਆ ਹੈ ਜੋ ਕਿ ਅਸਲ ਵਿੱਚ ਅਜਿਹਾ ਨਹੀਂ ਹੈ। ਸਹੀ ਲੋਕਤੰਤਰ ਵਿੱਚ ਦਿੱਲੀ ਦੇ ਬ੍ਰਾਹਮਣਵਾਦੀ ਪ੍ਰਬੰਧ ਹੱਥੋਂ ਮਾੜਾ ਮੋਟਾ ਕੁਝ ਕੁ ਖਿਸਕਣ ਦਾ ਖ਼ਦਸ਼ਾ ਹੁੰਦਾ ਹੈ, ਇਸ ਕਰਕੇ ਇੱਕ ਹੋਰ ਢੰਗ ਅਪਣਾਇਆ ਗਿਆ ਹੈ। ਉਹ ਇਹ ਹੈ ਕਿ ਵੋਟਾਂ ਨਜ਼ਦੀਕ ਇੱਕਾ-ਦੁੱਕਾ ਜਾਂ ਵੱਧ ਵੀ, ਅਜਿਹੀਆਂ ਹਿੰਸਕ ਖ਼ੂਨੀ ਘਟਨਾਵਾਂ ਕਰਵਾ ਕੇ ਸਿੱਖਾਂ ਜਾਂ ਘੱਟ ਗਿਣਤੀਆਂ ਨੂੰ ਅੱਤਵਾਦੀ ਕਰਾਰ ਦਿੱਤਾ ਜਾਵੇ ਅਤੇ ਪੰਜਾਬ ਤੇ ਦੇਸ਼ ਵਿਚ ਵਸਦੇ ਆਮ ਹਿੰਦੂਆਂ ਦੇ ਮਨਾਂ ਵਿੱਚ ਦਹਿਸ਼ਤ ਪਾ ਕੇ ਉਹਨਾਂ ਨੂੰ ਸਹੀ ਏਜੰਡੇ ਤੋਂ ਦੂਰ ਕਰਕੇ ਬ੍ਰਾਹਮਣਵਾਦੀ ਪ੍ਰਬੰਧ ਦਾ ਹਿੱਸਾ ਬਣਾ ਕੇ, ਉਹਨਾਂ ਦੀਆਂ ਵੋਟਾਂ ਦੀ ਫਿਰਕੂ ਕਤਾਰਬੰਦੀ ਕੀਤੀ ਜਾਵੇ। ਅਜਿਹਾ ਇਹ ਹੁਣ ਤੱਕ ਕਾਫੀ ਹੱਦ ਤਕ ਸਫ਼ਲ ਵੀ ਰਿਹਾ ਹੈ। ਮੌੜ ਬੰਬ ਧਮਾਕੇ ਸਮੇਂ ਬਾਦਲਾਂ ਦਾ ਅਕਾਲੀ ਦਲ ਵਿਚ ਖਾਲਿਸਤਾਨੀਆਂ ਦਾ ਹੱਥ ਹੋਣ ਤੇ ਉਹਨਾਂ ਨਾਲ 'ਆਪ' ਦਾ ਯਾਰਾਨਾ ਹੋਣ ਵਾਲੀ ਬਿਆਨਬਾਜ਼ੀ ਕਰਦਾ ਸੀ ਤੇ ਹੁਣ ਭਾਜਪਾਈ ਤੇ ਬਾਦਲ ਗਰੁੱਪ ਨਿਰੰਕਾਰੀ ਬੰਬ ਕਾਂਡ ਵਿੱਚ ਖਾਲਿਸਤਾਨੀਆਂ ਦਾ ਹੱਥ ਹੋਣ ਅਤੇ ਉਹਨਾਂ ਨਾਲ ਕਾਂਗਰਸੀਆਂ ਦੀ ਦੋਸਤੀ ਦਾ ਦੋਸ਼ ਲਗਾ ਰਿਹਾ ਹੈ। ਲਕਸ਼ਮੀ ਕਾਂਤ ਚਾਵਲਾ ਤੇ ਹੋਰ ਸਿੱਖ ਵਿਰੋਧੀ ਨੇਤਾ ਵੀ ਇਸ ਨੂੰ ਖਾਲਿਸਤਾਨੀ ਅੱਤਵਾਦ ਕਰਾਰ ਦੇ ਰਹੇ ਹਨ, ਜਦਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਇਸ ਵਿਚ ਪਾਕਿਸਤਾਨ ਦਾ ਹੱਥ ਹੋਣ ਦੀ ਦੁਹਾਈ ਦੇ ਰਿਹਾ ਹੈ।

ਹਿੰਦੂਤਵੀ ਰਾਸ਼ਟਰਵਾਦ ਦੀ ਪੂਛ ਬਣੇ ਮੀਡੀਆ ਨੇ ਇਸ ਹਿੰਸਕ ਕਾਰੇ ਨੂੰ ਸਿੱਖਾਂ ਸਿਰ

**ਬਾਕੀ ਸਫ਼ਾ 28 'ਤੇ**

# ਸਤਿਗੁਰੂ ਨਾਨਕ ਜੀ ਦੀਆਂ ਨਜ਼ਰਾਂ 'ਚ ਧਰਮੀ ਕੌਣ ?

**ਬਲਜੀਤ ਸਿੰਘ ਖਾਲਸਾ**

ਗੁਰੂ ਨਾਨਕ ਸਾਹਿਬ ਅਨੁਸਾਰ ਧਰਮੀ ਕੌਣ ਹੈ, ਇਹ ਜਾਣਨ ਲਈ ਸਾਨੂੰ ਇਸ ਸੰਸਾਰ ਉੱਪਰ ਇਕ ਚਾਨਣ-ਮੁਨਾਰੇ ਵਜੋਂ ਸਥਾਪਿਤ ਹੋ ਚੁੱਕੇ ਗੁਰਮਤਿ ਇਨਕਲਾਬ ਦੇ ਸੁਨਹਿਰੀ ਇਤਿਹਾਸ ਤੋਂ ਅਗਵਾਈ ਲੈਣੀ ਪਵੇਗੀ। ਜਦੋਂ ਧਰਮੀ ਹੋਣ ਦੀ ਪਛਾਣ ਕੁਝ ਖਾਸ ਕਿਸਮ ਦਾ ਭੇਖ ਧਾਰਨ ਕਰਕੇ, ਵਿਹਲੇ ਰਹਿ ਕੇ ਕਿਰਤੀਆਂ ਦੀ ਕਮਾਈ ਉੱਪਰ ਪਲਣ ਵਾਲਿਆਂ ਦੇ ਰੂਪ ਵਿਚ ਕੀਤੀ ਜਾਣ ਲੱਗ ਪਈ ਸੀ, ਉਦੋਂ ਧਰਮ ਦੀ ਕਿਰਤ ਕਰਦੇ ਅਤੇ ਇਸ ਵਿਚੋਂ ਲੋੜਵੰਦਾਂ ਨੂੰ 'ਤੇਰਾ ਤੇਰਾ' ਕਹਿ ਕੇ ਵੰਡਦੇ ਹੋਏ ਗੁਰੂ ਨਾਨਕ ਸਾਹਿਬ ਜਿਥੇ 'ਘਾਲਿ ਖਾਇ ਕਿਛੁ ਹਥਹੁ ਦੇਇ॥' ਦੀ ਉਤਮ ਮਿਸਾਲ ਪੇਸ਼ ਕਰਦੇ ਹਨ, ਉਥੇ 'ਕਰਿ ਪੁੰਨਹੁ ਨੀਚੁ ਸਦਾਈਐ॥' ਦੀ ਵੀ ਬੜੀ ਸੁੰਦਰ ਅਮਲੀ ਵਿਆਖਿਆ ਕਰਦੇ ਹਨ।

ਜਦੋਂ ਲਾਹੌਰ ਵਿਚ ਚੇਚਕ ਦਾ ਮਾਰੂ ਹਮਲਾ ਹੋਇਆ ਅਤੇ ਲਾਹੌਰ ਦੇ ਕਈ ਜ਼ਿੰਮੇਵਾਰ ਅਧਿਕਾਰੀ ਵੀ ਸੜਕਾਂ 'ਤੇ ਪਈਆਂ ਅਧਮੋਈਆਂ ਅਤੇ ਮੋਈਆਂ ਲਾਸ਼ਾਂ ਨੂੰ ਲਿਤਾੜਦੇ ਹੋਏ ਸ਼ਹਿਰ ਛੱਡ ਕੇ ਭੱਜ ਗਏ ਸਨ ਤਾਂ ਅੰਮ੍ਰਿਤਸਰ ਤੋਂ ਚੱਲ ਕੇ ਆਏ ਅਤੇ ਲੋਥਾਂ ਵਿਚੋਂ ਲੱਭ-ਲੱਭ ਕੇ ਬਿਮਾਰਾਂ ਦੀ ਦਵਾ-ਦਾਰੂ ਕਰਦੇ ਹੋਏ ਗੁਰੂ ਅਰਜਨ ਸਾਹਿਬ ਜੀ 'ਵਿਚਿ ਦੁਨੀਆ ਸੇਵ ਕਮਾਈਐ॥' ਦੇ ਔਖੇ ਅਰਥ ਹੀ ਸਿੱਖਾਂ ਲਈ ਸਰਲ ਕਰ ਰਹੇ ਸਨ। 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥' ਦੀ ਆਵਾਜ਼ ਦੇ ਨਾਲ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਅਦੁੱਤੀ ਕੁਰਬਾਨੀਆਂ ਨਾਲ ਔਰੰਗਜ਼ੇਬ ਸਮੇਤ ਸਮੁੱਚੀ ਦੁਨੀਆ ਨੂੰ ਧਰਮ ਅਤੇ ਧਰਮੀ ਦੇ ਅਰਥ ਸਮਝਾਏ। ਇਹ ਧਰਮ ਦੀ ਅਮਲੀ ਸਿੱਖਿਆ ਦਾ ਹੀ ਨਤੀਜਾ ਸੀ, ਜਿਸ



ਨੇ ਅਜਿਹੇ ਧਰਮੀ ਮਰਜੀਵੜੇ ਪੈਦਾ ਕੀਤੇ ਜੋ ਸੱਤ ਸਾਲ ਦੇ ਬਾਲਕ ਤੋਂ ਲੈ ਕੇ 80 ਸਾਲ ਦੇ ਬਿਰਧ ਤੱਕ ਇਸ ਧਰਮ ਦੀ ਸ਼ਮ੍ਹਾ 'ਤੇ ਪਤੰਗਿਆਂ ਵਾਂਗ ਸੜਦੇ ਰਹੇ। ਇਹ 'ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥' ਦੀ ਅਮਲੀ ਸਿੱਖਿਆ ਹੀ ਸੀ ਜਿਸ ਨੇ ਇਕ ਬਾਲਕ ਦੇ ਮੂੰਹੋਂ ਸਮੇਂ ਦੀ ਸਰਕਾਰ ਤੋਂ 'ਮੇਰਾ ਪੁੱਤਰ ਸਿੱਖ ਨਹੀਂ' ਦੇ ਰੂਪ ਵਿਚ ਮੰਗੀ ਗਈ ਰਹਿਮ ਦੀ ਭੀਖ ਦੀਆਂ ਧੱਜੀਆਂ 'ਮੇਰੀ ਮਾਂ ਝੂਠ ਬੋਲਦੀ ਹੈ' ਦੀ ਸ਼ੇਰਾਂ ਵਾਲੀ ਗਰਜ ਦੇ ਰਾਹੀਂ ਉਡਾ ਦਿੱਤੀਆਂ। 'ਲਰੈ ਦੀਨ ਕੇ ਹੇਤ॥' ਦੇ ਅਮਲੀ ਮਿਸ਼ਨ ਦੇ ਵਰੋਸਾਏ ਸੂਰੇ ਹੀ ਕੀਰਨੇ ਪਾਉਂਦੀਆਂ ਅਬਲਾਵਾਂ ਨੂੰ ਮੌਤ ਦੇ ਜਬਾੜਿਆਂ ਵਿਚੋਂ ਕੱਢ ਕੇ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾਉਂਦੇ ਰਹੇ। ਗੁਰਮਤਿ ਇਨਕਲਾਬ ਧਰਮ ਨੂੰ ਸਮਰਪਿਤ ਧਰਮੀਆਂ ਵੱਲੋਂ ਲਿਆਂਦਾ ਗਿਆ ਇਨਕਲਾਬ ਹੀ ਹੈ। ਇਹ ਹਕੀਕਤ ਸੂਰਜ ਵਾਂਗ ਪ੍ਰਤੱਖ ਹੈ।

ਅੱਜ ਗੁਰਮਤਿ ਇਨਕਲਾਬ ਦੇ ਵਾਰਸ ਅਤੇ ਦੁਨੀਆ ਦੇ ਸਰਵੋਤਮ ਧਰਮੀ ਅਖਵਾਉਣ ਵਾਲੇ ਸਾਡੇ ਵਰਗੇ ਸਿੱਖਾਂ ਨੂੰ ਇਸ ਸਵਾਲ ਦਾ ਜਵਾਬ ਗੁਰਮਤਿ ਵਿਚਾਰਧਾਰਾ ਅਤੇ ਗੁਰਮਤਿ ਇਨਕਲਾਬ ਨੂੰ ਕਸਵੱਟੀ ਬਣਾ ਕੇ ਹਾਸਲ ਕਰਨਾ ਚਾਹੀਦਾ ਹੈ ਕਿ ਅੱਜ ਅਸੀਂ ਕਿਥੇ ਕੁ ਖੜ੍ਹੇ ਹਾਂ ? ਅਸੀਂ ਵੇਖ ਆਏ ਹਾਂ ਕਿ ਸੇਵਾ ਗੁਰੂ ਨਾਨਕ ਸਾਹਿਬ ਅਨੁਸਾਰ ਧਰਮ ਦੀ ਪਹਿਲੀ ਪੌੜੀ ਹੈ। ਸੇਵਾ ਦੇ ਖੇਤਰ ਵਿਚ ਜਿਥੇ ਸਾਡੇ ਗੁਰੂ ਸਾਹਿਬਾਨ ਨੇ ਖੁਦ ਅਮਲੀ ਪੂਰਨੇ ਪਾ ਕੇ ਦੱਸੇ, ਉਥੇ ਗੁਰੂ ਸਾਹਿਬਾਨ ਉਪਰੰਤ ਸਿੱਖ ਲਹਿਰ ਦੀ ਅਗਵਾਈ ਸੰਭਾਲਣ ਵਾਲੇ ਪੰਥਕ ਆਗੂ ਵੀ ਨਵਾਬੀਆਂ ਪੈਰਾਂ ਵਿਚ ਰੱਖਦੇ ਰਹੇ ਅਤੇ ਸੇਵਾ ਹੱਥਾਂ ਵਿਚ। ਇਹ ਅਮਲੀ ਤੌਰ 'ਤੇ ਧਰਮੀ ਜੀਵਨ ਦੀ ਇਕ ਪੱਕੀ ਨਿਸ਼ਾਨੀ ਵਜੋਂ ਹੀ ਵੇਖਿਆ ਜਾਣਾ ਚਾਹੀਦਾ ਹੈ, ਕਿਤੇ ਇਹ ਨਾ ਸਮਝ ਲਿਆ ਜਾਵੇ ਕਿ ਉਕਤ ਆਗੂ ਕੇਵਲ ਧਰਮ ਦੀ ਪਹਿਲੀ ਪੌੜੀ ਤੱਕ ਹੀ ਪਹੁੰਚ ਸਕੇ ਸਨ। ਦਰਅਸਲ ਉਦੋਂ ਸਿੱਖ ਪੰਥ ਜਿਹੜੀ ਕਠਿਨ ਜੱਦੋਜਹਿਦ ਵਿਚੋਂ ਲੰਘ ਰਿਹਾ ਸੀ, ਉਸ ਵਿਚ ਧਰਮ ਦੀ ਮੰਜ਼ਿਲ ਤੋਂ ਹੇਠਾਂ ਵਾਲਾ ਕੋਈ ਸਿੱਖ ਸ਼ਾਮਲ ਹੀ ਨਹੀਂ ਸੀ ਹੋ ਸਕਦਾ, ਆਗੂਆਂ ਦੀ ਤਾਂ ਗੱਲ ਹੀ ਵੱਖਰੀ ਹੈ।

ਇਸੇ ਹੀ ਸੰਦਰਭ ਵਿਚੋਂ ਜਦੋਂ ਅਜੋਕੇ ਆਗੂਆਂ ਵੱਲ ਹੀ ਪੜਚੋਲਵੀਂ ਨਜ਼ਰ ਮਾਰੀ ਜਾਵੇ ਤਾਂ ਉਨ੍ਹਾਂ ਵਿਚੋਂ ਬਹੁਤੇ ਆਪਣੇ ਆਪ ਨੂੰ ਸੇਵਾਦਾਰ ਨਹੀਂ, 'ਪ੍ਰਧਾਨ' ਜਾਂ 'ਆਗੂ' ਅਖਵਾ ਕੇ ਖੁਸ਼ ਹੁੰਦੇ ਹਨ। ਸੇਵਾਦਾਰ ਵਰਗਾ ਨਿਮਰਤਾ ਦਾ ਪ੍ਰਤੀਕ ਸ਼ਬਦ ਤਾਂ ਅੱਜ ਗੁਰਦੁਆਰਿਆਂ ਦੇ ਸਭ ਤੋਂ ਹੇਠਲੇ ਦਰਜੇ ਦੇ ਕਰਮਚਾਰੀਆਂ ਦੇ ਮੱਥੇ 'ਤੇ ਚਿਪਕਾ ਦਿੱਤਾ ਗਿਆ ਹੈ। ਇਹੀ ਕਾਰਨ ਹੈ ਕਿ ਅੱਜ ਸਾਡੇ ਆਗੂ ਸੇਵਾ ਕਰਦੇ ਨਹੀਂ, ਬਲਕਿ ਹੁਕਮ ਕਰਕੇ ਸੇਵਾ ਕਰਵਾਉਂਦੇ ਹਨ। ਇਨ੍ਹਾਂ ਨੇ ਹੀ ਸਿੱਖਾਂ ਦੀਆਂ ਸੰਸਥਾਵਾਂ ਵਿਚ ਹੁਕਮ ਦੇ ਕੇ ਸੇਵਾ ਕਰਵਾਉਣ ਦਾ ਇਕ ਨਵਾਂ ਹੀ ਪੰਥਕ ਅਸੂਲ ਅਮਲ ਵਿਚ ਲਿਆਂਦਾ ਹੈ। ਇਨ੍ਹਾਂ ਨੂੰ ਕੌਣ ਸਮਝਾਵੇ ਕਿ ਹੁਕਮ ਦੇ ਕੇ ਵਗਾਰ ਤਾਂ ਕਰਵਾਈ ਜਾ ਸਕਦੀ ਹੈ, ਸੇਵਾ ਨਹੀਂ ? ਜਿਨ੍ਹਾਂ ਮਨਾਂ ਅੰਦਰ ਸੇਵਾ ਦੀ ਭਾਵਨਾ ਅਜੇ ਨਹੀਂ ਉਪਜੀ ਉਨ੍ਹਾਂ ਨੂੰ ਸੇਵਾ ਦਾ ਪਾਠ ਖੁਦ ਉਨ੍ਹਾਂ ਦੇ ਸਾਹਮਣੇ ਨਿਸ਼ਕਾਮ ਸੇਵਾ ਕਰਕੇ ਹੀ ਸਹੀ ਤਰ੍ਹਾਂ ਪੜ੍ਹਾਇਆ ਜਾ ਸਕਦਾ ਹੈ, ਸੇਵਾ ਲਈ ਉਪਦੇਸ਼ ਜਾਂ ਹੁਕਮ ਕਰਕੇ ਨਹੀਂ।

ਜੇਕਰ ਇਸ ਪ੍ਰਵਿਰਤੀ ਦਾ ਅਮਲ ਇਸੇ ਹੀ ਤਰ੍ਹਾਂ ਜਾਰੀ ਰਿਹਾ ਤਾਂ ਸਿੱਖਾਂ ਦੀ ਅਗਲੀ ਪੀੜ੍ਹੀ ਲਈ ਸੇਵਾ ਇਕ ਘ੍ਰਿਣਤ ਸ਼ਬਦ ਬਣ ਜਾਵੇਗਾ। ਇਸ ਦਾ ਇਕੋ ਇਕ ਹੱਲ ਇਹੀ ਹੈ ਕਿ ਅੱਜ ਸਿੱਖ ਪੰਥ ਵਿਚ ਜਿਨ੍ਹਾਂ ਨੂੰ ਹੁਕਮ ਕਰਨ ਦੀ ਸਮਰੱਥਾ ਹਾਸਲ ਹੈ ਜਾਂ ਜੋ ਆਪਣੇ-ਆਪ ਨੂੰ ਇਸ ਸਮਰੱਥ ਸਮਝਦੇ ਹਨ, ਉਹ ਸਿੱਖੀ ਵਿਚਲੇ ਸੇਵਾ ਦੇ ਸਿਧਾਂਤ ਨੂੰ ਅਮਲੀ ਰੂਪ ਵਿਚ ਅਪਨਾਉਣ। ਆਪਣੇ ਆਪ ਨੂੰ ਆਗੂ ਅਖਵਾਉਣ ਨਾਲ ਹੀ ਧਰਮੀਆਂ ਦੇ ਇਸ ਪੰਥ ਦੀ ਅਗਵਾਈ ਕਰਨ ਦੇ ਸਮਰੱਥ ਨਹੀਂ ਬਣਿਆ ਜਾ ਸਕਦਾ, ਇਸ ਲਈ ਧਰਮ ਦੀ ਕਮਾਈ ਕਰਨੀ ਇਕ ਮੁੱਢਲੀ ਲੋੜ ਹੈ। ਧਰਮ ਦੀ ਕਮਾਈ ਕਿਸ ਤਰ੍ਹਾਂ ਕੀਤੀ ਜਾਂਦੀ ਹੈ, ਇਹ ਮਾਰਗ ਗੁਰਮਤਿ ਵਿਚਾਰਧਾਰਾ ਅਤੇ ਗੁਰਮਤਿ ਇਨਕਲਾਬ ਦੇ ਚਾਨਣ-ਮੁਨਾਰਿਆਂ ਦੀ ਸੇਧ ਨਾਲ ਹੀ ਲੱਭਿਆ ਜਾ ਸਕਦਾ ਹੈ।

# ਕਮਬਖਤ ਜ਼ਿੰਦਗੀ ਦਾ ਮੂੰਹ ਚਿੜਾਉਂਦਾ ਡੂਢ ਦੰਦ ਦਾ ਹਾਸਾ

- **ਧਰਮ ਦੀ ਸੇਵਾ ਲਈ ਉਮਰ ਲਾਉਣ ਵਾਲੇ ਲਈ ਗੁਰੂ ਦੀ ਗੋਲਕ ਦਾ ਮੂੰਹ ਕਿਉਂ ਨਹੀਂ ?**
- **ਗ਼ੈਰ ਸਿੱਖ ਕਰ ਰਿਹਾ ਏ 'ਰੰਘਰੇਟੇ ਗੁਰੂ ਕੇ ਬੇਟੇ' ਦੇ ਪਰਿਵਾਰ ਦੀ ਸੇਵਾ**





**ਬੱਲ ਖੁਰਦ ਤੋਂ ਅਮਨਦੀਪ ਹਾਂਸ ਦੀ ਵਿਸ਼ੇਸ਼ ਰਿਪੋਰਟ**

"ਵੇਲੇ ਸਿਰ ਨਹੀਂ ਟੁੱਕਰ ਲੱਭਦਾ,
ਮਿਹਨਤ ਵਾਲੇ ਹੱਥਾਂ ਨੂੰ
ਚਾਰ ਚੁਫੇਰੇ ਚੋਰ ਉਚੱਕੇ
ਐਥੇ ਫਲਦੇ ਵੇਖ ਰਿਹਾਂ।
ਖੌਰੇ ਕਿਸਰਾਂ ਚੱਲਦੀ ਪਈ ਏ
ਗੱਡੀ ਮੇਰੀ ਦੁਨੀਆ ਦੀ
ਵਾਂਗ ਛਲੇਡੇ ਇੱਕ ਦੂਜੇ ਨੂੰ
ਹਰ ਕੋਈ ਛਲਦਾ ਵੇਖ ਰਿਹਾਂ।"

ਬਾਬਾ ਨਜ਼ਮੀ ਸਾਹਿਬ ਦੇ ਇਹਨਾਂ ਬੋਲਾਂ 'ਚ ਜੋ ਲੋਕ ਨੇ, ਉਹ ਸਾਡੇ ਆਲੇ ਦੁਆਲੇ ਈ ਨੇ.. ਪੰਜਾਬ ਦੀਆਂ ਮੁੱਖ ਸੜਕਾਂ ਤੋਂ ਲਹਿ ਕੇ ਕਿਸੇ ਵੀ ਪਾਸੇ ਤੁਰ ਪਓ, ਛਲੇਡੇ ਵੀ ਲੱਭ ਪੈਣਗੇ ਤੇ ਰੁਲਦੇ ਮਜ਼ਲੂਮ ਵੀ ਨਜ਼ਰੀਂ ਪੈ ਜਾਣਗੇ, ਬਸ਼ਰਤੇ ਕਿ ਇਨਸਾਨੀਅਤ ਦੇ ਜਜ਼ਬੇ ਨਾਲ ਲਬਰੇਜ਼ ਦਿਲ ਦੀ ਨਜ਼ਰ ਹੋਵੇ..।

ਆਪਾਂ ਵੀ ਗੁਰੂ ਦੀ ਨਗਰੀ ਅੰਮ੍ਰਿਤਸਰ ਸਾਹਿਬ ਤੋਂ ਫਤਿਹਗੜ ਚੂੜੀਆਂ ਨੂੰ ਜਾਂਦੀ ਮੁੱਖ ਸੜਕ ਤੋਂ ਖੱਬੇ ਪਾਸੇ ਸ਼ਹਿਰ ਤੋਂ 17-18 ਕਿਲੋਮੀਟਰ ਦੂਰ ਪੈਂਦੇ ਪਿੰਡ ਬੱਲ ਖੁਰਦ ਨੂੰ ਲਹਿ ਪੈਂਦੇ ਹਾਂ.. । ਪਿੰਡ ਦਾ ਮੰਦਾ ਹਾਲ, ਗਲੀਆਂ ਨਾਲੀਆਂ ਦੇ ਗੰਦੇ ਪਾਣੀ ਨਾਲ ਡਕਾਡੀਲ, ਟਰਾਂਸਫਾਰਮਰ ਕੋਲ ਬਿਜਲੀ ਦੀਆਂ ਤਾਰਾਂ ਦੇ ਜਾਲ ਰਾਹਗੀਰਾਂ ਦੇ ਸਿਰਾਂ ਤੋਂ ਮਸਾਂ ਈ ਉਚੇ.. ਮਿੱਟੀ 'ਚ ਨੱਪੀਆਂ ਇੱਟਾਂ ਪਿਛਲੇ ਹਾਕਮਾਂ ਦੀ ਬੰਬਾਂ ਵਾਲੀ ਸੜਕ ਦਾ ਨਜ਼ਰਵੱਟੂ ਭਾਸਦੀਆਂ ਨੇ..। ਗਲੀਆਂ ਚ ਸੁੱਟਿਆ ਕੂੜਾ ਤੇ ਬੰਨੇ ਪਸ਼ੂ ਸਵੱਛ ਭਾਰਤ ਅਭਿਆਨ ਦੀ ਅਸਲ ਤਸਵੀਰ ਪੇਸ਼ ਕਰਦੇ ਨੇ। ਬੱਲ ਖੁਰਦ ਪਿੰਡ ਦੇ ਵਿਚਕਾਰ ਜਿਹੇ ਸਾਈਕਲ ਲੰਘਣ ਜੋਗੀ ਬੀਹੀ 'ਚ 70 ਕੁ ਨੂੰ ਢੁੱਕੇ ਮਹਿੰਦਰ ਸਿੰਘ ਤੇ 65-66 ਸਾਲਾ ਗਰੀਬ ਕੌਰ ਦੇ ਘਰ ਦੀਆਂ ਬਰੂਹਾਂ ਹੀ ਗੁਰਬਤ ਦੇ ਸਾਰੇ ਪਾਜ ਉਘੇੜ ਕੇ ਰੱਖ ਦਿੰਦੀਆਂ ਨੇ।

ਮਹਿੰਦਰ ਸਿੰਘ ਗਲ ਚੁੱਕੇ ਛਤੀਰ-ਬਾਲਿਆਂ ਦੀ ਛੱਤ ਹੇਠ ਮੰਜੇ ਨਾਲ ਮੰਜਾ ਹੋਇਆ ਪਿਆ ਆਖਰੀ ਘੜੀਆਂ ਗਿਣ ਰਿਹਾ ਸੀ। ਮੱਖੀਆਂ ਦੀ ਭਿਣਭਿਣਾਹਟ ਉਹਦੀ ਵਿਚੇ ਨਿਕਲੀ ਗੰਦਗੀ ਦਾ ਭੇਦ ਖੋਲਦੀ ਸੀ। ਬਾਪੂ ਦੇ ਸੰਘੋਂ ਮਸਾਂ ਹੀ ਪਾਣੀ ਦੀ ਅਵਾਜ਼ ਨਿਕਲੀ, ਬਾਪੂ ਦੀ ਅਵਾਜ਼ 'ਤੇ ਮਾਤਾ ਗਰੀਬ ਕੌਰ ਔਖੀ ਜਿਹੀ ਹੋ ਕੇ ਬੋਲੀ.. "ਦੇ ਦਿੰਨੀ ਆਂ ਪਾਣੀ.." ਸਾਨੂੰ ਟੁੱਟੇ ਹੋਏ ਮੰਜੇ ਦੇ ਖੁਰਦਰੇ ਵਾਣ 'ਤੇ ਬਹਿਣ ਤੋਂ ਵਰਜਦੀ ਹੋਈ ਮਾਤਾ ਮੱਲੋਮੱਲੀ ਪੁਰਾਣੀ ਜਿਹੀ ਖੇਸੀ ਵਿਛਾ ਦਿੰਦੀ ਹੈ ਤੇ ਫੇਰ ਟੁੱਟੇ ਜਿਹੇ ਲੀਟਰ 'ਚ ਪਾਣੀ ਲਿਆ ਬਜ਼ੁਰਗ ਕੋਲ ਬਹਿ ਜਾਂਦੀ ਹੈ। ਲੀਰ ਭਿਉਂ ਕੇ ਬਜ਼ੁਰਗ ਆਪਣਾ ਵਿਚੇ ਨਿਕਲਿਆ ਮਲ-ਮੂਤਰ ਸਾਫ ਕਰਕੇ ਪਾਣੀ ਨਾਲ ਓਥੇ ਈ ਹੱਥ ਧੋਂਹਦਾ ਹੈ। ਮਾਤਾ ਗੰਦੀ ਹੋਈ ਲੀਰ ਚੁੱਕ ਕੇ ਬਾਹਰ ਇਕ ਕੌਲੇ ਕੋਲ ਧਰਦੀ ਬੋਲਦੀ ਹੈ, "ਇਕੱਠੇ ਈ ਧੋ ਲਊਂ.." ਤੇ ਚੁੱਲੇ 'ਚੋਂ ਸਵਾਹ ਨਾਲ ਹੱਥ ਮਾਂਜ ਕੇ ਬਾਬੇ ਦੇ ਪੁਆਂਦੀ ਬਹਿ ਜਾਂਦੀ ਹੈ.. "ਚਾਹ ਬਣਾਵਾਂ ਘੁੱਟ ਘੁੱਟ..?" ਮਾਤਾ ਪੁੱਛਦੀ ਹੈ, ਪਰ ਭਿਣਕਦੀਆਂ ਮੱਖੀਆਂ ਤੇ ਸਿਰ ਨੂੰ ਚੜਦੀ ਸੜਾਂਦ ਸਾਡੇ ਜ਼ਿਹਨ ਨੂੰ ਕਚਿਆਣ ਨਾਲ ਭਰ ਗਈ.., "ਉਫ ਕਿੱਥੇ ਆ ਗਏ.." ਕੇਰਾਂ ਤਾਂ ਅੰਦਰੋਂ ਇਹ ਕੌੜਾ ਅਹਿਸਾਸ ਹੋਇਆ...।

"ਇਹ ਦੋਵੇਂ ਅੰਨੇ ਨੇ..।" ਇਲਾਕੇ ਦੇ ਸਮਾਜ ਸੇਵੀ ਡਾ. ਅਲਬਰਟ ਦੇ ਬੋਲ ਮੇਰਾ ਤਰਾਹ ਕੱਢ ਗਏ.. ਪਰ ਮਾਤਾ ਤਾਂ ਘਰ 'ਚ ਤੁਰੀ ਫਿਰਦੀ, ਸਮਾਨ ਫਰੋਲਦੀ, ਸਾਂਭਦੀ ਕਿਸੇ ਵੀ ਤਰਾਂ ਅੰਨੀ ਨਹੀ ਲੱਗਦੀ ? ਮੈਂ ਆਪਣੇ ਆਪ ਨੂੰ ਸਵਾਲ ਕਰਦੀ ਰਹੀ।

ਬੇਹਾਲੀਂ ਹੋਇਆ ਪਿਆ ਬਜ਼ੁਰਗ ਮਹਿੰਦਰ ਸਿੰਘ ਭਲੇ ਵੇਲੇ 'ਚ ਗ੍ਰੰਥੀ ਸਿੰਘ ਹੁੰਦਾ ਸੀ। ਨੇੜੇ-ਤੇੜੇ 15-20 ਕਿਲੋਮੀਟਰ ਦੇ ਦਾਇਰੇ 'ਚ ਜਿੱਥੇ ਵੀ ਪਾਠ ਹੁੰਦਾ, ਉਹ ਸਾਈਕਲ 'ਤੇ ਜਾਂਦਾ। ਇਕ ਪਾਠ ਦਾ 100 ਕੁ ਰੁਪਿਆ ਮਿਲ ਜਾਂਦਾ ਤੇ ਕਈ ਘਰ ਪੁਸ਼ਾਕ ਵੀ ਦੇ ਦਿਆ ਕਰਦੇ ਸੀ। ਮਹੀਨੇ 'ਚ 5-7 ਪਾਠ ਆ ਜਾਇਆ ਕਰਦੇ ਸੀ। ਗਰੀਬ ਕੌਰ ਲੋਕਾਂ ਦੇ ਘਰਾਂ 'ਚ ਕੰਮ ਕਰਕੇ 1000-1200 ਰੁਪਿਆ ਕਮਾ ਲਿਆ ਕਰਦੀ ਸੀ। ਇਸ ਤਰਾਂ ਦੋ ਵੇਲੇ ਤਾਂ ਰੋਟੀ ਖਾ ਈ ਲੈਂਦੇ ਸੀ। ਤਿੰਨ ਪੁੱਤ ਤੇ ਇਕ ਧੀ ਹੋਏ.. ਕਬੀਲਦਾਰੀ ਕਿਉਂਟ ਦਿੱਤੀ ਪਰ 10 ਕੁ ਸਾਲ ਪਹਿਲਾਂ ਬਜ਼ੁਰਗ ਜੋੜੇ ਦੇ ਨੈਣੀਂ ਮੋਤੀਆ ਉਤਰ ਆਇਆ। ਪੈਸੇ ਦੀ ਤੰਗੀ ਕਰਕੇ ਇਲਾਜ ਨਾ ਕਰਵਾ ਸਕੇ ਤੇ ਓਹੜ ਪੋਹੜ 'ਚ ਈ ਮੋਤੀਆ ਪੱਕ ਗਿਆ। ਨਜ਼ਰ ਬਿਲਕੁਲ ਖਤਮ ਹੋ ਗਈ, ਨਾਲ ਹੀ ਦੋਵਾਂ ਜੀਆਂ ਦਾ ਰੇਹੜੂ ਰੁਕ ਗਿਆ। ਕੋਈ ਕੰਮਕਾਰ ਕਰਨ ਜੋਗੇ ਨਹੀਂ ਰਹੇ। ਜਵਾਨ ਪੁੱਤਾਂ ਦੇ ਸਿਰ 'ਤੇ ਬਜ਼ੁਰਗ ਮਾਪਿਆਂ ਨੂੰ ਰੋਟੀ ਦਾ ਫਿਕਰ ਨਾ ਹੁੰਦਾ ਪਰ ਇਹ ਪੰਜਾਬ ਹੈ, ਜਿੱਥੇ ਧਾਰਮਿਕ ਸਥਾਨਾਂ ਉਤੇ ਜਾ ਕੇ ਮੂਹਰੇ ਹੋ-ਹੋ ਕੇ ਸੇਵਾ ਕਰਨ ਦੀ ਹੋੜ ਤਾਂ ਹੈ ਪਰ ਮਰਦੇ ਮਾਪਿਆਂ ਦੇ ਮੂੰਹ ਪਾਣੀ ਪਾਉਣ ਲਈ ਕਿਸੇ ਕੋਲ ਵਕਤ ਤੇ ਜਜ਼ਬਾਤ ਨਹੀਂ। ਤੇ ਨਾ ਹੀ ਜਿਸ ਗੁਰੂ ਦੀ ਬਾਣੀ ਲਈ, ਇਸ ਬਜ਼ੁਰਗ ਨੇ ਆਪਣੇ ਭਲੇ ਵੇਲੇ ਦੀ ਉਮਰ ਲਾਈ, ਉਸ ਗੁਰੂ ਦੀ ਗੋਲਕ ਦੇ ਕਬਜ਼ਾਧਾਰੀਆਂ ਨੇ ਕਦੇ ਇਸ ਥੁੜਾਂ ਤੇ ਕੁਦਰਤ ਦੀ ਮਾਰ ਝੱਲ ਰਹੇ 'ਰੰਗਰੇਟੇ ਗੁਰੂ ਕੇ ਬੇਟੇ' ਦੀ ਸਾਰ ਲਈ। ਜਦ ਉਹ ਠੀਕ ਠਾਕ ਸੀ, ਲੋਕਾਂ ਨੂੰ ਗੁਰੂ ਸ਼ਬਦ ਦੇ ਲੜ ਲਾਉਂਦਾ ਸੀ, ਤਾਂ ਉਸ ਕੋਲ ਕਦੇ-ਕਦੇ ਕੋਈ ਐਸਜੀਪੀਸੀ ਮੁਲਾਜ਼ਮ ਵੀ ਆ ਜਾਇਆ ਕਰਦਾ ਸੀ, ਪਰ ਜਦ ਤੋਂ ਉਹ ਅੱਖਾਂ ਤੋਂ ਅੰਨਾ ਹੋ ਗਿਆ ਤਾਂ ਉਸ ਦੀ ਦੁਨੀਆ ਹਨੇਰੀ ਹੋ ਗਈ। ਬੇਸ਼ੱਕ ਮਨ ਵਿੱਚ ਗੁਰੂ ਦੀ ਬਾਣੀ ਦੇ ਚਾਨਣ ਦੀ ਕੋਈ ਲੋਅ ਹਾਲਾਂ ਵੀ ਟਿਮਕਦੀ ਸੀ। ਇਹ ਗੁਰਬਤ ਨਾਲ ਜੂਝਦੇ ਲਈ ਮਨ ਨੂੰ ਧਰਵਾਸਾ ਦੇਣ ਵਾਲੀ ਹੀ ਗੱਲ ਸੀ।

ਇਸ ਜੋੜੇ ਦੇ ਦੋ ਪੁੱਤ ਨਸ਼ੇ ਦੇ ਰਾਹ ਪੈ ਚੁੱਕੇ ਸਨ ਤੇ ਇਕ ਜੋ ਚੰਗੀ ਕਮਾਈ ਕਰਦਾ ਹੈ, ਉਹ ਟੱਬਰ ਟੀਹਰ ਲੈ ਕੇ ਭੱਠੇ 'ਤੇ ਚਲਾ ਗਿਆ, ਜਿੱਥੇ ਕੰਮ ਕਰਦਾ ਹੈ। ਦੂਜੇ ਦੋਵੇਂ ਜੋ ਕਮਾਈ ਕਰਦੇ ਨੇ ਨਸ਼ੇ 'ਚ ਉਡਾ ਦਿੰਦੇ ਨੇ। ਦੋਵਾਂ ਦੇ ਪੰਜ ਬੱਚੇ ਨੇ, ਘਰਵਾਲੀਆਂ ਸਵੇਰੇ ਸੁਵੱਖਤੇ 7 ਵਜੇ ਈ ਗੁਜ਼ਰ ਬਸਰ ਕਰਨ ਲਈ ਬੱਲ ਖੁਰਦ ਪਿੰਡੋਂ ਆਟੋ 'ਤੇ 17-18 ਕਿਲੋਮੀਟਰ ਦੂਰ ਅੰਮ੍ਰਿਤਸਰ ਸ਼ਹਿਰ ਜਾਂਦੀਆਂ ਨੇ ਤੇ ਸ਼ਾਮ ਢਲੀ ਤੋਂ ਪਰਤਦੀਆਂ ਨੇ। ਦੋਵੇਂ 3-3 ਘਰਾਂ ਚ ਝਾੜੂ-ਪੋਚਾ, ਭਾਂਡੇ ਤੇ ਕੱਪੜੇ ਧੋਣ ਦਾ ਕੰਮ ਕਰਦੀਆਂ ਨੇ ਤੇ ਇਕ ਘਰੋਂ ਤਿੰਨਾਂ ਕੰਮਾਂ ਦਾ ਹਜ਼ਾਰ ਰੁਪਿਆ ਮਿਲਦਾ ਹੈ। ਦੋਵੇਂ ਮਹੀਨੇ ਦਾ 6000 ਕਮਾ ਲੈਂਦੀਆਂ ਨੇ, ਕੋਈ ਛੁੱਟੀ ਨਹੀ, ਕੋਈ ਦਿਨ ਤਿਉਹਾਰ ਨਹੀਂ। ਹਰ ਰੋਜ਼ ਆਟੋ ਦਾ ਕਿਰਾਇਆ ਹੀ 40 ਰੁਪਏ ਲੱਗਦਾ ਹੈ। ਬਾਕੀ ਬਚਦਾ ਹੈ, 4800 ਰੁਪਿਆ। ਰੋਟੀ ਵੀ ਅਗਲੇ ਕਦੇ-ਕਦੇ ਦੇ ਦਿੰਦੇ ਨੇ, ਨਹੀਂ ਤਾਂ ਸਵੇਰੇ ਘਰੋਂ ਖਾ ਕੇ ਗਈਆਂ, ਰਾਤ ਨੂੰ ਆ ਕੇ ਹੀ ਖਾਂਦੀਆਂ ਨੇ..।

ਦੋਵਾਂ ਦੇ ਪੰਜ ਜੁਆਕਾਂ 'ਚ ਦੋ ਧੀਆਂ, ਤਿੰਨ ਪੁੱਤ ਨੇ। ਵੱਡੀ ਧੀ 11 ਕੁ ਸਾਲ ਦੀ ਹੈ, ਪੰਜ ਜਮਾਤਾਂ ਪਾਸ ਕਰਵਾ ਕੇ ਹਟਾ ਲਈ ਕਿ ਘਰੇ ਕੰਮ ਕਰੇ ਤੇ ਨਿੱਕੇ ਭੈਣ-ਭਾਈਆਂ ਦਾ ਖਿਆਲ ਰੱਖੇ। ਕੰਵਲਜੀਤ ਕੌਰ ਨਾਮ ਦੀ ਇਹ ਬੱਚੀ ਫਿਸ ਪਈ, ਮੈਂ ਸਾਝਰੇ ਉਠ ਕੇ ਸਾਰਾ ਕੰਮ ਕਰਕੇ ਸਕੂਲ ਚਲੀ ਜਾਊਂ, ਬਾਕੀ ਆ ਕੇ ਕਰ ਲਊਂ, ਪਰ ਮੇਰੀ ਮੰਮੀ ਨੂੰ ਮਨਾਓ ਕਿ ਮੈਨੂੰ ਪੜਨੋਂ ਹਟਾਏ ਨਾ। ਮੈਂ ਪੜ ਕੇ ਮਾਸਟਰਨੀ ਲੱਗੂੰ.. ਉਹ ਸਿਸਕਦੀ ਹੋਈ ਤਰਲੇ ਕਰਦੀ ਹੈ ਪਰ ਸਾਡੇ ਕੋਲ ਉਬਾਲੇ ਮਾਰਦੇ ਜਜ਼ਬਾਤ ਰਲੇ ਅੱਥਰੂ ਪੀ ਜਾਣ ਤੋਂ ਬਿਨਾ ਕੋਈ ਚਾਰਾ ਨਹੀਂ,

"ਚਿੜੀਆਂ ਦਾ ਚੰਬਾ
ਉੱਡ ਕੇ ਕਿਤੇ ਨਹੀਂ ਜਾਏਗਾ,
ਇਥੇ ਈ ਕਿਤੇ ਉਰੇ ਪਰੇ
ਬੰਨਿਆਂ ਤੋਂ ਘਾਹ ਖੋਤੇਗਾ
ਰੁੱਖੀਆਂ ਮਿੱਸੀਆਂ ਰੋਟੀਆਂ
ਢੋਇਆ ਕਰੇਗਾ
ਤੇ ਮੈਲੀਆਂ ਚੁੰਨੀਆਂ ਭਿਉਂ ਕੇ
ਲੋਆਂ ਨਾਲ ਲੂਸੇ ਚਿਹਰਿਆਂ ਤੇ ਫੇਰੇਗਾ..।"

ਇਕ ਕਵਿਤਾ ਦੇ ਬੋਲ ਨਸ਼ਤਰ ਵਾਂਗ ਜ਼ਿਹਨ ਚ ਫਿਰ ਗਏ..। ਇਸ ਦੁੱਖਾਂ ਮਾਰੇ ਅੰਨੇ ਬਜ਼ੁਰਗ, ਗੁਰੂ ਦੀ ਰਜ਼ਾ ਵਿੱਚ ਰਹਿਣ ਵਾਲੇ ਜੋੜੇ ਦੀ ਧਾਰਮਿਕ ਵਲਗਣਾਂ ਤੋਂ ਉਪਰ ਉਠ ਕੇ ਸੇਵਾ ਕਰਦਾ ਹੈ, ਡਾ ਅਲਬਰਟ। ਨਾਮ ਤੋਂ ਤਾਂ ਈਸਾਈ ਜਾਪਿਆ ਪਰ ਹੈ ਬਾਬਾ ਗੁਰੂ ਨਾਨਕ ਜੀ ਦਾ ਸੱਚਾ ਸੇਵਕ। ਕਿਰਤ ਕਰੋ-ਵੰਡ ਛਕੋ-ਨਾਮ



ਬਾਕੀ ਸਫ਼ਾ 28 'ਤੇ




ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet over 100 gallons

open 6am to midnight

Phone: 765-478-6300





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.



# ਗੁਰਦੁਆਰਾ ਸਾਹਿਬ ਫਰੀਮੌਂਟ

300 ਗੁਰਦੁਆਰਾ ਰੋਡ ਫਰੀਮੌਂਟ, ਕੈਲੀਫੋਰਨੀਆ-94536

## ਉਦਘਾਟਨੀ ਸਮਾਰੋਹ

ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ
ਨਵੀਂ ਉਸਾਰੀ ਗਈ
ਸਕੂਲ ਅਤੇ ਲੰਗਰ ਦੀ

## ਇਮਾਰਤ ਦਾ ਉਦਘਾਟਨ

**23 ਨਵੰਬਰ,2018**
**ਦਿਨ ਸ਼ੁੱਕਰਵਾਰ**

### ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
21 ਨਵੰਬਰ, 2018 ਦਿਨ ਬੁੱਧਵਾਰ ਸਵੇਰੇ 10:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ
23 ਨਵੰਬਰ, 2018 ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ

*ਉਪਰੰਤ ਪੰਜ ਪਿਆਰਿਆਂ ਵੱਲੋਂ ਅਰਦਾਸ ਕਰਕੇ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਸਕੂਲ ਅਤੇ ਲੰਗਰ ਲਈ ਉਸਾਰੀ ਇਮਾਰਤ ਨੂੰ ਸੰਗਤਾਂ ਲਈ ਖੋਲ੍ਹ ਦਿੱਤਾ ਜਾਵੇਗਾ।*

ਇਸ ਉਦਘਾਟਨੀ ਸਮਾਰੋਹ ਵਿਚ ਸਮੂਹ ਸੰਗਤਾਂ ਨੂੰ ਵੱਧ ਤੋਂ ਵੱਧ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

ਬੇਨਤੀ ਕਰਤਾ :

**ਗੁਰਦੁਆਰਾ ਸਾਹਿਬ ਸੁਪਰੀਮ ਕੌਂਸਲ ਅਤੇ ਸਿੱਖ ਪੰਚਾਇਤ**









# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

ੴ ਸਤਿਗੁਰ ਪ੍ਰਸਾਦਿ ॥

# ਗੁਰਦੁਆਰਾ ਸਿੰਘ ਸਭਾ ਮਿਲਪੀਟਸ

**680 East Calaveras Blvd. Milpitas CA 95035**



## ਦੁਨੀਆ ਦੇ ਤਾਰਨਹਾਰ ਪਹਿਲੀ ਪਾਤਸ਼ਾਹੀ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

## ਮਹਾਨ ਗੁਰਮਤਿ ਸਮਾਗਮ

## 25 ਨਵੰਬਰ 2018, ਦਿਨ ਐਤਵਾਰ

ਸਮੂਹ ਸੰਗਤਾਂ ਨੂੰ ਬੜੀ ਨਿਮਰਤਾ ਸਹਿਤ ਬੇਨਤੀ ਹੈ ਕਿ ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਮੁੱਖ ਰੱਖਦਿਆਂ ਗੁਰੂ ਪਿਆਰੀਆਂ ਸੰਗਤਾਂ ਵੱਲੋਂ 21 ਆਖੰਡ ਪਾਠ ਸਾਹਿਬ ਦੀ ਲੜੀ ਅਰੰਭ ਕੀਤੀ ਗਈ ਸੀ, ਜਿਸ ਦੀ ਸੰਪੂਰਨਤਾ 25 ਨਵੰਬਰ ਦਿਨ ਐਤਵਾਰ ਨੂੰ ਹੋਵੇਗੀ। 23 ਨਵੰਬਰ ਸ਼ੁੱਕਰਵਾਰ ਸ਼ਾਮ ਨੂੰ ਧਾਰਮਿਕ ਦੀਵਾਨ ਸਜਾਏ ਜਾਣਗੇ।

## ਯੂਐਨਓ ਦਸਤਾਵੇਜ਼ ਵਾਲੇ ਡਾ. ਇਕਤਦਾਰ ਚੀਮਾ ਵਿਸ਼ੇਸ਼ ਤੌਰ ’ਤੇ ਪਹੁੰਚਣਗੇ



25 ਨਵੰਬਰ ਨੂੰ ਅਮਰੀਕਾ ਦੇ ਦੂਜੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਵੀ ਪਹੁੰਚ ਰਹੀਆਂ ਹਨ। ਯੂਐਨਓ ਵੱਲੋਂ ਪੰਜ ਪ੍ਰਮੁੱਖ ਧਰਮਾਂ ਨੂੰ ਮੁੱਖ ਰੱਖਦਿਆਂ ਦਸਤਾਵੇਜ਼ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਸਿੱਖ ਧਰਮ ਦੇ ਧੰਨ ਧੰਨ ਗੁਰੂ ਗਰੰਥ ਸਾਹਿਬ ਵਿੱਚੋਂ ਤਿੰਨ ਤੁਕਾਂ ਪਾਈਆਂ ਗਈਆਂ ਹਨ। ਡਾਕਟਰ ਇਕਤਦਾਰ ਚੀਮਾ ਦੀ ਸਖਤ ਮਿਹਨਤ ਅਤੇ ਗੁਰੂ ਦੀ ਅਪਾਰ ਕ੍ਰਿਪਾ ਸਦਕਾ ਇਹ ਕਾਰਜ ਹੋ ਸਕਿਆ ਹੈ। ਉਹ ਵੀ ਉਚੇਚੇ ਤੌਰ ਉੱਪਰ ਇੰਗਲੈਂਡ ਤੋਂ ਇਸ ਦਿਨ ਇਥੇ ਪਹੁੰਚ ਰਹੇ ਹਨ। ਸਮੂਹ ਸਿੱਖ ਸੰਗਤਾਂ ਨੂੰ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਵਿਖੇ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।

**ਵੱਲੋਂ : ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ**

---



ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

## ਧੰਨ ਧੰਨ ਸਾਹਿਬ

# ਸ਼੍ਰੀ ਗੁਰੂ ਨਾਨਕ ਦੇਵ ਜੀ

## ਦੇ ਪ੍ਰਕਾਸ਼ ਪੁਰਬ ਤੇ ਆਤਮ ਰਸ ਕੀਰਤਨ ਦਰਬਾਰ

ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਡੇਸ਼ਨ ਵਿਖੇ
AT GURUDWARA SAHIB KHALSA CARE FOUNDATION
9989, Laurel Canyon Blvd, Pacoima, CA 91331

| Nov 18 & 25 (Sunday) | Nov 19 & 24 (Mon-Sat) |
|---|---|
| Time : 10:00 am to 1:00 pm | Time : 6:30 pm to 8:30 pm |



Sant Anoop Singh Ji



Bhai Varinder Singh



Bhai Kulvinder Singh ji



Bhai Surdeep Singh ji



Bhai Gurjot Singh ji

## BHAI KANHIAIYA JEE LANGAR SEWA DAL

FOR MORE INFORMATION PLEASE CONTACT:
BALDEV SINGH (818) 468-9898, BALWINDER SINGH (818) 404-0811, MAKHAN SINGH (681) 225 - 7157, PARAMJIT SINGH (626) 354-6653

AD SINGH 747 252 9787




# ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸਰਹੱਦ ਉਤੇ ਹੋਰ ਵੱਡੀ ਟੈਲੀਸਕੋਪ ਲਗਾਉਣ ਦਾ ਐਲਾਨ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਇਕ ਬਿਆਨ ਵਿਚ ਦੱਸਿਆ ਗਿਆ ਹੈ ਕਿ ਇਲੈਕਟ੍ਰਾਨਿਕਸ ਤੇ ਸੂਚਨਾ ਤਕਨਾਲੋਜੀ ਮੰਤਰਾਲੇ ਵਲੋਂ ਭਾਰਤ-ਪਾਕਿਸਤਾਨ ਸਰਹੱਦ ਨਜ਼ਦੀਕ ਪੱਛਮੀ ਪੰਜਾਬ ਵਿਚ ਪੈਂਦੇ ਗੁਰਦੁਆਰਾ ਡੇਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਉਚ ਸਮੱਰਥਾ ਵਾਲੀ ਟੈਲੀਸਕੋਪ ਲਾਈ ਜਾਵੇਗੀ। ਗੁਰਦਾਸਪੁਰ ਜ਼ਿਲੇ ਵਿਚ ਭਾਰਤ-ਪਾਕਿਸਤਾਨ ਸਰਹੱਦ 'ਤੇ ਉਚ ਸਮਰੱਥਾ ਵਾਲੀ ਟੈਲੀਸਕੋਪ ਲੱਗਣ ਨਾਲ ਈ ਸਿੱਖ ਸ਼ਰਧਾਲੂ ਸਰਹੱਦ ਦੇ ਉਸ ਪਾਰ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਹੋਰ ਜ਼ਿਆਦਾ ਵਧੀਆ ਤਰੀਕੇ ਨਾਲ ਕਰ ਸਕਣਗੇ। ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਰੇਲਵੇ ਵਲੋਂ ਇਕ ਵਿਸ਼ੇਸ਼ ਰੇਲਗੱਡੀ ਚਲਾਈ ਜਾਵੇਗੀ ਜੋ ਗੁਰੂ ਸਾਹਿਬ ਨਾਲ ਸਬੰਧਤ ਥਾਵਾਂ ਤੋਂ ਹੋ ਕੇ ਲੰਘੇਗੀ। ਜ਼ਿਕਰਯੋਗ ਹੈ ਕਿ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਅਖੀਰਲੇ ਸਾਲ ਕਰਤਾਰਪੁਰ ਵਿਚ ਹੀ ਬਿਤਾਏ ਸਨ। ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਲਾਂਘਾ ਦੇਣ ਦਾ ਮੁੱਦਾ ਪਿੱਛੇ ਜਿਹੇ ਉਭਰ ਗਿਆ ਸੀ ਜਦੋਂ ਪੰਜਾਬ ਦੇ ਕੈਬਨਿਟ ਮੰਤਰੀ



ਨਵਜੋਤ ਸਿੰਘ ਸਿੱਧੂ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਿਰਕਤ ਤੋਂ ਬਾਅਦ ਆਖਿਆ ਸੀ ਕਿ ਪਾਕਿਸਤਾਨ ਸਰਕਾਰ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਲਾਂਘਾ ਦੇਣ ਲਈ ਤਿਆਰ ਹੈ। ਸਿੱਖਾਂ ਦੀਆਂ ਵੱਖ ਵੱਖ ਜਥੇਬੰਦੀਆਂ ਲੰਮੇ ਸਮੇਂ ਤੋਂ ਲਾਂਘੇ ਲਈ ਭਾਰਤ ਸਰਕਾਰ ਵਲੋਂ ਪਾਕਿਸਤਾਨ ਨਾਲ ਗੱਲਬਾਤ ਕਰਨ ਦੀ ਮੰਗ ਕਰਦੀਆਂ ਆ ਰਹੀਆਂ ਹਨ। ਇਸ ਦੌਰਾਨ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਇਕ ਯਾਦਗਾਰੀ ਸਿੱਕਾ ਤੇ ਡਾਕ ਟਿਕਟਾਂ ਜਾਰੀ ਕਰਨ ਦਾ ਵੀ ਐਲਾਨ ਕੀਤਾ ਗਿਆ ਹੈ।

# ਗੁਰਪੁਰਬ ਉਤੇ ਨਨਕਾਣਾ ਸਾਹਿਬ ਜਾਣ ਵਾਲੇ 403 ਸਿੱਖ ਸ਼ਰਧਾਲੂਆਂ ਦੀਆਂ ਵੀਜ਼ਾ ਅਰਜ਼ੀਆਂ ਰੱਦ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਉਤੇ ਨਨਕਾਣਾ ਸਾਹਿਬ ਜਾਣ ਵਾਲੇ 403 ਸਿੱਖ ਸ਼ਰਧਾਲੂਆਂ ਦੀਆਂ ਵੀਜ਼ਾ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਵਾਸਤੇ ਲਗਭਗ 1630 ਸ਼ਰਧਾਲੂਆਂ ਦੇ ਪਾਸਪੋਰਟ ਵੀਜ਼ੇ ਲਈ ਭੇਜੇ ਗਏ ਸਨ, ਜਿਨ੍ਹਾਂ ਵਿਚੋਂ 1227 ਸ਼ਰਧਾਲੂਆਂ ਨੂੰ ਵੀਜ਼ੇ ਪ੍ਰਾਪਤ ਹੋਏ ਹਨ। ਇਹ ਖ਼ੁਲਾਸਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕੀਤਾ ਹੈ। ਮੁੱਖ ਸਕੱਤਰ ਨੇ ਆਖਿਆ ਕਿ ਇੰਨੀ ਵੱਡੀ ਗਿਣਤੀ ਵਿਚ ਵੀਜ਼ੇ ਰੱਦ ਕੀਤੇ ਜਾਣ ਕਾਰਨ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਆਖਿਆ ਕਿ 403 ਸ਼ਰਧਾਲੂਆਂ ਨੂੰ ਵੀਜ਼ੇ ਨਹੀਂ ਦਿੱਤੇ ਗਏ ਹਨ। ਇਨ੍ਹਾਂ ਸਿੱਖ ਸ਼ਰਧਾਲੂਆਂ ਵੱਲੋਂ ਕਈ ਦਿਨ ਪਹਿਲਾਂ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਕੋਲ ਜਮ੍ਹਾਂ ਕਰਾਏ ਗਏ ਸਨ ਤੇ ਉਹ ਪਾਕਿਸਤਾਨ ਜਾਣ ਦੀ ਤਿਆਰੀ ਕਰ ਰਹੇ ਸਨ। ਐਨ ਆਖ਼ਰੀ ਮੌਕੇ ਉਨ੍ਹਾਂ ਨੂੰ ਵੀਜ਼ੇ ਨਹੀਂ ਮਿਲੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਤੇ ਸਿੱਖ ਜਥੇਬੰਦੀਆਂ ਲੰਮੇ ਸਮੇਂ ਤੋਂ ਮੰਗ ਕਰ ਰਹੀਆਂ ਹਨ ਕਿ 550 ਸਾਲਾ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਸਿੱਖ ਸ਼ਰਧਾਲੂਆਂ ਨੂੰ ਵੱਧ ਤੋਂ ਵੱਧ ਵੀਜ਼ੇ ਦਿੱਤੇ ਜਾਣੇ ਚਾਹੀਦੇ ਹਨ।






ੴ ਸਤਿਗੁਰ ਪ੍ਰਸਾਦਿ ॥

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥

# HOLLYWOOD SIKH TEMPLE

(GURDWARA VERMONT - 323-665-7707)

## CELEBRATING 549TH PARKASH UTSAV OF

# SRI GURU NANAK DEV JI

## Sunday Dec. 2, 2018
## 7am To 5pm

**Friendship Auditorium,**
**3201 Riverside Dr.**
**Los Angeles, CA 90027**



**7am - 9am: ASA-DI-VAAR, 9am - 11am: Kirtan by Children Jathas**
**11am - 5pm: Kirtan by renowned Ragi Jathas & Ragis from all over S. California**



Bhai Harjinder Singh ji



Sant Anoop Singh Ji



Bhai Ajit Singh Ji

## BREAKFAST SEWA BY: BHAI KANHAIYA DAL

### FOR PUNJABI BAZAR, CONTACT:

*(Vendors, Please Bring Your Own Canopies.*
*Tables Will Be Provided By Us.*

S. Bhupinder Singh Dhillon ... 323-514-6347
S. Baljinder Singh Multani ..... 213-249-8099
S. Gurdev Singh........................ 323-304-4871

### RAGI JATHAS PLEASE CONTACT:

S. Santokh Singh............. 310 569 9506
S. Baldev Singh Johal..... 661 965 5937

**VALET PARKING**
**& SHUTTLE AVAILABLE**

### MANAGEMENT COMMITTEE:

Dr. Amarjit Singh Marwah (Chairman) • S. Baldev Singh Johal (President) • S. Bhupinder Singh Dhillon (V.P.) • S. Santokh Singh (Gen. Secy.) S. Ronak Singh (Add. Secy.) • S. Nirmal Sehmbey (Membership Chairman) • S. Baljinder Singh Multani (V.P. Finance) • S. Gurdev Singh (Treasurer), S. Gulbagh Singh (Add. Treasurer) • S. Amarjit Singh (Langar Inc.) • S. Sarbjit Padda (Maintenance) • Manjinder Singh Sagoo (Video)

For all other information, please call: S. Baldev Singh Johal (661) 965-5937 • S. Bhupinder Singh Dhillon (323) 514-6347 • S. Santokh Singh (310) 569-9506

Visit our website: www.HollywoodSikhTemple.org • E-mail: info@HollywoodSikhTemple.org , 323-665-7707

47833

## ਭਾਜਪਾ ਅੰਦਰ ਹਫੜਾ-ਦਫੜੀ ਵਾਲਾ ਮਾਹੌਲ

# ਪੰਜ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਮੈਦਾਨ ਮਘਿਆ

**ਦਿੱਲੀ/ਬਿਊਰੋ ਨਿਊਜ਼ :**
ਪੰਜ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਮੈਦਾਨ ਜਿਵੇਂ-ਜਿਵੇਂ ਮਘ ਰਿਹਾ ਹੈ, ਭਾਜਪਾ ਅੰਦਰ ਹਫੜਾ-ਦਫੜੀ ਵਾਲਾ ਮਾਹੌਲ ਬਣ ਰਿਹਾ ਹੈ। ਲੋਕ ਸਭਾ ਚੋਣਾਂ ਦੇ ਨਜ਼ਰੀਏ ਤੋਂ ਇਸ ਵਾਰ ਸਭ ਤੋਂ ਅਹਿਮ ਵਿਧਾਨ ਸਭਾ ਚੋਣਾਂ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੀਆਂ ਹਨ। ਇਨ੍ਹਾਂ ਤਿੰਨਾਂ ਸੂਬਿਆਂ 'ਚ ਕੁੱਲ 65 ਲੋਕ ਸਭਾ ਸੀਟਾਂ ਹਨ। ਪਿਛਲੀ ਵਾਰ ਭਾਜਪਾ ਇਨ੍ਹਾਂ 'ਚੋਂ 62 ਸੀਟਾਂ 'ਤੇ ਜਿੱਤੀ ਸੀ। ਇਨ੍ਹਾਂ ਸੂਬਿਆਂ 'ਚ ਆਪਣੀਆਂ ਜ਼ਿਆਦਾਤਰ ਸੀਟਾਂ ਬਚਾ ਸਕਣਾ ਭਾਜਪਾ ਦੀ ਕੌਮੀ ਸਫਲਤਾ ਲਈ ਜ਼ਰੂਰੀ ਹੈ। ਇਨ੍ਹਾਂ ਤਿੰਨਾਂ ਸੂਬਿਆਂ ਦੇ ਨਤੀਜਿਆਂ ਤੋਂ ਇਹ ਝਲਕ ਵੀ ਮਿਲ ਜਾਵੇਗੀ ਕਿ ਸੰਨ 20 14 'ਚ ਪੂਰੀ ਹਿੰਦੀ ਪੱਟੀ 'ਚ ਚੱਲੀ ਮੋਦੀ ਲਹਿਰ ਕੀ ਹੁਣ ਵੀ ਬਰਕਰਾਰ ਹੈ ?
ਫਿਲਹਾਲ ਤਾਂ ਅਜਿਹਾ ਦਿਖਾਈ ਨਹੀਂ ਦਿੰਦਾ। ਹੁਣ ਤਕ ਕਈ ਜਨਮਤ ਸਰਵੇਖਣ ਆ ਚੁੱਕੇ ਹਨ, ਕਈ ਚੋਣ ਭਵਿੱਖਬਾਣੀਆਂ ਹੋ ਚੁੱਕੀਆਂ ਹਨ। ਪਿਛਲੇ ਕੁਝ ਸਮੇਂ ਤੋਂ ਇਨ੍ਹਾਂ ਭਵਿੱਖਬਾਣੀਆਂ ਦੀ ਸਾਖ ਇੰਨੀ ਡਿੱਗੀ ਹੈ ਕਿ ਇਨ੍ਹਾਂ ਦੇ ਕੁਝ ਵੀ ਕਹਿਣ ਤੋਂ ਡਰ ਲਗਦਾ ਹੈ ਪਰ ਜੇ ਤੁਸੀਂ ਚੋਣਾਂ ਤੋਂ ਪਹਿਲਾਂ ਸੀਟਾਂ ਦੀ ਸਟੀਕ ਭਵਿੱਖਬਾਣੀ ਦਾ ਚੱਕਰ ਛੱਡ ਦਿਓ ਤਾਂ ਇਹ ਸਾਰੇ ਸਰਵੇਖਣ ਜ਼ਰੂਰ ਦੱਸਦੇ ਹਨ ਕਿ ਹਵਾ ਦਾ ਰੁਖ਼ ਕਿਸ ਪਾਸੇ ਹੈ, ਲੋਕਾਂ ਦਾ ਮੂਡ ਕੀ ਹੈ ?
ਰਾਜਸਥਾਨ 'ਚ ਹਰ ਕੋਈ ਇਕੋ ਗੱਲ ਕਹਿ ਰਿਹਾ ਹੈ ਕਿ ਭਾਜਪਾ ਹਾਰੇਗੀ ਅਤੇ ਬਹੁਤ ਬੁਰੀ ਤਰ੍ਹਾਂ ਹਾਰੇਗੀ। ਵਸੁੰਧਰਾ ਰਾਜੇ ਦੀ ਸਰਕਾਰ ਅੱਜ ਸੂਬੇ 'ਚ ਓਨੀ ਹੀ ਗੈਰ-ਹਰਮਨਪਿਆਰੀ ਹੈ, ਜਿੰਨੀ 2013 ਦੀਆਂ ਚੋਣਾਂ 'ਚ ਹਾਰਨ ਤੋਂ ਪਹਿਲਾਂ ਅਸ਼ੋਕ ਗਹਿਲੋਤ ਦੀ ਸਰਕਾਰ ਹੋ ਚੁੱਕੀ ਸੀ। ਸਿਰਫ 33 ਫੀਸਦੀ ਲੋਕ ਚਾਹੁੰਦੇ ਹਨ ਕਿ ਭਾਜਪਾ ਨੂੰ ਦੁਬਾਰਾ ਮੌਕਾ ਦਿੱਤਾ ਜਾਵੇ, ਜਦਕਿ 44 ਫੀਸਦੀ ਲੋਕ ਭਾਜਪਾ ਦੀ ਸਰਕਾਰ ਨੂੰ ਹਟਾਉਣ ਦੇ ਪੱਖ 'ਚ ਹਨ।
ਰਾਜਸਥਾਨ 'ਚ ਤਾਂ ਸਵਾਲ ਸਿਰਫ ਇੰਨਾ ਹੈ ਕਿ ਭਾਜਪਾ ਦੀ ਹਾਰ ਦਾ ਫਰਕ ਕਿੰਨਾ ਹੋਵੇਗਾ ? ਕੀ ਵਿਧਾਨ ਸਭਾ ਚੋਣਾਂ 'ਚ ਹਾਰਨ ਤੋਂ ਬਾਅਦ ਭਾਜਪਾ ਲੋਕ ਸਭਾ ਚੋਣਾਂ 'ਚ ਇਥੇ ਕੁਝ ਸੀਟਾਂ ਬਚਾ ਸਕੇਗੀ ?
ਤਾਜ਼ਾ ਘਟਨਾ ਵਿਚ ਭਾਜਪਾ ਦੇ ਦੌਸਾ ਤੋਂ ਲੋਕ ਸਭਾ ਸਾਂਸਦ ਹਰਸ਼ ਮੀਣਾ ਪਾਰਟੀ ਵਿਚੋਂ ਅਸਤੀਫ਼ਾ ਦੇ ਕੇ ਕਾਂਗਰਸ ਦੀ ਗੱਡੀ ਵਿੱਚ ਸਵਾਰ ਹੋ ਗਏ ਹਨ। ਹਰਸ਼ ਮੀਣਾ ਸਾਬਕਾ ਆਈਪੀਐਸ ਅਧਿਕਾਰੀ ਹਨ। ਅਸ਼ੋਕ ਗਹਿਲੋਤ ਜਦੋਂ ਰਾਜਸਥਾਨ ਦੇ ਮੁੱਖ ਮੰਤਰੀ ਸਨ ਤਾਂ ਹਰਸ਼ ਮੀਣਾ ਰਾਜ ਦੇ ਡਾਇਰੈਕਟਰ ਜਨਰਲ ਪੁਲਸ ਸਨ। ਰਿਟਾਇਰਮੈਂਟ ਤੋਂ ਬਾਅਦ ਉਹ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਪਾਰਟੀ ਨੇ ਸੰਨ 2014 ਦੀਆਂ ਸੰਸਦੀ ਚੋਣਾਂ ਵਿਚ ਉਹਨਾ ਨੂੰ ਦੌਸਾ ਤੋਂ ਉਮੀਦਵਾਰ ਬਣਾਇਆ ਸੀ। ਇਸ ਚੋਣ ਵਿਚ ਉਹਨਾਂ ਮੀਣਾ ਬਰਾਦਰੀ ਦੇ ਸ਼ਕਤੀਸ਼ਾਲੀ ਆਗੂ ਕਿਰੋੜੀ ਲਾਲ ਮੀਣਾ ਨੂੰ ਹਰਾਇਆ ਸੀ। ਉਹਨਾਂ ਦੇ ਭਰਾ ਤੇ ਕਾਂਗਰਸੀ ਉਮੀਦਵਾਰ ਨਮੋ ਨਰਾਇਣ ਮੀਣਾ ਇਸ ਚੋਣ ਵਿਚ ਤੀਜੇ ਸਥਾਨ ਉੱਤੇ ਰਹੇ ਸਨ। ਦੌਸਾ ਤੇ ਇਸ ਦੇ ਆਸ-ਪਾਸ ਦੇ ਆਦੀਵਾਸੀ ਬਹੁ-ਗਿਣਤੀ ਵਾਲੇ ਇਲਾਕੇ ਵਿਚ ਹਰਸ਼ ਮੀਣਾ ਤੇ ਉਸ ਦੇ ਭਾਈ ਨਮੋ ਨਰਾਇਣ ਮੀਣਾ ਦਾ ਕਾਫ਼ੀ ਵਕਾਰ ਹੈ। ਇਸ ਦੇ ਨਾਲ ਹੀ ਸੰਨ 2014 ਵਿਚ 282 ਦੇ ਅੰਕੜੇ ਨਾਲ ਬਹੁ-ਸੰਮਤੀ ਵਿਚ ਆਈ ਭਾਜਪਾ ਚੁਣੇ ਹੋਏ ਸਾਸਦਾਂ ਦੀ ਗਿਣਤੀ 271 ਰਹਿ ਜਾਣ ਬਾਅਦ ਮਾਮੂਲੀ ਤੌਰ 'ਤੇ ਉਹ ਘੱਟ ਗਿਣਤੀ ਵਿਚ ਆ ਗਈ ਹੈ। ਉਹ ਹੁਣ ਨਾਮਜ਼ਦ ਕੀਤੇ ਗਏ



ਤਿੰਨ ਮੈਂਬਰਾਂ ਨਾਲ ਹੀ ਬਹੁ-ਸੰਮਤੀ ਵਿਚ ਹੈ। ਹਰਸ਼ ਮੀਣਾ ਭਾਜਪਾ ਛੱਡਣ ਵਾਲੇ ਦੂਜੇ ਸਾਂਸਦ ਹਨ। ਉਸ ਤੋਂ ਪਹਿਲਾਂ ਮਹਾਰਾਸ਼ਟਰ ਦੀ ਭੰਡਾਰਾ-ਗੋਂਦੀਆ ਸੀਟ ਤੋਂ ਬੀਜੇਪੀ ਸਾਂਸਦ ਨਾਨਾ ਪਟੋਲੇ ਨੇ ਭਾਜਪਾ ਛੱਡ ਕੇ ਕਾਂਗਰਸ ਦਾ ਹੱਥ ਫੜ ਲਿਆ ਸੀ।
ਰਾਜਸਥਾਨ ਦੇ ਨਗੌਰ ਤੋਂ ਵਿਧਾਇਕ ਹਬੀਬੁਉਰ ਰਹਿਮਾਨ ਵੀ ਭਾਜਪਾ ਤੋਂ ਅਸਤੀਫ਼ਾ ਦੇ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਇਸ ਤੋਂ ਪਹਿਲਾਂ ਵਸੁੰਧਰਾ ਰਾਜੇ ਦੀ ਸਰਕਾਰ ਵਿਚ ਕੈਬਨਿਟ ਮੰਤਰੀ ਰਹੇ ਸੁਰਿੰਦਰ ਗੋਇਲ ਨੇ ਵੀ ਭਾਜਪਾ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਹ ਭਾਜਪਾ ਨਾਲ ਏਨੇ ਨਰਾਜ਼ ਹਨ ਕਿ ਉਹਨਾਂ ਜਨਤਕ ਤੌਰ 'ਤੇ ਕਸਮ ਖਾਧੀ ਕਿ ਉਹ ਭਾਜਪਾ ਨੂੰ ਬਰਬਾਦ ਕਰ ਕੇ ਰੱਖ ਦੇਣਗੇ। ਰਾਜਸਥਾਨ ਵਿਚ 7 ਦਸੰਬਰ ਨੂੰ ਵਿਧਾਨ ਸਭਾ ਲਈ ਵੋਟਾਂ ਪੈਣੀਆਂ ਹਨ। ਭਾਜਪਾ ਦੇ ਇਕ ਤੋਂ ਬਾਅਦ ਇਕ ਵੱਡੇ ਤੋਂ ਲੈ ਕੇ ਛੋਟੇ ਤਕ ਦੇ ਆਗੂਆਂ ਵੱਲੋਂ ਅਲਵਿਦਾ ਕਹਿਣਾ ਇਸ ਗੱਲ ਦਾ ਸੰਕੇਤ ਹੈ ਕਿ ਇਸ ਵਾਰ ਰਾਜਸਥਾਨ ਵਿੱਚ ਭਾਜਪਾ ਦਾ ਰਾਹ ਸੌਖਾ ਨਹੀਂ ਹੈ।
ਭਾਜਪਾ ਆਗੂਆਂ ਦੇ ਇਸ ਤਰ੍ਹਾਂ ਪਾਰਟੀ ਛੱਡਣ ਨਾਲ ਪਾਰਟੀ ਨੂੰ ਵੱਡਾ ਧੱਕਾ ਲੱਗ ਸਕਦਾ ਹੈ। ਇਹ ਰੁਝਾਨ ਸਿਰਫ ਵਿਧਾਨ ਸਭਾ ਚੋਣਾਂ ਵਾਲੇ ਰਾਜਾਂ ਤੱਕ ਹੀ ਸੀਮਿਤ ਨਹੀਂ ਹੈ। ਪਿੱਛੇ ਜਿਹੇ ਮਹਾਰਾਸ਼ਟਰ ਦੇ ਕੱਦਾਵਰ ਭਾਜਪਾ ਆਗੂ ਤੇ ਧੁਲੇ ਵਿਧਾਨ ਸਭਾ ਸੀਟ ਤੋਂ ਵਿਧਾਇਕ ਅਨਿਲ ਗੋਟੇ ਨੇ ਇਹ ਕਹਿ ਕੇ ਅਸਤੀਫ਼ਾ ਦੇ ਦਿੱਤਾ ਸੀ ਕਿ ਭਾਜਪਾ ਹੁਣ ਅਪਰਾਧੀਆਂ ਦਾ ਗੜ੍ਹ ਬਣ ਚੁੱਕੀ ਹੈ। ਇਸੇ ਤਰ੍ਹਾਂ ਹੀ ਮਹਾਰਾਸ਼ਟਰ ਦੀ ਕਟੋਲ ਵਿਧਾਨ ਸਭਾ ਸੀਟ ਤੋਂ ਭਾਜਪਾ ਵਿਧਾਇਕ ਅਸ਼ੀਸ਼ ਦੇਸ਼ਮੁੱਖ ਨੇ ਪਾਰਟੀ ਛੱਡ ਦਿੱਤੀ ਸੀ। ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਇਸ ਸਮੇਂ ਕੁਝ ਮਹੀਨੇ ਹੀ ਰਹਿੰਦੇ ਹਨ। ਅਜਿਹੇ ਸਮੇਂ ਆਗੂਆਂ ਦਾ ਇਸ ਤਰ੍ਹਾਂ ਪਾਰਟੀ ਵਿੱਚੋਂ ਹਿਜਰਤ ਕਰੀ ਜਾਣਾ ਸਾਬਤ ਕਰਦਾ ਹੈ ਕਿ ਭਾਜਪਾ ਲਈ ਸੰਨ 2019 ਵਾਲੀਆਂ ਚੋਣਾਂ ਦਾ ਭਵਸਾਗਰ ਪਾਰ ਕਰਨਾ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ
ਮੱਧ ਪ੍ਰਦੇਸ਼ 'ਚ ਮੁਕਾਬਲਾ ਫਸਵਾਂ : ਮੱਧ ਪ੍ਰਦੇਸ਼ 'ਚ ਵੱਖ-ਵੱਖ ਸਰਵੇਖਣ ਵੱਖ-ਵੱਖ ਦਿਸ਼ਾਵਾਂ 'ਚ ਜਾਂਦੇ ਹਨ ਪਰ ਦੋ ਗੱਲਾਂ 'ਤੇ ਸਾਰੇ ਸਰਵੇਖਣ ਸਹਿਮਤ ਹਨ ਕਿ ਇਥੇ ਮੁਕਾਬਲਾ ਫਸਵਾਂ ਹੈ ਅਤੇ ਪਹਿਲਾਂ ਦੇ ਮੁਕਾਬਲੇ ਸ਼ਿਵਰਾਜ ਚੌਹਾਨ ਦੀ ਸਰਕਾਰ ਦੀ ਹਰਮਨਪਿਆਰਤਾ ਬਹੁਤ ਘਟੀ ਹੈ। ਸੀਐੱਸਡੀਐੱਸ. ਨੇ ਜਦੋਂ ਸੰਨ 2013 ਦੀਆਂ ਚੋਣਾਂ ਤੋਂ ਪਹਿਲਾਂ ਮੱਧ ਪ੍ਰਦੇਸ਼ 'ਚ ਸਰਵੇਖਣ ਕੀਤਾ ਸੀ ਤਾਂ 53 ਫੀਸਦੀ ਲੋਕ ਭਾਜਪਾ ਸਰਕਾਰ ਦੀ ਵਾਪਸੀ ਚਾਹੁੰਦੇ ਸਨ ਤੇ ਸਿਰਫ 20 ਫੀਸਦੀ ਉਸ ਨੂੰ ਹਟਾਉਣਾ ਚਾਹੁੰਦੇ ਸਨ।
ਇਸ ਵਾਰ ਅਕਤੂਬਰ ਦੇ ਮਹੀਨੇ 'ਚ 45 ਫੀਸਦੀ ਲੋਕ ਸਰਕਾਰ ਦੀ ਵਾਪਸੀ ਦੇ ਹੱਕ 'ਚ ਸਨ ਤਾਂ 43 ਫੀਸਦੀ ਭਾਜਪਾ ਸਰਕਾਰ ਨੂੰ ਹਟਾਉਣ ਦਾ ਮੂਡ ਬਣਾ ਚੁੱਕੇ ਸਨ। ਸੀਐੱਸਡੀਐੱਸ. ਦਾ ਜੋ ਸਰਵੇ ਭਾਜਪਾ ਨੂੰ ਅੱਗੇ ਦਿਖਾ ਰਿਹਾ ਹੈ, ਉਸ ਦੇ ਮੁਤਾਬਿਕ ਦਿਹਾਤੀ ਇਲਾਕਿਆਂ 'ਚ ਭਾਜਪਾ ਕਾਂਗਰਸ ਤੋਂ ਪਿੱਛੇ ਚੱਲ ਰਹੀ ਹੈ। ਸ਼ਹਿਰਾਂ 'ਚ ਵੱਡੀ ਜਿੱਤ ਦੁਹਰਾਉਣ ਦੇ ਬਾਵਜੂਦ ਜੇ ਭਾਜਪਾ ਦਿਹਾਤੀ ਇਲਾਕੇ 'ਚ ਪਿੱਛੇ ਰਹੀ ਤਾਂ ਬਹੁਮਤ ਦੇ ਅੰਕੜੇ ਨੂੰ ਛੂਹ ਨਹੀਂ ਸਕੇਗੀ। ਜੋ ਵੀ ਹੋਵੇ, ਇਹ ਤਾਂ ਸੰਭਵ ਨਹੀਂ ਲਗਦਾ ਕਿ ਭਾਜਪਾ ਸੰਨ 2014 ਦੀਆਂ ਚੋਣਾਂ 'ਚ ਇਥੋਂ ਜਿੱਤੀਆਂ 29 'ਚੋਂ 27 ਲੋਕ ਸਭਾ ਸੀਟਾਂ ਮੁੜ ਜਿੱਤ ਕੇ ਰਿਕਾਰਡ ਕਾਇਮ ਕਰ ਸਕੇ।
ਛੱਤੀਸਗੜ੍ਹ 'ਚ ਸਰਵੇਖਣ ਜਾਂ ਤਾਂ ਭਾਜਪਾ ਦੀ ਵੱਡੀ ਜਿੱਤ ਦੀ ਗੱਲ ਕਹਿ ਰਹੇ ਹਨ ਜਾਂ ਫਿਰ ਉਸ ਦੀ ਮਾਮੂਲੀ ਹਾਰ ਦੀ। ਪਿਛਲੀਆਂ ਦੋਹਾਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਹਾਰਨ ਤੋਂ ਵਾਲ-ਵਾਲ ਬਚੀ ਹੈ। ਇਸ ਵਾਰ ਦੋਹਾਂ ਤਰ੍ਹਾਂ ਦੇ ਸਰਵੇਖਣ ਇਹ ਗੱਲ ਮੰਨ ਰਹੇ ਹਨ ਕਿ ਪਿਛਲੀ ਵਾਰ ਦੇ ਮੁਕਾਬਲੇ ਇਸ ਵਾਰ ਰਮਨ ਸਿੰਘ ਸਰਕਾਰ ਦੀ ਹਰਮਨਪਿਆਰਤਾ ਘਟੀ ਹੈ। ਹਰ ਕੋਈ ਇਹ ਮੰਨ ਰਿਹਾ ਹੈ ਕਿ ਜੇ ਭਾਜਪਾ ਜਿੱਤ ਜਾਂਦੀ ਹੈ ਤਾਂ ਉਸ ਦਾ ਸਿਹਰਾ ਅਜੀਤ ਜੋਗੀ, ਬਸਪਾ ਗੱਠਜੋੜ ਵਲੋਂ ਕਾਂਗਰਸ ਦੀਆਂ ਵੋਟਾਂ 'ਚ ਲਾਈ ਸੰਨ੍ਹ ਨੂੰ ਜਾਵੇਗਾ। ਜੇ ਅਜਿਹਾ ਹੁੰਦਾ ਹੈ ਤਾਂ ਲੋਕ ਸਭਾ ਚੋਣਾਂ 'ਚ ਭਾਜਪਾ ਆਪਣੀਆਂ 10 ਸੀਟਾਂ ਕਿਵੇਂ ਬਚਾਏਗੀ ?
ਲੋਕ ਸਭਾ ਚੋਣਾਂ 'ਤੇ ਅਸਰ ਜ਼ਰੂਰ ਪਵੇਗਾ : ਜੇ ਭਾਜਪਾ ਤਿੰਨ ਸੂਬਿਆਂ 'ਚ ਜਿੱਤ ਜਾਂਦੀ ਹੈ ਤਾਂ ਜ਼ਾਹਿਰ ਹੈ ਕਿ ਲੋਕ ਸਭਾ ਚੋਣਾਂ ਲਈ ਉਸ ਦਾ ਆਤਮ-ਵਿਸ਼ਵਾਸ ਵਧ ਜਾਵੇ ਅਤੇ ਉਸ ਦੇ ਪੱਖ 'ਚ ਲਹਿਰ ਚੱਲ ਪਵੇ ਪਰ ਜੇਕਰ ਰਾਜਸਥਾਨ ਤੋਂ ਇਲਾਵਾ ਭਾਜਪਾ ਇਕ ਹੋਰ ਸੂਬੇ 'ਚ ਹਾਰ ਜਾਂਦੀ ਹੈ ਜਾਂ ਲਗਭਗ ਹਾਰ ਜਾਂਦੀ ਹੈ ਤਾਂ ਇਸ ਨਾਲ ਪੂਰੇ ਦੇਸ਼ ਦਾ ਸਿਆਸੀ ਮਾਹੌਲ ਬਦਲ ਜਾਏਗਾ ਤੇ ਵਿਰੋਧੀ ਪਾਰਟੀਆਂ ਦੇ ਵਰਕਰਾਂ ਦਾ ਉਤਸ਼ਾਹ ਵਧੇਗਾ।
ਜੋ ਵੱਡੇ ਉਦਯੋਗਪਤੀ ਹੁਣ ਭਾਜਪਾ ਨੂੰ ਛੱਡ ਕੇ ਹੋਰ ਕਿਸੇ ਵਿਰੋਧੀ ਪਾਰਟੀ ਨੂੰ ਫੰਡ ਦੇਣ ਤੋਂ ਡਰ ਰਹੇ ਹਨ, ਉਦੋਂ ਫਿਰ ਉਹ ਵੀ ਆਪਣੀਆਂ ਥੈਲੀਆਂ ਵਿਰੋਧੀ ਪਾਰਟੀਆਂ ਲਈ ਖੋਲ੍ਹ ਦੇਣਗੇ। ਸਭ ਤੋਂ ਵੱਡੀ ਗੱਲ ਇਹ ਕਿ ਮੀਡੀਆ ਦਾ ਰੁਝਾਨ ਬਦਲੇਗਾ।
ਭਾਜਪਾ ਨੇ ਸਿੱਖਾਂ ਵਾਲੀਆਂ ਸੀਟਾਂ 'ਤੇ ਵੀ ਸਿੱਖੀ ਵਿਰੋਧੀ ਚੇਹਰੇ ਖੜ੍ਹੇ ਕੀਤੇ : ਇਸ ਵਾਰ ਹੋਣ ਜਾ ਰਹੀਆਂ ਚੋਣਾਂ ਵਿਚ ਭਾਜਪਾ ਵੱਲੋਂ ਚਾਰ ਸੀਟਾਂ 'ਤੇ ਸਿੱਖ ਪਿਛੋਕੜ ਵਾਲੇ ਉਮੀਦਵਾਰ ਖੜ੍ਹੇ ਕੀਤੇ ਗਏ ਹਨ, ਜਦੋਂਕਿ ਪਿਛਲੀਆਂ ਚੋਣਾਂ ਵਿਚ ਭਾਜਪਾ ਵਲੋਂ 2 ਉਮੀਦਵਾਰ ਖੜੇ ਕੀਤੇ ਗਏ ਸਨ। ਕਾਂਗਰਸ ਵਲੋਂ ਗੰਗਾਨਗਰ ਜਿਲੇ ਦੀ ਕਰਨਪੁਰ ਸੀਟ ਉਤੇ ਸ਼ਰਾਬ ਵਪਾਰੀ ਗੁਰਮੀਤ ਸਿੰਘ ਕੁੰਨਰ ਨੂੰ ਮੈਦਾਨ ਵਿਚ ਲਿਆਂਦਾ ਗਿਆ ਹੈ। ਉਹ ਪਿਛਲੀਆਂ ਚੋਣਾਂ ਵਿਚ ਵੀ ਮੈਦਾਨ ਵਿਚ ਸਨ ਪਰ ਹਾਰ ਗਏ ਸਨ। ਇਸ ਸੀਟ ਉਤੇ ਸਿਰਫ ਇਕ ਵਾਰ ਹਿੰਦੂ ਪੰਜਾਬੀ ਉਮੀਦਵਾਰ ਕੁੰਦਨ ਲਾਲ ਮੀਗਲਾਨੀ ਨੂੰ ਛੱਡ ਕੇ, ਹਰ ਵਾਰ ਸਿੱਖ ਉਮੀਦਵਾਰ ਹੀ ਜੇਤੂ ਰਿਹਾ ਹੈ। ਭਾਜਪਾ ਵੱਲੋਂ ਉਤਾਰੇ ਗਏ ਉਮੀਦਵਾਰ ਸੁਰਿੰਦਰਪਾਲ ਟੀਟੀ ਆਰਐਸਐਸ ਦੇ ਪਿਛੋਕੜ ਵਾਲੇ ਜਾਣੇ ਜਾਂਦੇ ਹਨ। ਉਹ ਆਰਐਸਐਸ ਵਲੋਂ ਪਿਛਲੇ ਸਾਲ ਗੁਰੂ ਗੋਬਿੰਦ ਸਿੰਘ ਦੇ ਮਨਾਏ ਸਮਾਗਮ ਵਿਚ ਵੀ ਸ਼ਿਰਕਤ ਕਰਕੇ ਆਏ ਸੀ, ਜਦੋਂਕਿ ਉਸ ਸਬੰਧੀ ਅਕਾਲ ਤਖਤ ਸਾਹਿਬ ਤੋਂ ਸਪਸ਼ਟ ਆਦੇਸ਼ ਸੀ ਕਿ ਸਿੱਖ ਉਸ ਸਮਾਗਮ ਵਿਚ ਸ਼ਿਰਕਤ ਨਾ ਕਰਨ। ਸਾਦੂਲ ਸ਼ਹਿਰ ਸੀਟ ਤੋਂ ਬੀਜੇਪੀ ਨੇ ਸਾਬਕਾ ਮੰਤਰੀ ਗੁਰਜੰਟ ਸਿੰਘ ਬਰਾੜ ਦੇ ਪੋਤਰੇ ਗੁਰਬੀਰ ਬਰਾੜ ਨੂੰ ਮੈਦਾਨ ਵਿਚ ਲੈ ਕੇ ਆਂਦਾ ਹੈ। ਇਹ ਪਰਿਵਾਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨੇੜਤਾ ਵਾਲਾ ਹੈ ਪਰ ਸ਼ੁਰੂ ਤੋਂ ਹੀ ਵਿਵਾਦਾਂ ਵਿਚ ਘਿਰਿਆ ਰਿਹਾ ਹੈ। ਸਾਬਕਾ ਮੰਤਰੀ ਗੁਰਜੰਟ ਸਿੰਘ ਬਰਾੜ ਉਪਰ ਸੌਦਾ ਸਾਧ ਨਾਲ ਨੇੜਤਾ ਦੇ ਇਲਜ਼ਾਮ ਲਗਦੇ ਰਹੇ ਹਨ। ਉਮੀਦਵਾਰ ਗੁਰਬੀਰ ਬਰਾੜ ਦੇ ਪਿਤਾ ਬਲਦੇਵ ਸਿੰਘ ਬਰਾੜ ਨੂੰ ਬੁੱਢਾ ਜੋਹੜ ਗੁਰਦੁਆਰਾ ਸਾਹਿਬ ਉਪਰ ਧੱਕੇ ਨਾਲ ਕਬਜ਼ਾ ਕਰਨ ਅਤੇ ਅਕਾਲ ਤਖਤ ਸਾਹਿਬ ਦੇ ਆਦੇਸ਼ਾ ਦੀ ਪਾਲਣਾ ਨਾ ਕਰਕੇ ਪੰਥ ਵਿਚੋਂ ਛੇਕਿਆ ਹੋਇਆ ਹੈ। ਹਨੂਮਾਨਗੜ੍ਹ ਜ਼ਿਲ੍ਹੇ ਦੀ ਸੰਗਰਿਆ ਸੀਟ ਤੋਂ ਭਾਜਪਾ ਵਲੋਂ ਗੁਰਦੀਪ ਸਿੰਘ ਸ਼ਾਹਪੀਣੀ ਨੂੰ ਉਮੀਦਵਾਰ ਬਣਾਇਆ ਗਿਆ ਹੈ। ਉਹ ਇਸ ਤੋਂ ਪਹਿਲਾਂ ਦੋ ਵਾਰ ਚੋਣ ਲੜ ਚੁੱਕੇ ਹਨ। ਉਹਨਾਂ ਉਤੇ ਪੁਲਿਸ ਮੁਖਬਰੀ ਕਰਕੇ ਦੋ ਸਿੱਖ ਨੌਜਵਾਨ ਭਾਈ ਸਿਕੰਦਰ ਸਿੰਘ ਸੂਬਾ ਪਿੰਡ ਸਿੰਘੇਵਾਲਾ, ਹਰਦੇਵ ਸਿੰਘ ਸਿੱਧੂ ਪਿੰਡ ਪੂਹਲਾ ਨੂੰ ਮਰਵਾਉਣ ਦੇ ਇਲਜ਼ਾਮ ਹਨ। ਇਸ ਤੋਂ ਇਲਾਵਾ ਨਰਕਧਾਰੀ ਪਿਛੋਕੜ ਹੋਣ ਕਰਕੇ ਨਿਰੰਕਾਰੀ ਕਾਂਡ ਵੇਲੇ ਪਿੰਡ ਦੇ ਗੁਰਦੁਆਰਾ ਸਾਹਿਬ ਉਤੇ ਗੋਲੀਬਾਰੀ ਕਰਨ ਦੇ ਵੀ ਦੋਸ਼ ਹਨ। ਗੁਰਦੀਪ ਸਿੰਘ ਸ਼ਾਹਪੀਣੀ ਰਿਸ਼ਤੇ ਵਿਚ ਗੁਰਵੀਰ ਬਰਾੜ ਦੇ ਮਾਮਾ ਲਗਦੇ ਹਨ।
ਚੌਥੇ ਉਮੀਦਵਾਰ ਅਲਵਰ ਜ਼ਿਲ੍ਹੇ ਦੇ ਰਾਮਗੜ੍ਹ ਹਲਕੇ ਤੋਂ ਸੁਖਵੰਤ ਸਿੰਘ ਖੜ੍ਹੇ ਕੀਤੇ ਹਨ। ਇਹ ਸੀਟ ਕੱਟੜ ਹਿੰਦੂ ਵਜੋਂ ਪਛਾਣ ਬਣਾ ਚੁੱਕੇ ਗਿਆਨ ਦੇਵ ਆਹੂਜਾ ਦੀ ਕੱਟ ਕੇ ਸਿੱਖ ਨੌਜਵਾਨ ਨੂੰ ਦਿੱਤੀ ਹੈ ਜੋ ਪਹਿਲਾਂ ਬਲਾਕ ਸੰਮਤੀ ਦੇ ਪ੍ਰਧਾਨ ਵੀ ਰਹੇ ਹਨ। ਇਹ ਵੀ ਕੱਟੜ ਹਿੰਦੂ ਜਥੇਬੰਦੀ ਦੇ ਹੀ ਸਮਰਥਕ ਦੱਸੇ ਜਾਂਦੇ ਹਨ
ਜਿੱਤ ਹਾਰ ਦਾ ਨਿਰਣਾ 11 ਦਸੰਬਰ ਨੂੰ ਹੋਣਾ ਹੈ ਪਰ ਭਾਜਪਾ ਵਲੋਂ ਸਿੱਖੀ ਦੇ ਵਿਰੋਧੀਆਂ ਨੂੰ ਉਮੀਦਵਾਰ ਬਣਾਉਣਾ, ਉਸ ਦੀ ਸਿੱਖਾਂ ਪ੍ਰਤੀ ਮਾਨਸਿਕਤਾ ਨੂੰ ਦਰਸਾਉਂਦਾ ਹੈ।

# ਡਾ. ਹਰਸ਼ ਚੈਰੀਟੇਬਲ ਟਰੱਸਟ ਨੇ ਬੇਸਹਾਰਾ ਬੱਚੀਆਂ ਨੂੰ ਫੀਸਾਂ ਦੇ ਚੈੱਕ ਵੰਡੇ

**ਪਟਿਆਲਾ/ਬਿਊਰੋ ਨਿਊਜ਼ :** ਡਾ. ਹਰਸ਼ ਚੈਰੀਟੇਬਲ ਟਰੱਸਟ, ਜੋ ਪਿਛਲੇ 11 ਸਾਲਾਂ ਤੋਂ ਬਿਨਾਂ ਬਾਪ ਦੇ ਬੱਚੀਆਂ ਦੀ ਪੜ੍ਹਾਈ ਦਾ ਖ਼ਰਚਾ ਚੁੱਕ ਰਿਹਾ ਹੈ, ਨੇ ਹੁਣ ਗਰੀਬ, ਬੇਸਹਾਰਾ ਤੇ ਖੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ ਦੇ ਟੱਬਰਾਂ ਦੀਆਂ ਬੱਚੀਆਂ ਦੀ ਪੜ੍ਹਾਈ ਦਾ ਜ਼ਿੰਮਾ ਵੀ ਚੁੱਕ ਲਿਆ ਹੈ। ਡਾ. ਗੁਰਪਾਲ ਸਿੰਘ, ਜੋ ਇਸ ਟਰੱਸਟ ਦੇ ਜਨਰਲ ਸਕੱਤਰ ਹਨ, ਨੇ ਦੱਸਿਆ ਕਿ ਟਰੱਸਟ ਨੇ ਹੁਣ ਤਿੰਨ ਅਜਿਹੀਆਂ ਬੱਚੀਆਂ ਨੂੰ ਪ੍ਰਾਈਵੇਟ ਸਕੂਲ ਦੀ ਪੜ੍ਹਾਈ ਕਰਨ ਲਈ ਫੀਸ ਦੇ ਚੈੱਕ ਵੰਡੇ ਹਨ ਤਾਂ ਜੋ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਕਮਾਈ ਕਰਨ ਯੋਗ ਬਣ ਸਕਣ। ਡਾ. ਸਿੰਘ ਨੇ ਦੱਸਿਆ ਕਿ ਗਿਆਰਾਂ ਹੋਰ ਬੱਚੀਆਂ ਨੂੰ ਟਰੱਸਟ ਵਿੱਚੋਂ ਚੈੱਕ ਦੇ ਕੇ ਇਸ ਟਰੱਸਟ ਵਿੱਚੋਂ ਹੁਣ ਤਕ 415 ਬੱਚੀਆਂ ਨੂੰ ਮਦਦ ਦਿੱਤੀ ਜਾ ਚੁੱਕੀ ਹੈ।
ਗੌਰਤਲਬ ਹੈ ਕਿ ਟਰੱਸਟ ਦੇ ਪ੍ਰਧਾਨ, ਡਾ. ਹਰਸ਼ਿੰਦਰ ਕੌਰ ਨੂੰ ਭਾਰਤ ਦੇ ਪ੍ਰੈਜ਼ੀਡੈਂਟ ਵੱਲੋਂ ਭਾਰਤ ਦੀਆਂ ਚੋਟੀ ਦੀਆਂ 100 ਅੰਤਰਰਾਸ਼ਟਰੀ ਨਾਮਣਾ ਖੱਟਣ ਵਾਲੀਆਂ ਔਰਤਾਂ ਵਿੱਚ ਸ਼ਾਮਲ ਕਰ ਕੇ ਸਨਮਾਨ ਦਿੱਤਾ ਗਿਆ ਸੀ। ਉਸ ਨੂੰ ਮਾਦਾ ਭਰੂਣ ਹੱਤਿਆ ਰੋਕਣ ਵਾਸਤੇ ਕੀਤੇ ਬੇਮਿਸਾਲ ਕੰਮਾਂ ਲਈ ਸਨਮਾਨਿਆ ਗਿਆ ਸੀ। ਦੋ ਵਾਰ ਸਟੇਟ ਐਵਾਰਡ ਹਾਸਲ ਕਰਨ ਵਾਲੀ ਤੇ ਅਨੇਕਾਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਨਮਾਨਾਂ ਨਾਲ ਸਨਮਾਨਿਤ ਡਾ. ਹਰਸ਼ਿੰਦਰ ਕੌਰ ਨੂੰ ਕਨੇਡਾ, ਅਮਰੀਕਾ ਤੇ ਅਸਟ੍ਰੇਲੀਆ ਦੀਆਂ ਪਾਰਲੀਮੈਂਟਾਂ ਵਿਚ ਵੀ ਸਨਮਾਨ ਮਿਲ ਚੁੱਕਿਆ ਹੈ। ਉਹ ਹੁਣ ਤਕ 40 ਪੁਸਤਕਾਂ ਲਿਖ ਕੇ ਪਾਠਕਾਂ ਦੀ ਝੋਲੀ ਵਿਚ ਪਾ ਚੁੱਕੀ ਹੈ ਜਿਸ ਉੱਤੇ ਉਸ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ, ਰਾਸ਼ਟਰੀ ਤੇ ਅੰਤਰਰਾਸ਼ਟਰੀ ਸਨਮਾਨ ਵੀ ਮਿਲ ਚੁੱਕੇ ਹਨ। ਪਾਕਿਸਤਾਨ ਵਿਚ ਵੀ ਡਾ. ਹਰਸ਼ਿੰਦਰ ਕੌਰ ਨੂੰ 'ਮਾਂ ਬੋਲੀ-ਡਾਕਟਰੀ ਪੱਖ ਤੋਂ' ਕਿਤਾਬ ਵਾਸਤੇ ਮਸੂਦ ਖੱਦਰਪੋਸ਼ ਐਵਾਰਡ ਮਿਲ ਚੁੱਕਿਆ ਹੈ।
ਜਦੋਂ ਡਾ. ਕੌਰ ਨੂੰ ਪੁੱਛਿਆ ਗਿਆ ਕਿ ਉਸ ਨੇ ਲੋੜਵੰਦ ਬੱਚੀਆਂ ਦੀ ਮਦਦ ਕਰਨ ਬਾਰੇ ਕਿਵੇਂ ਸੋਚਿਆ ਤਾਂ ਉਸ ਨੇ ਦੱਸਿਆ ਕਿ ਉਸ ਕੋਲ ਇਕ ਬੱਚੀ ਨੇ ਪਹੁੰਚ ਕੀਤੀ ਜਿਸ ਦੀ ਫੀਸ ਦੇਣ ਵਿਚ ਮਾਪੇ ਅਸਮਰੱਥ ਸਨ। ਜਦੋਂ ਉਹ ਸਕੂਲ ਦੀ ਪ੍ਰਿੰਸੀਪਲ ਨੂੰ ਫੀਸ ਮੁਆਫ਼ੀ ਦੀ ਬੇਨਤੀ ਕਰਨ ਗਈ ਤਾਂ ਚੌਕੀਦਾਰ ਨੇ ਉਸ ਦੀ ਮਜਬੂਰੀ ਦਾ ਫ਼ਾਇਦਾ ਉਠਾਉਣਾ ਚਾਹਿਆ। ਅਜਿਹੀ ਗੱਲ ਤੋਂ ਡਾ. ਕੌਰ ਦਾ ਇਸ ਪਾਸੇ ਕੰਮ ਕਰਨ ਵਲ ਧਿਆਨ ਖਿੱਚਿਆ ਗਿਆ ਤੇ ਹੁਣ ਉਸ ਨੇ ਸਰਕਾਰ ਅੱਗੇ ਤੇ ਹੋਰ ਸ਼ੋਸ਼ਲ ਆਰਗੇਨਾਈਜੇਸ਼ਨਾਂ ਅੱਗੇ ਅਰਜ਼ੋਈ ਕੀਤੀ ਹੈ ਕਿ ਖ਼ੁਦਕੁਸ਼ੀ ਕਰ ਚੁੱਕੇ ਕਿਸਾਨਾਂ ਦੇ ਟੱਬਰਾਂ ਦੀ, ਖ਼ਾਸ ਕਰ ਨਾਬਾਲਗ ਧੀਆਂ ਦੀ ਪੜ੍ਹਾਈ ਵੱਲ ਧਿਆਨ ਦੇਣ ਤਾਂ ਜੋ ਉਹ ਬੱਚੀਆਂ ਆਪਣੀ ਮਾਂ ਦੀ ਜ਼ਿੰਮੇਵਾਰੀ ਸਾਂਭ ਸਕਣ ਤੇ ਅੱਗੋਂ ਇੱਜ਼ਤ ਵਾਲੀ ਜ਼ਿੰਦਗੀ ਜੀਅ ਸਕਣ।

## ਮਨੀਲਾ ਵਿਚ ਫਾਇਨਾਂਸ ਦਾ ਕੰਮ ਕਰਦੇ ਸਿੱਖ ਨੌਜਵਾਨ ਦੀ ਹੱਤਿਆ

**ਮੋਗਾ/ਬਿਊਰੋ ਨਿਊਜ਼ :**
ਆਏ ਦਿਨ ਪੰਜਾਬ ਤੋਂ ਵਿਦੇਸ਼ਾਂ 'ਚ ਗਏ ਨੌਜਵਾਨਾਂ ਦੇ ਕਤਲ ਦੀਆਂ ਘਟਨਾਵਾਂ ਵਿਚ ਦਿਨੋਂ ਦਿਨ ਵਾਧਾ ਹੋ ਰਿਹਾ। ਖਾਸ ਕਰਕੇ ਫਿਲਪੀਨਜ਼ ਦੀ ਰਾਜਧਾਨੀ ਮਨੀਲਾ 'ਚ ਆਏ ਦਿਨ ਪੰਜਾਬੀਆਂ ਦੀਆਂ ਹੱਤਿਆਵਾਂ ਹੋ ਰਹੀਆਂ ਹਨ। ਤਾਜ਼ਾ ਘਟਨਾ ਵਿਚ ਮਨੀਲਾ 'ਚ ਹੀ ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਪਿੰਡ ਡਾਲਾ ਦੇ ਨੌਜਵਾਨ ਜਸਮੇਲ ਸਿੰਘ ਜੱਸਾ (24 ਸਾਲ) ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਖਬਰ ਸੁਣਦਿਆਂ ਹੀ ਪੂਰੇ ਪਿੰਡ ਵਿਚ ਮਾਤਮ ਫੈਲ ਗਿਆ। ਮ੍ਰਿਤਕ ਜਸਮੇਲ ਸਿੰਘ ਜੱਸਾ ਦੇ ਪਿਤਾ ਇਕਬਾਲ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤਰ ਦੋ ਸਾਲ ਸਾਲ ਪਹਿਲਾਂ ਰੋਜ਼ੀ ਰੋਟੀ ਕਮਾਉਣ ਮਨੀਲਾ ਦੇ ਨੇੜਲੇ ਸ਼ਹਿਰ ਲਗਸਿਪੀ ਗਿਆ ਸੀ। ਉਨ੍ਹਾਂ ਦੱਸਿਆ ਕਿ ਉਸ ਦਾ ਪੁੱਤ ਅਜੇ ਕੁਆਰਾ ਹੀ ਸੀ ਅਤੇ ਮਨੀਲਾ 'ਚ ਫ਼ਾਇਨਾਂਸ ਦਾ ਕਾਰੋਬਾਰ ਕਰਦਾ ਸੀ।

# ਸਿੱਖ ਨੌਜਵਾਨਾਂ ਦੇ ਘਰਾਂ ’ਤੇ ਪੰਜਾਬ ਪੁਲਿਸ ਵੱਲੋਂ ਛਾਪੇਮਾਰੀ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੰਜਾਬ ਪੁਲਿਸ ਨੇ ਕਈ ਸਿੱਖ ਨੌਜਵਾਨਾਂ ਦੇ ਘਰਾਂ ਉੱਤੇ ਛਾਪੇ ਮਾਰੀ ਕੀਤੀ ਹੈ। ਇਸ ਦੌਰਾਨ ਘੱਟੋ-ਘੱਟ ਇਕ ਸਿੱਖ ਨੌਜਵਾਨ ਨੂੰ ਹਿਰਾਸਤ ਵਿੱਚ ਲੈਣ ਦੀ ਵੀ ਖਬਰ ਹੈ। ਪਤਾ ਲੱਗਾ ਹੈ ਕਿ ਸਿੱਖ ਯੂਥ ਆਫ ਪੰਜਾਬ ਦੇ ਅੰਮ੍ਰਿਤਸਰ ਜਿਲ੍ਹੇ ਦੇ ਪ੍ਰਧਾਨ ਸ. ਗੁਰਜੰਟ ਸਿੰਘ ਨੂੰ ਅੰਮ੍ਰਿਤਸਰ ਪੁਲਿਸ ਨੇ ਉਹਨਾਂ ਦੇ ਘਰ ਛਾਪਾ ਮਾਰ ਕੇ ਹਿਰਾਸਤ ਵਿਚ ਲੈ ਲਿਆ ਹੈ।ਪੁਲਿਸ ਵੱਲੋਂ ਇਕ ਹੋਰ ਸਿੱਖ ਨੌਜਵਾਨ ਆਗੂ ਸ. ਪਰਮਜੀਤ ਸਿੰਘ ਮੰਡ ਦੇ ਘਰ ਵੀ ਛਾਪਾ ਮਾਰਿਆ ਗਿਆ ਪਰ ਉਹ ਘਰ ਨਹੀਂ ਮਿਲੇ।ਇਸੇ ਤਰ੍ਹਾਂ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਆਗੂ ਸ. ਰਣਜੀਤ ਸਿੰਘ (ਦਮਦਮੀ ਟਕਸਾਲ) ਦੇ ਘਰ ਵੀ ਪੁਲਿਸ ਗਈ ਤੇ ਉਹਨਾਂ ਨੂੰ ਪੁੱਛਗਿੱਛ ਲਈ ਪੇਸ਼ ਹੋਣ ਵਾਸਤੇ ਕਿਹਾ ਗਿਆ ਹੈ। ਦਲ ਖਾਲਸਾ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਪੁਲਿਸ ਵੱਲੋਂ ਕੀਤੀ ਜਾ ਰਹੀ ਛਾਪੇਮਾਰੀ ਬਾਰੇ ਉਹਨਾਂ ਨੂੰ ਕਈ ਥਾਵਾਂ ਤੋਂ ਸੁਨੇਹੇ ਮਿਲ ਰਹੇ ਹਨ। ਜ਼ਿਕਰਯੋਗ ਹੈ ਕਿ ਪੁਲਿਸ ਵੱਲੋਂ ਜਨਤਕ ਪਿੜ ਵਿਚ ਸਰਗਰਮੀ ਕਰਨ ਵਾਲੇ ਸਿੱਖ ਨੌਜਵਾਨਾਂ ਨੂੰ ਹੀ ਇਸ ਛਾਪੇਮਾਰੀ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਿੱਖ ਯੂਥ ਆਫ ਪੰਜਾਬ ਨਾਂ ਦੀ ਜਥੇਬੰਦੀ ਪਿਛਲੇ ਕਾਫੀ ਸਮੇਂ ਤੋਂ ਪੰਜਾਬ ਦੇ ਨੌਜਵਾਨਾਂ ਵਿਚ ਸਰਗਰਮੀ ਕਰ ਰਹੀ ਹੈ ਅਤੇ ਇਸ ਵੱਲੋਂ ਨਸ਼ਿਆਂ ਦੀ ਅਲਾਮਤ, ਕਿਸਾਨਾਂ ਦੀਆਂ ਸਮੱਸਿਆਵਾਂ, ਪੰਜਾਬ ਦੇ ਖੇਤੀ ਸੰਕਟ, ਨੌਜਵਾਨਾਂ ਦੇ ਪਰਵਾਸ, ਪੰਜਾਬੀ ਬੋਲੀ ਤੇ ਸਭਿਆਚਾਰ ਨੂੰ ਲੱਗ ਰਹੇ ਖੋਰੇ, ਪੰਜਾਬ ਦੇ ਪਾਣੀਆਂ ਦੇ ਹੱਕ ਤੇ ਸਵੈ ਨਿਰਣੇ ਦੇ ਹੱਕ ਬਾਰੇ ਸੈਮੀਨਾਰ, ਗੋਸ਼ਟੀਆਂ, ਕਾਨਫਰੰਸਾਂ ਅਤੇ ਕਨਵੈਨਸ਼ਨਾਂ ਆਦਿ ਕਰਵਾਈਆਂ ਜਾਂਦੀਆਂ ਹਨ ਅਤੇ ਸਿੱਖ ਨਸਲਕੁਸ਼ੀ ਦੀ ਸਲਾਨਾ ਯਾਦ ਵਿਚ ਮਾਰਚ ਵੀ ਕੀਤੇ ਜਾਂਦੇ ਹਨ। ਇਹ ਛਾਪੇਮਾਰੀ ਅੰਮ੍ਰਿਤਸਰ ਦੇ ਰਾਜਾਸਾਂਸੀ ਨੇੜਲੇ ਪਿੰਡ ਅਦਲੀਵਾਲ ਵਿਖੇ ਨਿਰੰਕਾਰੀ ਭਵਨ ਵਿਚ ਹੋਏ ਧਮਾਕੇ ਬਾਰੇ ਪੁੱਛਗਿੱਛ ਕਰਨ ਦੇ ਨਾਮ ‘ਤੇ ਹੋ ਰਹੀ ਦੱਸੀ ਜਾ ਰਹੀ ਹੈ।

# ਅਯੁੱਧਿਆ ’ਚ ਇੱਕ ਵਾਰ ਫੇਰ ਕੱਟੜ ਹਿੰਦੂਤਵੀ ਪਾ ਸਕਦੇ ਨੇ ਭੜਥੂ

## ਰਾਮਦੇਵ ਵੀ ਆਂਹਦਾ ਛੇਤੀ ਬਣਾਓ ਮੰਦਰ

**ਅਯੁੱਧਿਆ/ਬਿਊਰੋ ਨਿਊਜ਼ :** ਬਾਬਰੀ ਮਸਜਿਦ-ਰਾਮ ਜਨਮ ਭੂਮੀ ਵਾਲਾ ਮਸਲਾ ਇੱਕ ਵਾਰ ਫੇਰ ਚਰਚਾ ਵਿੱਚ ਹੈ। ਲੋਕ ਸਭਾ ਚੋਣਾਂ ਨੇੜੇ ਆਉਣ ਕਰਕੇ ਇਸ ਮਸਲੇ ਨੇ ਕੁਝ ਵਧੇਰੇ ਹੀ ਸਿਰ ਚੁੱਕਿਆ ਹੋਇਆ ਹੈ। ਇਸੇ ਕਰਕੇ ਹੀ ਧਰਮ ਨਿਰਪੱਖ ਅਤੇ ਘੱਟ ਗਿਣਤੀ ਲੋਕਾਂ ਦੇ ਸਿਰਾਂ ਵਿੱਚ ਫਿਕਰ ਮੱਚਣ ਲੱਗਿਆ ਹੈ। ਕੱਟੜਹਿੰਦੂਤਵੀਆਂ ਦੀ ਸਰਗਰਮੀ ਵਧਣ ਉੱਤੇ ਮੁਸਲਮ ਭਾਈਚਾਰੇ ਲਈ ਫਿਕਰਮੰਦੀ ਜ਼ਾਹਰ ਕਰਦਿਆਂ ਬਾਬਰੀ ਮਸਜਿਦ ਦੇ ਮੁੱਦਈ ਮੁਹੰਮਦ ਇਕਬਾਲ ਨੇ ਅਯੁੱਧਿਆ ਤੋਂ ਮੁਸਲਮਾਨਾਂ ਦੀ ਹਿਜ਼ਰਤ ਦੀ ਚੇਤਾਵਨੀ ਦਿੱਤੀ ਹੈ।

ਅਸਲ ਵਿੱਚ 24-25 ਨਵੰਬਰ ਨੂੰ ਅਯੁੱਧਿਆ ’ਚ ਸ਼ਿਵ ਸੈਨਾ, ਵਿਸ਼ਵ ਹਿੰਦੂ ਪ੍ਰੀਸ਼ਦ, ਅੰਤਰਰਾਸ਼ਟਰੀ ਹਿੰਦੂ ਪ੍ਰੀਸ਼ਦ ਤੇ ਆਰਐੱਸਐੱਸ ਦੇ ਰਾਮ ਮੰਦਰ ਨੂੰ ਲੈ ਕੇ ਸਰਗਰਮ ਰਹਿਣ ਦੀ ਸੰਭਾਵਨਾ ਹੈ। ਇਨਾਂ ਵਿੱਚ ਸ਼ਿਵ ਸੈਨਾ ਮੁਖੀ ਦਾ ਅਯੁੱਧਿਆ ਜਾ ਕੇ ਰਾਮਲੱਲਾ ਦੇ ਦਰਸ਼ਨ ਕਰਨਾ ਵੀ ਸ਼ਾਮਲ ਹੈ। ਸੰਤਾਂ ਤੋਂ ਲੈ ਕੇ ਅਹਿਮ ਹਿੰਦੂਵਾਦੀ ਸੰਗਠਨਾਂ ਨੇ ਅੰਦਰਖਾਤੇ ਆਪੋ-ਆਪਣੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਆ ਰਹੀ 25 ਨਵੰਬਰ ਨੂੰ ਵੱਡੀ ਗਿਣਤੀ ’ਚ ਹਿੰਦੂ ਸੰਤਾਂ ਤੇ ਦੂਜੇ ਲੋਕਾਂ ਦੇ ਅਯੁੱਧਿਆ ਪੁੱਜਣ ਦੀ ਤਿਆਰੀ ਹੋ ਰਹੀ ਹੈ। ਅਜਿਹੇ ਵਿੱਚ ਇਥੇ ਵਸਿਆ ਮੁਸਲਿਮ ਭਾਈਚਾਰਾ ਖੌਫਜ਼ਦਾ ਹੋ ਰਿਹਾ ਹੈ। ਮਨੁੱਖੀ ਅਧਿਕਾਰਾਂ ਦੇ ਰਾਖੇ ਉਹਨਾਂ ਪ੍ਰਤੀ ਚਿੰਤਾ ਜਤਾ ਰਹੇ ਹਨ।

**6 ਦਸੰਬਰ ਵਰਗੀ ਭੀੜ ਪਾ ਸਕਦੀ ਹੈ ਭੜਥੂ :** ਬਾਬਰੀ ਮਸਜਿਦ ਦੇ ਮੁੱਦਈ ਮੁਹੰਮਦ ਇਕਬਾਲ ਨੇ ਕਿਹਾ ਕਿ ਆਉਂਦੀ 24 ਅਤੇ 25 ਨਵੰਬਰ ਨੂੰ ਦੋਵੇਂ ਪ੍ਰੋਗਰਾਮਾਂ ਵਿੱਚ ਬਿਲਕੁਲ ਉਹੋ ਜਿਹੀ ਭੀੜ ਦੇ ਇਕੱਠੇ ਹੋਣ ਦੀ ਸੰਭਾਵਨਾ ਹੈ, ਜਿਵੇਂ 6 ਦਸੰਬਰ, 1992 ਨੂੰ ਇਕੱਠੀ ਹੋਈ ਸੀ ਤੇ ਉਸ ਸਮੇਂ ਨਾ ਸਿਰਫ਼ ਬਾਬਰੀ ਮਸਜਿਦ ਨੂੰ ਢਾਹਿਆ ਗਿਆ, ਸਗੋਂ ਅਯੁੱਧਿਆ ਦੇ ਕਈ ਹੋਰ ਧਾਰਮਿਕ ਸਥਾਨ ਵੀ ਤੋੜੇ ਗਏ ਸਨ ਅਤੇ ਲੋਕਾਂ ਦੇ ਘਰ ਸਾੜੇ ਗਏ ਸਨ। ਇਕਬਾਲ ਨੇ ਕਿਹਾ ਕਿ ਹੁਣ ਵੀ ਜੇ ਮੁਸਲਿਮ ਆਬਾਦੀ ਦੀ ਸੁਰੱਖਿਆ ਯਕੀਨੀ ਨਾ ਬਣਾਈ ਗਈ, ਤਾਂ ਉਨਾਂ ਕੋਲ ਹਿਜ਼ਰਤ ਤੋਂ ਇਲਾਵਾ ਹੋਰ ਕੋਈ ਚਾਰਾ ਬਾਕੀ ਨਹੀਂ ਰਹਿ ਜਾਵੇਗੀ। ਯਾਦ ਰਹੇ ਨਰਿੰਦਰ ਮੋਦੀ ਸਰਕਾਰ ਨੂੰ ਹਮਾਇਤ ਦੇ ਰਹੀ ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ 25 ਨਵੰਬਰ ਨੂੰ



ਅਯੁੱਧਿਆ ਆਉਣ ਦਾ ਐਲਾਨ ਕਰ ਚੁੱਕੇ ਹਨ। ਉਨਾਂ ਦੀ ਆਮਦ ਤੋਂ ਪਹਿਲਾਂ ਪਾਰਟੀ ਦੇ ਬੁਲਾਰੇ ਸੰਜੇ ਰਾਊਤ ਦੋ ਵਾਰ ਇੱਥੋਂ ਦਾ ਦੌਰਾ ਕਰ ਚੁੱਕੇ ਹਨ। ਅਯੁੱਧਿਆ ਪੁੱਜੇ ਸ਼ਿਵ ਸੈਨਾ ਦੇ ਰਾਸ਼ਟਰੀ ਬੁਲਾਰੇ ਸੰਜੇ ਰਾਊਤ ਨੇ ਕਿਹਾ ਕਿ ਅਯੁੱਧਿਆ ਵਿੱਚ ਸ਼੍ਰੀਰਾਮ ਦਾ ਵਿਸ਼ਾਲ ਮੰਦਰ ਬਣਾਉਣ ਨੂੰ ਲੈ ਕੇ ਜੇ ਅਸੀਂ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਉਡੀਕ ਕਰਾਂਗੇ, ਤਾਂ ਇਸ ਵਿੱਚ ਹਜ਼ਾਰ ਸਾਲ ਤੋਂ ਵੀ ਵੱਧ ਦਾ ਸਮਾਂ ਲੱਗ ਸਕਦਾ ਹੈ। ਸੰਜੇ ਰਾਊਤ ਦੀ ਗੱਲ ਦਾ ਭਾਵ ਸਾਫ ਹੈ ਕਿ ਕੋਰਟ ਦੇ ਫੈਸਲੇ ਦੀ ਉਡੀਕ ਕੀਤੇ ਬਿਨਾ ਇਸ ਜਗਾ ਤੇ ਰਾਮ ਮੰਦਰ ਦੀ ਉਸਾਰੀ ਸ਼ੁਰੂ ਕਰ ਦਿੱਤੀ ਜਾਏ। ਯੋਗ ਗੁਰੂ ਬਾਬਾ ਰਾਮ ਦੇਵ ਵੀ ਮੰਦਰ ਨਿਰਮਾਣ ਦੇ ਹੱਕ ‘ਚ ਬਿਆਨ ਦੇ ਰਹੇ ਹਨ। ਉਨਾਂ ਕਿਹਾ ਹੈ ਕਿ ਜੇ ਰਾਮ ਮੰਦਰ ਦਾ ਨਿਰਮਾਣ ਨਹੀਂ ਹੁੰਦਾ ਤਾਂ ਫਿਰਕੂ ਮਾਹੌਲ ਭਖੇਗਾ ਤੇ ਭੇਦਭਾਵ ਵਧਣਗੇ। ਉੱਤਰ ਪ੍ਰਦੇਸ਼ ਦੇ ਵਾਰਾਣਸੀ ਵਿੱਚ ਯੋਗ ਗੁਰੂ ਨੇ ਕਿਹਾ ਕਿ ਜੇ ਰਾਮ ਮੰਦਰ ਨਾ ਬਣਿਆ ਤਾਂ ਦੇਸ਼ ਵਿੱਚ ਫਿਰਕੂ ਮਾਹੌਲ ਵਿਗੜ ਜਾਏਗਾ। ਮੰਦਰ ਲਈ ਸਮਝੌਤੇ ਦਾ ਦੌਰ ਨਿਕਲ ਚੁੱਕਾ ਹੈ। ਉਨਾਂ ਕਿਹਾ ਕਿ ਸੰਸਦ ਵਿੱਚ ਕਾਨੂੰਨ ਲਿਆਓ ਤੇ ਮੰਦਰ ਬਣਾਓ। ਹੁਣ ਨਹੀਂ ਤਾਂ ਕਦੀਂ ਨਹੀਂ ਦੀ ਤਰਜ ’ਤੇ ਕੰਮ ਕਰਨਾ ਪਏਗਾ।

# ਬੇਅਦਬੀ ਤੇ ਗੋਲੀਕਾਂਡ ਜਾਂਚ ਮਾਮਲੇ ’ਤੇ ਕੈਪਟਨ ਸਰਕਾਰ ਦੀ ਕਿਰਕਿਰੀ

## *ਸੀਬੀਆਈ ਤੋਂ ਜਾਂਚ ਵਾਪਸ ਲੈਣ ’ਤੇ ਹਾਈਕੋਰਟ ਨੇ ਪਾਈ ਝਾੜ*

**ਚੰਡੀਗੜ੍ਹ /ਬਿਊਰੋ ਨਿਊਜ਼ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਬੇਅਦਬੀ ਅਤੇ ਰੋਸ ਜਤਾਉਂਦਿਆਂ ਉੱਤੇ ਚੱਲੀ ਗੋਲੀ ਵਾਲੇ ਮਾਮਲਿਆਂ ਵਿੱਚ ਕੈਪਟਨ ਸਰਕਾਰ ਨੇ ਜਾਂਚ ਸੀਬੀਆਈ ਤੋਂ ਵਾਪਸ ਲੈ ਕੇ ਵਿਸ਼ੇਸ਼ ਜਾਂਚ ਟੀਮ ਦੇ ਹਵਾਲੇ ਕਰ ਦਿੱਤੀ ਸੀ। ਹੁਣ ਜਦੋਂ ਐਸਆਈਟੀ ਦੀ ਜਾਂਚ ਫੈਸਲਾਕੁੰਨ ਪੜਾਅ ਵੱਧ ਵਧਦੀ ਜਾ ਰਹੀ ਹੈ, ਤਾਂ ਐਨ ਮੌਕੇ ਇਸ ਮਾਮਲੇ ਵਿੱਚ ਕੈਪਟਨ ਸਰਕਾਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਝਟਕਾ ਦਿੱਤਾ ਹੈ। ਇਸ ਮਾਮਲੇ ਸਬੰਧੀ ਪੰਜਾਬ ਸਰਕਾਰ ਨੇ ਹਾਈ ਕੋਰਟ ’ਚ ਸਟੇਟਸ-ਰਿਪੋਰਟ ਪੇਸ਼ ਕੀਤੀ ਸੀ। ਰਿਪੋਰਟ ਬੰਦ ਲਿਫ਼ਾਫ਼ੇ ’ਚ ਸੀ ਅਤੇ ਇਹ ਐੱਸਐੱਸ ਪੀ ਚਰਨਜੀਤ ਸਿੰਘ ਸਮੇਤ ਕੁਝ ਹੋਰ ਪੁਲਿਸ ਮੁਲਾਜ਼ਮਾਂ ਦੀ ਹੁਣ ਤੱਕ ਹੋਈ ਜਾਂਚ ਬਾਰੇ ਸੀ। ਰਿਪੋਰਟ ਮਿਲਣ ਤੋਂ ਬਾਅਦ ਹਾਈ ਕੋਰਟ ਨੇ ਕਿਹਾ ਕਿ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀਕਾਂਡ ਦੀ ਜਾਂਚ ਸੀਬੀਆਈ ਤੋਂ ਵਾਪਸ ਲੈਣ ਦਾ ਫ਼ੈਸਲਾ ਪੂਰੀ ਤਰਾਂ ਸਿਆਸੀ ਸੀ। ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਅਤੇ ਹੋਰ ਸਬੰਧਤ ਮਾਮਲਿਆਂ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਪੇਸ਼ ਰਿਪੋਰਟ ਨੂੰ ਰੱਦ ਕਰਨ ਲਈ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਪਾਈਆਂ ਗਈਆਂ ਪਟੀਸ਼ਨਾਂ ’ਤੇ ਬਹਿਸ ਅਧੂਰੀ ਰਹੀ। ਕੋਰਟ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਮਗਰੋਂ ਕੇਸ ਦੀ ਸੁਣਵਾਈ ਮੁਲਤਵੀ ਕਰ ਦਿੱਤੀ।




# ਜਬਰ ਤੇ ਜ਼ੁਲਮ ਦਾ ਵਿਰੋਧ

**ਡਾ. ਹਰਸ਼ਿੰਦਰ ਕੌਰ, ਐਮਡੀ.,**
(ਫੋਨ ਨੰ: 0175-2216783)

ਪੰਜਾਬ ਨੇ ਬੜਾ ਜਬਰ ਤੇ ਜ਼ੁਲਮ ਵੇਖਿਆ ਹੈ। ਇਸੇ ਜਬਰ ਵਿੱਚੋਂ ਉਪਜੇ ਸੂਰਮੇ ਤੇ ਸੂਰਬੀਰ ਦੁਨੀਆ ਵਾਸਤੇ ਮਿਸਾਲ ਬਣ ਗਏ ਅਤੇ ਪੁਸ਼ਤ ਦਰ ਪੁਸ਼ਤ ਆਪਣੀ ਵੀਰਤਾ ਦੀਆਂ ਧੁੰਮਾਂ ਪਾਉਂਦੇ ਰਹੇ। ਇਸੇ ਪਹਿਚਾਣ ਸਦਕਾ ਪੂਰੇ ਵਿਸ਼ਵ ਵਿਚ ਪੰਜਾਬੀਆਂ ਦਾ ਅੱਜ ਡੰਕਾ ਵੱਜਦਾ ਪਿਆ ਹੈ।

ਜਿੱਥੇ ਕਿਤੇ ਬਹਾਦਰ ਕੌਮਾਂ ਦੀ ਗੱਲ ਚੱਲੇ ਉੱਥੇ ਸਿੱਖਾਂ ਦਾ ਨਾਂ ਜ਼ਰੂਰ ਆਉਂਦਾ ਹੈ। ਜੰਗਾਂ ਵਿਚ ਮੋਹਰੀ ਭੂਮਿਕਾ ਨਿਭਾਉਣ ਤੇ ਦੇਸ ਲਈ ਜਾਨ ਵਾਰਨ ਦਾ ਕੰਮ ਸਿੱਖਾਂ ਨੇ ਆਪਣੇ ਮੋਢਿਆਂ ਉੱਤੇ ਚੁੱਕਿਆ ਹੋਇਆ ਹੈ। ਇਹ ਜੰਗ ਭਾਵੇਂ ਆਪਣੇ ਮੁਲਕ ਦੀ ਹੋਵੇ ਜਾਂ ਵਿਸ਼ਵ ਜੰਗ, ਦਸਤਾਰਾਂ ਵਾਲੇ, ਲੰਮੇ ਜੁੱਸੇ ਵਾਲੇ ਤੇ ਮਜ਼ਬੂਤ ਇਰਾਦੇ ਵਾਲੇ ਸਿੰਘ ਹਮੇਸ਼ਾ ਮੂਹਰਲੀ ਕਤਾਰ ਵਿਚ ਦਿਸਦੇ ਰਹੇ ਹਨ।

ਅੱਜ ਵੀ ਇਤਿਹਾਸ ਵਿਚ ਪੰਜਾਬੀਆਂ ਬਾਰੇ ਇਹੀ ਜ਼ਿਕਰ ਮਿਲਦਾ ਹੈ-"ਵਿਦੇਸ਼ੀ ਜਰਵਾਣਿਆਂ ਨਾਲ ਲੋਹਾ ਲੈਣ ਵਾਲੇ", "ਮੌਤ ਨੂੰ ਮਖੌਲਾਂ ਕਰਨ ਵਾਲੇ", "ਸਿਰ ਵਾਰ ਦੇਣ ਵਾਲੇ", "ਚਰਖੜੀਆਂ ਉੱਤੇ ਹੱਸ ਕੇ ਚੜ੍ਹਨ ਵਾਲੇ", "ਤੱਤੀਆਂ ਤਵੀਆਂ ਨੂੰ ਜਰਨ ਵਾਲੇ" ਆਦਿ! ਰਤਾ ਕੁ ਇਤਿਹਾਸ ਵਿਚ ਹੋਰ ਝਾਤ ਮਾਰੀਏ। ਉੱਥੇ ਲੱਭਣਗੇ ਆਪਣਾ ਲੋਹਾ ਮੰਨਵਾਉਣ ਵਾਲੇ ਰੋਮਨ, ਇਟੈਲੀਅਨ, ਜਰਮਨ ਤੇ ਜਪਾਨੀ ਵੀ।

ਮੰਗੋਲੀਆ ਦੇ ਚੰਗੇਜ਼ ਖ਼ਾਨ ਸਦਕਾ ਮੰਗੋਲੀਆ ਨੇ ਪੂਰੇ ਏਸ਼ੀਆ ਤੇ ਯੂਰਪ ਉੱਤੇ ਆਪਣਾ ਰਾਜ ਸਥਾਪਤ ਕਰ ਲਿਆ।

ਐਲਗਜ਼ਾਂਡਰ, ਜੋ ਪੁਰਾਤਨ ਸਮੇਂ ਦਾ ਸਭ ਤੋਂ ਬਹਾਦਰ ਯੋਧਾ ਮੰਨਿਆ ਗਿਆ, ਨੇ ਵੀਹ ਸਾਲ ਦੀ ਉਮਰ ਵਿਚ ਹੀ ਗਰੀਸ ਦੇ ਮੈਸੇਡੋਨੀਆ ਤੋਂ ਸ਼ੁਰੂ ਹੋ ਕੇ ਅਫਰੀਕਾ, ਏਸ਼ੀਆ ਤੇ ਭਾਰਤ ਵਿਚ ਜਿੱਤ ਪ੍ਰਾਪਤ ਕਰ ਕੇ ਸਾਬਤ ਕਰ ਦਿੱਤਾ ਕਿ ਪੂਰੀ ਕੌਮ ਨੂੰ ਅਗਾਂਹ ਤੋਰਨ ਤੇ ਇਤਿਹਾਸ ਸਿਰਜਨ ਲਈ ਇੱਕੋ ਦੂਰਅੰਦੇਸ਼ੀ ਲੀਡਰ ਬਥੇਰਾ ਹੁੰਦਾ ਹੈ।

ਉਜ਼ਬੇਕਿਸਤਾਨ ਵਿਚ ਜੰਮੇ ਤੈਮੂਰ ਨੇ ਲੰਗੜੇ ਹੋਣ ਦੇ ਬਾਵਜੂਦ ਕਹਿਰ ਢਾਅ ਕੇ ਭਾਰਤ, ਰੂਸ ਤੋਂ ਮੈਡੀਟਰੇਨੀਅਨ ਸਮੁੰਦਰ ਤੱਕ ਆਪਣਾ ਝੰਡਾ ਫਹਿਰਾ ਦਿੱਤਾ। ਇਸੇ ਦੇ ਵੰਸ਼ਜ ਬਾਬਰ ਨੇ ਮੁਗਲ ਸਲਤਨਤ ਦਾ ਬੀਜ ਬੋਇਆ ਜਿਸ ਨੇ 300 ਸਾਲ ਤਕ ਭਾਰਤ ਉੱਤੇ ਰਾਜ ਕੀਤਾ।

ਇਸ ਜਬਰ ਤੇ ਜ਼ੁਲਮ ਦੇ ਬੂਟੇ ਨੂੰ ਜੜ੍ਹੋਂ ਪੁੱਟਣ ਲਈ ਇਕ ਲਹਿਰ ਸ਼ੁਰੂ ਹੋਈ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ। ਇਸ ਪ੍ਰਕਾਸ਼ਮਾਨ ਹੋਈ ਜੋਤ ਦੇ ਚਾਨਣ ਨੇ ਅਨੇਕ ਦੱਬੇ ਕੁਚਲੇ ਲੋਕਾਂ ਵਿਚ ਜਾਗ੍ਰਤੀ ਪੈਦਾ ਕੀਤੀ ਤੇ ਬਾਬਰ ਦੇ ਜਬਰ ਵਿਰੁੱਧ ਬਿਨਾਂ ਹਥਿਆਰਾਂ ਦੇ ਚੁੱਕੀ ਆਵਾਜ਼ ਨੇ ਇਕ ਲਹਿਰ ਪੈਦਾ ਕਰ ਦਿੱਤੀ।

ਅਸੀਂ ਵੇਖ ਚੁੱਕੇ ਹਾਂ ਕਿ ਆਮ ਤੌਰ ਉੱਤੇ ਅਜਿਹੀ ਪੈਦਾ ਕੀਤੀ ਲਹਿਰ ਜਾਂ ਤਾਂ ਉਸੇ ਇਕ ਸ਼ਖ਼ਸੀਅਤ ਤਕ ਸੀਮਤ ਰਹਿ ਜਾਂਦੀ ਹੈ ਜਾਂ ਦੋ ਤਿੰਨ ਪੁਸ਼ਤਾਂ ਤਕ ਜਾ ਕੇ ਸਮਾਪਤ ਹੁੰਦੀ ਰਹੀ ਹੈ।

ਬਾਬਰ, ਹੁਮਾਊਂ, ਅਕਬਰ, ਜਹਾਂਗੀਰ, ਸ਼ਾਹਜਹਾਨ, ਔਰੰਗਜ਼ੇਬ ਤੋਂ ਬਹਾਦਰਸ਼ਾਹ ਜ਼ਫ਼ਰ ਤਕ ਜਿੰਨਾ ਕੁਫ਼ਰ ਤੋਲਿਆ ਗਿਆ, ਉਸ ਨਾਲ ਟੱਕਰ ਲੈਣ ਲਈ ਇੱਕ ਤੋਂ ਬਾਅਦ ਇਕ ਗੁਰੂ ਸਾਹਿਬਾਨ ਨੇ ਅਹਿੰਸਾ ਨੂੰ ਪਹਿਲ ਦਿੰਦਿਆਂ ਹੋਇਆ ਜਬਰ ਵਿਰੁੱਧ ਆਵਾਜ਼ ਚੁੱਕਣੀ ਜਾਰੀ ਰੱਖੀ। ਇਸ ਦੇ ਨਾਲੋ ਨਾਲ ਲੋਕਾਂ ਦੀ ਭਲਾਈ, ਸੋਚ ਵਿਚ ਵਿਕਾਸ, ਕੁਦਰਤ ਨੂੰ ਸੰਭਾਲਣ, ਪਾਖੰਡਾਂ ਤੋਂ ਬਚਾਓ, ਰੱਬ ਨਾਲ ਜੁੜਨ ਦਾ ਤਰੀਕਾ ਤੇ ਰਾਜਿਆਂ ਮਹਾਰਾਜਿਆਂ ਅੱਗੇ ਗੋਡੇ ਨਾ ਟੇਕਣ ਦਾ ਸਬਕ ਵੀ ਦਿੱਤਾ।

"ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥
ਜਿਥੈ ਜੀਆਂ ਹੋਸੀ ਸਾਰ ॥
ਨਕੀਂ ਵਢੀਂ ਲਾਇਤਬਾਰ ॥" (ਗੁਰੂ ਨਾਨਕ ਦੇਵ ਜੀ-ਅੰਗ 1288)

ਇਹ ਸ਼ਬਦ ਉਚਾਰ ਕੇ ਗੁਰੂ ਸਾਹਿਬ ਨੇ ਆਉਣ ਵਾਲਿਆਂ ਲਈ ਰਾਹ ਦਸੇਰੇ ਦਾ ਕੰਮ ਕੀਤਾ ਕਿ ਉਨ੍ਹਾਂ ਦੇ ਚਲਾਏ ਪੂਰਨਿਆਂ ਉੱਤੇ ਚੱਲਣ ਵਾਲੇ ਪੁਸ਼ਤ ਦਰ ਪੁਸ਼ਤ ਇਹੀ ਸੁਨੇਹਾ ਅੱਗੋਂ ਦਿੰਦੇ ਰਹਿਣਗੇ ਕਿ ਭਾਵੇਂ ਨਿਹੱਥੇ ਹੋਵੋ ਪਰ ਆਪਣੀ ਅਣਖ ਨਾ ਮਰਨ ਦਿਓ ਤੇ ਮਨ ਅੰਦਰਲੀ ਹਿੰਮਤ ਜਾਗ੍ਰਿਤ ਰੱਖੋ। ਜ਼ੁਲਮ ਭਾਵੇਂ ਆਪਣੇ ਉੱਤੇ ਹੋਵੇ ਤੇ ਭਾਵੇਂ ਆਪਣੇ ਆਲੇ ਦੁਆਲੇ, ਉਸ ਨੂੰ ਵੇਖ ਕੇ ਚੁੱਪ ਕਰ ਕੇ ਬਹਿਣ ਵਾਲੇ ਮੁਰਦਾ ਹੁੰਦੇ ਹਨ।

ਜ਼ੁਲਮ ਕਰਨ ਵਾਲੇ ਕੋਲ ਭਾਵੇਂ ਪੂਰੀ ਤਾਕਤ ਹੋਵੇ, ਪੂਰੀ ਸਰਕਾਰ ਦਾ ਮਾਲਕ ਹੋਵੇ ਤੇ ਭਾਵੇਂ ਇਕ ਗੁੱਟ ਦਾ ਸਰਗਨਾ ਹੋਵੇ, ਨਿਹੱਥੇ ਹੁੰਦੇ ਹੋਇਆਂ ਵੀ ਗ਼ਲਤ ਨੂੰ ਗ਼ਲਤ ਕਹਿਣ ਦੀ ਤਾਕਤ ਹਰ ਕਿਸੇ ਅੰਦਰ ਭਾਵੇਂ ਨਾ ਹੋਵੇ ਪਰ ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦੇ ਆਦਰਸ਼ਾਂ ਨੂੰ ਮੰਨਣ ਵਾਲੇ ਹਰ ਧਰਮ ਦੇ ਵਾਸ਼ਿੰਦੇ ਅੰਦਰ ਜ਼ਰੂਰ ਹੋਣੀ ਚਾਹੀਦੀ ਹੈ। ਉਨ੍ਹਾਂ ਸਮਿਆਂ ਵਿਚ ਸਰਕਾਰਾਂ ਤੇ ਰਾਜਿਆਂ ਵੱਲੋਂ ਕੀਤੇ ਜਾ ਰਹੇ ਤਸ਼ੱਦਦ ਸਹਿ ਰਹੇ ਲੋਕਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਖ਼ੂਬੀ ਸਮਝਾ ਦਿੱਤਾ-"ਅਹਿਲਕਾਰ ਤਾਂ ਆਪਣੇ ਹੀ ਜਾਤਿ ਭਰਾਵਾਂ ਨੂੰ ਫਸਾ ਦਿੰਦੇ ਹਨ ਕਿਉਂਕਿ ਉਹ ਰਾਜੇ ਪ੍ਰਤੀ ਵਫ਼ਾਦਾਰੀ ਦਿਖਾਉਣ ਬਦਲੇ ਆਪਣੀ ਸੁਰੱਖਿਆ ਤੇ ਕੁਝ ਮਾਲੀ ਲਾਲਚ ਤੱਕ ਹੀ ਆਪਣੀ ਸੋਚ ਨੂੰ ਸੀਮਤ ਕਰ ਲੈਂਦੇ ਹਨ। ਏਸੇ ਲਈ ਅੱਖਾਂ, ਕੰਨ, ਨੱਕ ਤੇ ਦਿਮਾਗ਼ ਬੰਦ ਕਰ ਕੇ ਗ਼ਲਤ ਹੁਕਮਾਂ ਨੂੰ ਵੀ ਲਾਗੂ ਕਰਨ ਵਾਸਤੇ ਗ਼ਰੀਬਾਂ ਦੇ ਹੱਕਾਂ ਦਾ ਘਾਣ ਕਰ ਕੇ ਉਨ੍ਹਾਂ ਨੂੰ ਪੀਹ ਦਿੰਦੇ ਹਨ। ਜਿਵੇਂ ਗਿਝਾਇਆ ਹੋਇਆ ਹਿਰਨ ਤੇ ਬਾਜ਼ ਆਪਣੇ ਹੀ ਜਾਤਿ-ਭਰਾਵਾਂ ਨੂੰ ਲਿਆ ਕੇ ਫਸਾ ਦਿੰਦਾ ਹੈ, ਉਵੇਂ ਹੀ ਰਾਜੇ ਦੇ ਅਹਿਲਕਾਰ ਆਪਣੇ ਹੀ ਹਮ ਜਿਨਸ ਮਨੁੱਖਾਂ ਦਾ ਲਹੂ ਪੀਂਦੇ ਹਨ।"

ਸਖ਼ਤ ਸ਼ਬਦਾਵਲੀ ਵਰਤਦਿਆਂ ਗੁਰੂ ਸਾਹਿਬ ਨੇ ਅਜਿਹੇ ਰਾਜਿਆਂ ਨੂੰ ਸ਼ਿਕਾਰੀ ਸ਼ੇਰ ਤੇ ਉਨ੍ਹਾਂ ਦੇ ਅਹਿਲਕਾਰਾਂ ਨੂੰ ਕੁੱਤੇ ਮੰਨ ਕੇ ਸਮਝਾਇਆ ਹੈ ਕਿ ਜ਼ੁਲਮ ਸਹਿਣ ਵਾਲਿਓ, ਉੱਠੋ, ਜਾਗੋ ਤੇ ਮਨ ਦੀਆਂ ਅੱਖਾਂ ਖੋਲ੍ਹੋ!

ਹਰ ਸਦੀ ਵਿਚ ਜ਼ੁਲਮ ਹੁੰਦਾ ਰਿਹਾ ਹੈ ਤੇ ਜਬਰ ਕਰਨ ਵਾਲੇ ਵੀ ਪੈਦਾ ਹੁੰਦੇ ਰਹੇ ਹਨ। ਅੱਗੋਂ ਵੀ ਇਹੋ ਕੁੱਝ ਚੱਲਦਾ ਰਹਿਣਾ ਹੈ ਕਿਉਂਕਿ ਰਾਜ ਭਾਗ ਤੇ ਕੁਰਸੀ ਬੰਦੇ ਦੀ 'ਮਤ ਥੋਰੀ' ਕਰ ਦਿੰਦੀ ਹੈ। ਤਾਕਤ ਦਾ ਨਸ਼ਾ ਸੋਚਣ ਸਮਝਣ ਦੀ ਸਮਰੱਥਾ ਘਟਾ ਕੇ ਰਾਜ ਭਾਗ ਵਾਲੇ ਨੂੰ ਆਪਣੇ ਹੀ ਬਣਾਏ ਇਕ ਦਾਇਰੇ ਤਕ ਸੀਮਤ ਕਰ ਦਿੰਦਾ ਹੈ ਜਿੱਥੇ ਬਾਕੀ ਪਰਜਾ ਸਿਰਫ਼ ਕੀੜੇ ਮਕੌੜੇ ਜਾਪਣ ਲੱਗ ਪੈਂਦੀ ਹੈ।

ਇਸੇ ਕਰਕੇ ਆਪਣੀ ਗੱਦੀ ਪੱਕੀ ਕਰਨ ਪਿੱਛੇ ਹਰ ਬਗ਼ਾਵਤ ਕਰਨ ਵਾਲੇ ਨੂੰ ਕੁਚਲ ਦੇਣ, ਖ਼ਤਮ ਕਰ ਦੇਣ, ਜੇਲ੍ਹਾਂ ਵਿਚ ਡੱਕ ਦੇਣ ਜਾਂ ਭੁੱਖੇ ਭਾਣੇ ਤ੍ਰਾਹ-ਤ੍ਰਾਹ ਕਰ ਕੇ ਮਰ ਮੁੱਕ ਜਾਣ ਲਈ ਛੱਡ ਦਿੱਤਾ ਜਾਂਦਾ ਹੈ। ਕਮਾਲ ਤਾਂ ਇਹ ਹੈ ਕਿ ਹਰ ਸਦੀ ਵਿਚ ਜ਼ਾਲਮ ਹੋਏ ਸਨ ਅਤੇ ਉਨ੍ਹਾਂ ਪ੍ਰਤੀ ਬਗ਼ਾਵਤੀ ਸੁਰ ਕੱਢਣ ਵਾਲੇ ਆਮ ਲੋਕ ਵੀ ਉੱਠੇ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਤਖ਼ਤੋ ਤਾਜ ਤੋਂ ਮਹਿਰੂਮ ਕਰ ਦਿੱਤਾ।

ਰਾਜਿਆਂ ਦੇ ਅਹਿਲਕਾਰ ਬਿਲਕੁਲ ਉਂਜ ਹੀ ਮੰਨਣੇ ਚਾਹੀਦੇ ਹਨ ਜਿਵੇਂ ਸ਼ੇਰਾਂ ਦੇ ਨਹੁੰ ਹੋਣ। ਇਹ ਹਮੇਸ਼ਾ ਸ਼ੇਰਾਂ ਦੇ ਹੁਕਮਾਂ ਦੇ ਬੰਨ੍ਹੇ ਬੇਕਸੂਰ ਤੇ ਸੁੱਤੇ ਪਏ ਲੋਕਾਂ ਦਾ ਘਾਤ ਕਰ ਕੇ ਉਨ੍ਹਾਂ ਦਾ ਲਹੂ ਪੀਂਦੇ ਹਨ।

ਬੇਇਤਬਾਰੇ ਤੇ ਨੱਕ ਵੱਢੇ ਨਾਂ ਦੇ ਕੇ ਹਰ ਜਣੇ ਨੂੰ ਸਮਝਾਇਆ ਕਿ ਇਨ੍ਹਾਂ ਲੋਕਾਂ ਦੀ ਪਰਖ ਕਰ ਕੇ, ਇਕਜੁੱਟ ਹੋ ਕੇ, ਹਰ ਆਮ ਬੰਦੇ ਨੂੰ ਇਕੱਠੇ ਹੋ ਕੇ, ਆਪਣੀ ਤਾਕਤ ਸਮਝਣੀ ਚਾਹੀਦੀ ਹੈ।

ਨੇਕ ਤੇ ਗ਼ਰੀਬ ਮਨੁੱਖ ਤਾਂ ਰੁਖ ਵਾਂਗ ਹੁੰਦਾ ਹੈ। ਜੇ ਉਹ ਆਪਣੀ ਟੇਕ ਰੱਬ ਉੱਤੇ ਛੱਡ ਕੇ ਇਕਜੁੱਟ ਹੋ ਜਾਵੇ ਤਾਂ ਉਹ ਡੂੰਘੀਆਂ ਜੜ੍ਹਾਂ ਵਾਲਾ ਰੁੱਖ ਬਣ ਜਾਂਦਾ ਹੈ ਜਿਸ ਨੂੰ ਕੋਈ ਹਨ੍ਹੇਰੀ ਸੌਖਿਆਂ ਪੁੱਟ ਨਹੀਂ ਸਕਦੀ। ਇਹੋ ਕਾਰਨ ਹੈ ਕਿ ਲੋਕ ਰੋਹ ਅੱਗੇ ਜਾਬਰ ਰਾਜਿਆਂ ਦੇ ਤਖ਼ਤੇ ਪਲਟੇ ਗਏ ਤੇ ਉਨ੍ਹਾਂ ਦੇ ਖ਼ਾਨਦਾਨ ਨੇਸਤੋ-ਨਾਬੂਦ ਹੋ ਗਏ।

ਦੂਜਿਆਂ ਲਈ ਜਾਨ ਵਾਰ ਦੇਣ ਵਾਲੇ ਗੁਰੂ ਸਾਹਿਬ ਦਾ ਵੰਸ਼ ਸਰੀਰਕ ਤੌਰ ਉੱਤੇ ਭਾਵੇਂ ਖ਼ਤਮ ਕੀਤਾ ਗਿਆ ਹੋਵੇ ਪਰ ਬਗ਼ਾਵਤੀ ਸੋਚ ਨੂੰ ਖ਼ਤਮ ਨਹੀਂ ਕੀਤਾ ਜਾ ਸਕਿਆ ਕਿਉਂਕਿ ਉਹ ਜ਼ਾਲਮ ਨੂੰ ਮੂੰਹ-ਤੋੜ ਜਵਾਬ ਸੀ। ਸਾਢੇ 500 ਸਾਲ ਬਾਅਦ ਵੀ ਉਨ੍ਹਾਂ ਦੇ ਨਾਂ ਨੂੰ ਸਿਜਦਾ ਕਰਨ ਵਾਲੇ ਤੇ ਉਨ੍ਹਾਂ ਦੀ ਉਚਾਰੀ ਬਾਣੀ ਲਈ ਜਾਨਾਂ ਵਾਰ ਦੇਣ ਵਾਲੇ ਧਰਤੀ ਦੇ ਹਰ ਕੋਨੇ ਉੱਤੇ ਮੌਜੂਦ ਹਨ। ਪਰ ਕੀ ਜ਼ੁਲਮ ਕਰਨ ਵਾਲਿਆਂ ਦਾ ਖ਼ਾਨਦਾਨ ਕਿਤੇ ਦਿਸਦਾ ਹੈ?

ਸੰਨ 1947 ਵਿਚ ਵੀ ਰਾਜ ਕਰਨ ਵਾਲਿਆਂ ਦਾ ਕੁੱਝ ਨਹੀਂ ਖੁੱਸਿਆ ਪਰ ਰਾਜ ਹਾਸਲ ਕਰਨ ਲਈ ਆਮ ਲੋਕਾਂ ਨੂੰ ਵੱਢ ਘੱਤਿਆ ਗਿਆ। ਉਨ੍ਹਾਂ ਦਾ ਘਰ ਬਾਰ, ਰਿਸ਼ਤੇਦਾਰ, ਮਾਲ ਅਸਬਾਬ ਕੁੱਝ ਨਹੀਂ ਬਚਿਆ। ਲਾਅਨਤ ਤਾਂ ਇਹ ਹੈ ਕਿ ਅੱਜ ਵੀ ਉਸੇ ਜ਼ਖ਼ਮ ਨੂੰ ਕੁਰੇਦ ਕੇ ਆਮ ਲੋਕਾਂ ਦੇ ਮਨਾਂ ਵਿਚ ਪਾੜ ਪਾ ਕੇ ਦੁਹਾਂ ਪਾਸੇ ਹਾਕਮ ਰਾਜ ਕਰਦੇ ਪਏ ਹਨ।

ਸੰਨ 1984 ਵਿਚਲੇ ਮਨੁੱਖੀ ਹੱਕਾਂ ਦੇ ਘਾਣ ਨੂੰ ਵੀ ਸਿਆਸਤਦਾਨਾਂ ਨੇ ਸਿਆਸਤ ਦੀ ਜੰਗ ਭਖਾਉਣ ਤੇ ਆਮ ਲੋਕਾਂ ਦੇ ਮਨਾਂ ਵਿਚਲੇ ਡੂੰਘੇ ਲੁਕੇ ਜ਼ਖ਼ਮਾਂ ਨੂੰ ਵਾਰ ਵਾਰ ਕੁਰੇਦ ਕੇ ਸਿੰਘਾਸਨ ਹਾਸਲ ਕਰਨ ਦਾ ਜ਼ਰੀਆ ਬਣਾ ਲਿਆ ਹੋਇਆ ਹੈ।

ਬਹਿਬਲ ਕਲਾਂ ਵਿਚ, ਜਿਸ ਬਾਣੀ ਦੇ ਨਿਰਾਦਰ ਦੇ ਵਿਰੋਧ ਲਈ ਲੋਕ ਰੋਹ ਸ਼ਾਂਤ ਮਹਾਂਸਾਗਰ ਵਾਂਗ ਜਮ੍ਹਾਂ ਹੋਇਆ ਸੀ, ਉਸ ਬਾਣੀ ਵਿਚ ਮੁਸਲਮਾਨ ਫ਼ਕੀਰ ਤੇ ਹਿੰਦੂ ਜਾਤੀ ਨਾਲ ਸਬੰਧਿਤ ਸੰਤਾਂ ਦੀ ਬਾਣੀ ਵੀ ਦਰਜ ਹੈ। ਯਾਨੀ ਸਮੂਹ ਧਰਮਾਂ ਦੇ ਲੋਕਾਂ ਦੀ ਇੱਜ਼ਤ ਕਰਨ ਵਾਲਾ ਤੇ ਇਨਸਾਨੀਅਤ ਨੂੰ ਤਰਜੀਹ ਦੇਣ ਵਾਲਾ ਇਲਾਹੀ ਹੁਕਮ, ਜਿਸ ਵਿਚ ਜ਼ਿੰਦਗੀ ਨੂੰ ਸਹੀ ਤਰੀਕੇ ਜੀਉਣ ਦਾ ਢੰਗ ਤੇ ਲੋਕ ਭਲਾਈ ਦਾ ਸੁਨੇਹਾ ਦਰਜ ਹੋਵੇ, ਉਸ ਦੀ ਬੇਕਦਰੀ ਕਰਨ ਵਾਲੇ ਇਨਸਾਨੀਅਤ ਦੇ ਦੁਸ਼ਮਨ ਤਾਂ ਆਪੇ ਹੀ ਸਾਬਤ ਹੋ ਜਾਂਦੇ ਹਨ। ਜਿਸ ਬਾਣੀ ਵਿਚ ਸਭ ਨੂੰ ਕੁਦਰਤ ਦੇ ਬੰਦੇ ਕਿਹਾ ਹੋਵੇ, ਉਸ ਨੂੰ ਰਾਜੇ ਦੇ ਮੁਕੱਦਮ ਕੁੱਤੇ ਸ਼ਿਕਾਰ ਕਰ ਕੇ ਰਾਜੇ ਅੱਗੇ ਪਰੋਸਣ ਤਾਂ ਕੀ ਲੋਕ ਇਸ ਨੂੰ ਸਹਿ ਜਾਣਗੇ? ਆਖਰ ਦੱਸੋ ਤਾਂ ਸਹੀ ਕਿ ਕਿਸੇ ਵੀ ਧਰਮ ਦਾ ਬੰਦਾ ਲੋਕ ਭਲਾਈ ਲਈ ਕਹੀ ਗੱਲ ਨੂੰ ਸਾੜੇ ਤੇ ਪਾੜੇ ਜਾਣ ਦਾ ਕੀ ਮਤਲਬ ਕੱਢੇ?

ਲੋਕ ਰੋਹ ਕਿਸੇ ਇਕ ਸਿਆਸਤਦਾਨ ਦੇ ਵਿਰੁੱਧ ਨਹੀਂ ਹੁੰਦਾ ਬਲਕਿ ਲੋਕ-ਪੱਖੀ ਸੋਚ ਨੂੰ ਮਿੱਧਣ ਵਾਲੇ ਹਰ ਰਾਜੇ ਤੇ ਉਸ ਦੇ ਸ਼ਿਕਾਰੀ ਅਹਿਲਕਾਰਾਂ ਵਿਰੁੱਧ ਉਜਾਗਰ ਹੁੰਦਾ ਹੈ। ਇਤਿਹਾਸ ਗਵਾਹ ਹੈ ਕਿ ਇਹ ਵਿਦਰੋਹ ਦਬਾਇਆ ਨਹੀਂ ਜਾ ਸਕਦਾ। ਸਿੱਖ ਪੰਥ ਵਿਚ ਤਾਂ ਇਸ ਗੱਲ ਦੀ ਵੀ ਪੱਕੀ ਨੀਂਹ ਰੱਖੀ ਗਈ ਹੈ ਕਿ ਰਹਿਨੁਮਾਈ ਵਾਸਤੇ ਹਮੇਸ਼ਾ ਕੋਈ ਮਰਜੀਵੜਾ ਗੁਰੂ ਦੀ ਬਾਣੀ ਤੋਂ ਸੇਧ ਲੈ ਕੇ ਜਬਰ ਦੇ ਵਿਰੋਧ ਲਈ ਆਮ ਬੰਦੇ ਤੋਂ ਬੰਦਾ ਸਿੰਘ ਬਹਾਦਰ ਬਣ ਕੇ ਅਗਾਂਹ ਆਉਂਦਾ ਰਿਹਾ ਹੈ। ਜਿੱਥੇ ਕੋਈ ਭਾਈ ਵੀਰ ਨਾ ਵੀ ਹੋਵੇ ਤਾਂ ਕਿਸੇ ਧੀ ਜਾਂ ਮਾਂ ਵਿੱਚੋਂ ਮਾਈ ਭਾਗੋ ਦੀ ਵੰਗਾਰ ਜ਼ਰੂਰ ਗਰਜਦੀ ਹੈ।



ਇਕ ਸਵਾਲ ਸੂਝਵਾਨ ਪਾਠਕਾਂ ਤੇ ਸੁਣਨ ਵਾਲਿਆਂ ਲਈ ਜ਼ਰੂਰ ਹੈ! ਕੀ ਇਹ ਕਿਤੇ ਲਿਖਿਆ ਮਿਲਦਾ ਹੈ ਕਿ ਰਾਜੇ ਜ਼ੁਲਮ ਕਰਨ ਤਾਂ ਧਾਰਮਿਕ ਥਾਵਾਂ ਉੱਤੇ ਪਹੁੰਚ ਕੇ ਮੱਥੇ ਰਗੜਨ ਦਾ ਡਰਾਮਾ ਕਰ ਕੇ ਸੁਰਖ਼ਰੂ ਹੋ ਸਕਦੇ ਹਨ ਪਰ ਪਰਜਾ ਵਿੱਚੋਂ ਜੇ ਕੋਈ ਰਾਜੇ ਨੂੰ ਜਾਂ ਉਸ ਦੇ ਅਹਿਲਕਾਰਾਂ ਵਿੱਚੋਂ ਕਿਸੇ ਦੀ 'ਮੈਂ' ਨੂੰ ਝਰੀਟ ਵੀ ਮਾਰ ਦੇਵੇ ਤਾਂ ਮਰਨ ਤੱਕ ਜੇਲ੍ਹ ਵਿਚ ਡੱਕੇ ਜਾਣ ਬਾਅਦ ਵੀ ਆਪਣਾ ਜੁਰਮ ਬਖ਼ਸ਼ਵਾ ਨਹੀਂ ਸਕਦਾ? ਕੀ ਜ਼ੁਲਮ ਕਰਨ ਵਾਲੇ ਰਾਜਿਆਂ ਨੂੰ, ਜਿਹੜੇ ਲੋਕਾਂ ਦਾ ਲਹੂ ਪੀ ਰਹੇ ਹੋਣ ਤੇ ਗੁਰੂ ਦੀ ਬਾਣੀ ਦੀਆਂ ਧੱਜੀਆਂ ਉਡਾ ਰਹੇ ਹੋਣ ਤੇ ਜਿਸ ਬਾਣੀ ਵਿਚ ਰਾਜਿਆਂ ਤੇ ਉਨ੍ਹਾਂ ਦੇ ਜ਼ੁਲਮ ਕਰ ਰਹੇ ਅਹਿਲਕਾਰਾਂ ਨੂੰ ਲਾਅਨਤਾਂ ਪਾਈਆਂ ਹੋਣ ਤੇ ਜੋ ਬਾਣੀ ਸਪਸ਼ਟ ਕਰ ਰਹੀ ਹੋਵੇ ਕਿ ਲੋਕਾਂ ਦਾ ਲਹੂ ਪੀ ਕੇ ਪਲੀਤ ਹੋ ਚੁੱਕਿਆਂ ਤੋਂ ਮੂੰਹ ਮੋੜ ਲਵੋ ਤੇ ਉਨ੍ਹਾਂ ਦਾ ਦੱਬ ਕੇ ਵਿਰੋਧ ਕਰੋ, ਕੀ ਉਸੇ ਗੁਰੂ ਦੀ ਬਾਣੀ ਅੱਗੇ ਮੱਥਾ ਟੇਕ ਕੇ ਉਨ੍ਹਾਂ ਹੀ ਮੁਕੱਦਮ ਕੁੱਤਿਆਂ ਨੂੰ ਸਭ ਕੁੱਝ ਦੁਬਾਰਾ ਕਰਨ ਦਾ ਹੱਕ ਮਿਲ ਜਾਂਦਾ ਹੈ?

ਜੇ ਇਹੀ ਮੁਆਫ਼ੀ ਹੈ ਤਾਂ ਫੇਰ ਹਰ ਗ਼ਰੀਬ ਨੂੰ, ਹਰ ਅਣਖੀ ਨੂੰ ਤੇ ਹਰ ਗੁਰੂ ਦੇ ਪਿਆਰੇ ਨੂੰ ਵੀ ਅਜਿਹੇ ਰਾਜਿਆਂ ਤੇ ਅਹਿਲਕਾਰਾਂ ਨੂੰ ਰਾਜ ਪਾਟ ਤੋਂ ਧੂਅ ਕੇ ਲਾਹ ਦੇਣ ਬਾਅਦ ਵੀ ਮੱਥਾ ਟੇਕ ਕੇ ਮੁਆਫ਼ੀ ਮਿਲ ਜਾਣੀ ਚਾਹੀਦੀ ਹੈ! ਇਸ ਸਵਾਲ ਦਾ ਜਵਾਬ ਸਿਰਫ਼ ਅਣਖ ਵਾਲਿਆਂ ਕੋਲ ਹੀ ਹੋ ਸਕਦਾ ਹੈ। ਜੁੱਤੀ-ਚੱਟਾਂ ਤੇ ਮਖ਼ਮਲੀ ਝੂਟਿਆਂ ਦੇ ਹੁਲਾਰੇ ਲੈਣ ਵਾਲਿਆਂ ਕੋਲ ਨਹੀਂ।

ਹੁਕਮਰਾਨਾਂ ਨੇ ਤਾਂ 47 ਦੇ ਜ਼ਖ਼ਮਾਂ ਨੂੰ ਵੀ ਵਕਤੀ ਮੱਲ੍ਹਮ ਲਾਉਣ ਵਾਸਤੇ ਕਦੇ ਅਫ਼ਸੋਸ ਦਾ ਦੀਵਾ ਬਾਲਣ ਹੀ ਨਹੀਂ ਦਿੱਤਾ। ਸਿਰਫ਼ ਆਜ਼ਾਦੀ ਦਾ ਜਸ਼ਨ ਮਨਾਉਣ ਤੱਕ ਹੀ ਸੀਮਤ ਕਰ ਦਿੱਤਾ ਹੈ। ਬਿਲਕੁਲ ਇੰਜ ਹੀ 84 ਬਾਰੇ ਗੱਲ ਕਰਨ ਵਾਲਾ ਵੀ ਦੇਸ਼ਧ੍ਰੋਹੀ ਬਣ ਜਾਂਦਾ ਹੈ ਤੇ ਉਹ ਜ਼ਖ਼ਮ ਵੀ ਉਂਜ ਹੀ ਦੱਬ ਦਿੱਤੇ ਗਏ ਹਨ।

ਇਨ੍ਹਾਂ ਦਾ ਜ਼ਿਕਰ ਤਾਂ ਕਰੀਏ ਜੇ ਕਿਸੇ ਸਿੱਖ ਧਰਮ ਨਾਲ ਜੁੜੇ ਬੱਚੇ ਨੂੰ ਤੱਤੀਆਂ ਤਵੀਆਂ ਦੀ ਪੀੜ ਮਹਿਸੂਸ ਹੋ ਰਹੀ ਹੋਵੇ। ਉਹ ਦਿਨ ਵੀ ਸਿਰਫ਼ ਗੁਰਦੁਆਰਿਆਂ ਵਿਚ ਲੰਗਰ ਛਕਣ ਤੇ ਛਬੀਲਾਂ ਲਾਉਣ ਦੇ ਜਸ਼ਨ ਵਿਚ ਤਬਦੀਲ ਹੋ ਚੁੱਕਿਆ ਹੈ। ਇੱਥੇ ਤਾਂ ਸੀਸ ਕਟਵਾਉਣ ਵਾਲੇ ਗੁਰੂ ਜੀ, ਜੋ ਪੂਰੇ ਹਿੰਦ ਦੀ ਚਾਦਰ ਸਾਬਤ ਹੋਏ ਸਨ, ਦਾ ਜ਼ਿਕਰ ਵੀ ਕਰਨ ਵਾਲੇ ਨੂੰ ਕੁਰਾਹਾ ਮੰਨ ਲਿਆ ਜਾਂਦਾ ਹੈ।

ਹੋਰ ਤਾਂ ਹੋਰ, ਚਰਖੜੀਆਂ ਉੱਤੇ ਤਨ ਚਿਰਵਾਉਣ ਵਾਲੇ, ਖੋਪਰੀਆਂ ਲੁਹਾਉਣ ਵਾਲੇ ਤੇ ਸਿਰਾਂ ਦੇ ਮੁੱਲ ਪੁਆਉਣ ਵਾਲਿਆਂ ਨੂੰ ਅੱਜ ਸਿਰਫ਼ ਚੁਟਕਲਿਆਂ ਤੇ ਮਜ਼ਾਕ ਦਾ ਪਾਤਰ ਬਣਾਉਣ ਉੱਤੇ ਜ਼ੋਰ ਲਾਇਆ ਜਾ ਰਿਹਾ ਹੈ। ਫਿਟਕਾਰ ਦੀ ਗੱਲ ਤਾਂ ਇਹ ਹੈ ਕਿ ਨੀਹਾਂ ਵਿਚ ਚਿਣੇ ਗਏ ਦੁੱਧ ਦੇ ਦੰਦਾਂ ਵਾਲੇ ਬਾਲਾਂ ਦੇ ਸ਼ਹੀਦੀ ਦਿਹਾੜੇ ਨੂੰ ਵੀ ਸਿਆਸੀ ਅਖਾੜਾ ਬਣਾ ਕੇ ਰੱਖ ਦਿੱਤਾ ਗਿਆ ਹੈ ਤਾਂ ਜੋ ਕਿਸੇ ਵੀ ਹਾਲ ਵਿਚ ਇਸ ਕੌਮ ਦੇ ਨੌਜਵਾਨ ਆਪਣੇ ਲਹੂ ਅੰਦਰ ਕਿਤੇ ਉਬਾਲ ਨਾ ਲੈ ਆਉਣ!

ਜਿਹੜਾ ਜ਼ੁਲਮ ਨਾਲ ਟੱਕਰ ਲੈਣ ਦੀ ਜ਼ੁਅਰਤ ਕਰੇ, ਉਹ ਭਾਵੇਂ ਕਿਸਾਨ ਹੋਵੇ, ਅਧਿਆਪਕ ਹੋਵੇ, ਦਿਹਾੜੀਦਾਰ ਮਜ਼ਦੂਰ ਹੋਵੇ, ਸਫ਼ਾਈ ਕਰਮਚਾਰੀ ਹੋਵੇ, ਪੱਤਰਕਾਰ ਹੋਵੇ, ਸਿਰਫ਼ ਇਸ ਲਈ ਦੱਬ ਦਿੱਤਾ ਜਾਂਦਾ ਹੈ ਕਿਉਂਕਿ ਪੰਜਾਬੀ ਇਕਜੁੱਟ ਹੋਣਾ ਭੁੱਲ ਗਏ ਹਨ। ਉਹ ਹਿੰਦੂ, ਸਿੱਖ, ਮੁਸਲਮਾਨ, ਈਸਾਈ ਜਾਂ ਕਿਸੇ ਸਿਆਸੀ ਪਾਰਟੀ ਦੇ ਨੁਮਾਇੰਦੇ ਹੀ ਬਣ ਕੇ ਰਹਿ ਗਏ ਹਨ।

ਇਜ਼ਰਾਈਲ ਵਿਚ ਅੱਜ ਦੇ ਦਿਨ ਵੀ ਸਾਲ ਵਿਚ ਇਕ ਵਾਰ ਦੋ ਮਿੰਟਾਂ ਲਈ ਪੂਰਾ ਮੁਲਕ ਇਕ ਹੂਟਰ ਵੱਜਣ ਉੱਤੇ ਖਲੋ ਜਾਂਦਾ ਹੈ। ਭਾਵੇਂ ਬੱਸ ਹੋਵੇ ਤੇ ਭਾਵੇਂ ਪੁਲਿਸ ਦੀਆਂ ਕਾਰਾਂ ਜਾਂ ਟੈਕਸੀਆਂ ਜਾਂ ਕੋਈ ਪੈਦਲ ਹੋਵੇ, ਹਰ ਜਣਾ ਇਸ ਹੂਟਰ ਉੱਤੇ ਰੁਕਦਾ ਹੈ। ਕਾਰਨ? ਸੱਠ ਲੱਖ ਯਹੂਦੀਆਂ ਦਾ ਨਾਜ਼ੀਆਂ ਵੱਲੋਂ ਨਸਲਕੁਸ਼ੀ ਕਰਨਾ! ਇਸੇ ਦੀ ਯਾਦ ਵਿਚ ਹਰ ਸਾਲ ਅਜਿਹਾ 12 ਅਪਰੈਲ ਨੂੰ ਕੀਤਾ ਜਾਂਦਾ ਹੈ। ਕਾਰਾਂ ਬੱਸਾਂ ਵਿੱਚੋਂ ਸਭ ਸਵਾਰੀਆਂ ਉਤਰ ਕੇ ਮੌਨ ਧਾਰਨ ਕਰ ਕੇ ਜਿੱਥੇ ਵਿਛੜੀਆਂ ਰੂਹਾਂ ਲਈ ਅਰਦਾਸ ਕਰਦੇ ਹਨ, ਉੱਥੇ ਸਾਰੇ ਹੋਟਲ, ਰੈਸਟੋਰਾਂ ਤੇ ਸਾਰੀਆਂ ਮੌਜ ਮਸਤੀ ਦੀਆਂ ਥਾਵਾਂ ਬੰਦ ਕਰ ਦਿੱਤੀਆਂ ਜਾਂਦੀਆਂ ਹਨ। ਹਰ ਸਕੂਲ ਵਿਚ ਬੱਚਿਆਂ ਨੂੰ ਇਸ ਬਾਰੇ ਜਾਣਕਾਰੀ ਦੇ ਕੇ ਅਰਦਾਸਾਂ ਕਰਵਾਈਆਂ ਜਾਂਦੀਆਂ ਹਨ ਕਿ ਕਿਤੇ ਉਹ ਆਪਣਾ ਪਿਛੋਕੜ ਭੁੱਲ ਨਾ ਜਾਣ।

ਸਿੱਖ ਪੰਥ ਕੀ 365 ਦਿਨਾਂ ਵਿੱਚੋਂ ਕਿਸੇ ਇਕ ਦਿਨ ਵਿਚਲੇ 2 ਮਿੰਟ ਵੀ ਆਪਣੇ ਪਿਛੋਕੜ ਲਈ ਕੱਢ ਸਕਿਆ ਹੈ? ਕੋਈ ਅਜਿਹਾ ਦਿਨ ਜਿੱਥੇ ਸਾਡੇ ਬੱਚੇ ਮੌਜ ਮਸਤੀ ਤੇ ਮੇਲਿਆਂ ਦੀ ਥਾਂ ਪੰਜ ਮਿੰਟ ਤੱਤੀਆਂ ਤਵੀਆਂ ਨੂੰ ਯਾਦ ਕਰਦੇ ਹੋਣ? ਚਰਖੜੀਆਂ ਤੇ ਚੜ੍ਹਿਆਂ ਲਈ, ਆਰਿਆਂ ਉੱਤੇ ਚਿਰਵਾਏ ਗਿਆਂ ਲਈ, ਨੇਜ਼ਿਆਂ ਨਾਲ ਵਿੰਨ੍ਹਿਆਂ ਗਿਆਂ ਲਈ, ਕਸ਼ਮੀਰੀ ਪੰਡਤਾਂ ਲਈ ਸੀਸ ਵਾਰਨ ਵਾਲੇ ਲਈ, ਚਮਕੌਰ ਦੀ ਜੰਗ ਵਿਚ ਸ਼ਹਾਦਤ ਪਾਉਣ ਵਾਲਿਆਂ ਲਈ, ਨੀਹਾਂ ਵਿਚ ਚਿਣੇ ਜਾਣ ਵਾਲਿਆਂ ਲਈ, 47 ਵਿਚ ਇੱਜ਼ਤਾਂ ਗੁਆਉਣ ਵਾਲਿਆਂ ਲਈ, ਅਜ਼ਾਦੀ ਲਈ ਸ਼ਹਾਦਤਾਂ ਪਾਉਣ ਵਾਲਿਆਂ ਲਈ, 84 ਵਿਚ ਗਲਾਂ ਵਿਚ ਬਲਦੇ ਟਾਇਰ ਪੁਆਉਣ ਵਾਲਿਆਂ ਲਈ, ਅਕਾਲ ਤਖ਼ਤ ਦੇ ਢਾਹੇ ਜਾਣ ਲਈ, ਸਿਰਾਂ ਦੇ ਮੁੱਲ ਪੁਆਉਣ ਵਾਲਿਆਂ ਲਈ, ਜੰਗੀ ਕੈਦੀਆਂ ਲਈ, ਧਰਮੀ ਫੌਜੀਆਂ ਲਈ ਤੇ ਅਨੇਕ ਹੋਰ ਕੁਰਬਾਨ ਹੋ ਚੁੱਕਿਆਂ ਲਈ ਕਦੇ ਕਿਸੇ ਨੇ ਸੋਚਿਆ ਹੈ ਕਿ ਅਜਿਹੀ ਪੀੜ ਨੂੰ ਪੀੜ੍ਹੀ ਦਰ ਪੀੜ੍ਹੀ ਜ਼ਿੰਦਾ ਰੱਖਣ ਲਈ ਅਸੀਂ ਵੀ ਮੌਨ ਵਰਤ ਰੱਖੀਏ, ਬੱਚਿਆਂ ਨੂੰ ਸਾਲ ਵਿਚ ਇਕ ਵਾਰ ਇਸ ਬਾਰੇ ਜਾਣਕਾਰੀ ਦੇਈਏ ਤੇ ਹਰ ਸਿੱਖ ਜਿਹੜਾ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਹੋਵੇ, ਇਸ ਇਕ ਦਿਨ ਲਈ ਅੱਧਾ ਘੰਟਾ ਆਪਣੇ ਦੋਸਤਾਂ-ਮਿੱਤਰਾਂ ਨੂੰ ਸਿੱਖਾਂ ਦੇ ਪਿਛੋਕੜ ਨਾਲ ਜੋੜ ਕੇ ਆਤਮ ਪੜਚੋਲ ਕਰ ਲਵੇ?

ਕਿਸ ਸਦੀ ਵਿਚ ਸਮਝਾਂਗੇ ਕਿ ਸਿਆਸਤਦਾਨ ਲੋਕਾਂ ਨਾਲ ਦਗ਼ਾ ਕਰ ਕੇ ਸਿਰਫ਼ ਵਾਰੀਆਂ ਹੀ ਵੰਡਿਆਂ ਕਰਦੇ ਹਨ। ਉਨ੍ਹਾਂ ਦਾ ਸਿੰਘਾਸਨ ਗ਼ਰੀਬਾਂ ਦੀਆਂ ਹੱਡੀਆਂ ਨਾਲ ਹੀ ਉਸਰਦਾ ਹੈ। ਜਦ ਤਕ ਪਿੰਡ ਆਪਣੀ ਪੱਧਰ ਉੱਤੇ ਕੋਆਪਰੇਟਿਵ ਸਿਸਟਮ ਦੇ ਸ਼ਕਤੀਕਰਨ ਨਾਲ ਮਜ਼ਬੂਤ ਨਹੀਂ ਹੁੰਦੇ ਤੇ ਲੋਕ ਸਰਕਾਰਾਂ ਅੱਗੇ ਹੱਥ ਅੱਡ ਕੇ ਮੁਫ਼ਤ ਚੀਜ਼ਾਂ ਹਾਸਲ ਕਰਨ ਨੂੰ ਨਾ ਨਹੀਂ ਕਰਦੇ, ਇਹ ਕਾਲਾ ਦੌਰ ਕਦੇ ਨਹੀਂ ਮੁੱਕਣਾ। ਮੁਫ਼ਤ ਆਟਾ-ਦਾਲ ਤੋਂ ਅਗਾਂਹ ਤੁਰ ਕੇ ਆਪਣੀ ਸੋਚ ਮੁਫ਼ਤ ਵਿਦਿਆ ਤੇ ਮੁਫ਼ਤ ਸਿਹਤ ਸਹੂਲਤਾਂ ਵੱਲ ਕਰੀਏ। ਆਪਣੀ ਕਿਰਤ ਕਰ ਕੇ ਆਪਣੀ ਤਾਕਤ ਜਿਸ ਦਿਨ ਲੋਕ ਪਛਾਣ ਲੈਣਗੇ, ਉਦੋਂ ਹੀ ਇਹ ਚੱਕਰ ਉਲਟੇਗਾ। ਪਰ ਸਰਕਾਰਾਂ ਵਿਰੁੱਧ ਅਸਲ ਜਿੱਤ ਉਦੋਂ ਹੀ ਹੁੰਦੀ ਹੈ, ਜਦੋਂ ਦੱਬੇ ਜਾਣ ਵਾਲੇ ਲੋਕ ਇਕ ਦੂਜੇ ਦੀਆਂ ਬਾਹਵਾਂ ਬਣਨ ਲੱਗ ਪੈਣ।

ਇਕ ਗੱਲ ਦਿਮਾਗ਼ ਵਿੱਚੋਂ ਨਾ ਵਿਸਾਰਿਓ। ਜਦੋਂ ਸਿਆਸਦਾਨਾਂ ਕੋਲ ਕੋਈ ਰਾਹ ਨਾ ਬਚੇ ਤਾਂ ਰਾਜਿਆਂ ਦੇ ਮੁਕੱਦਮ ਕੁੱਤੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਪਣਾ ਕੇ ਜਨਤਾ ਨੂੰ ਅਸਲ ਮੁੱਦਿਆਂ ਤੋਂ ਪਰ੍ਹਾਂ ਕਰ ਕੇ ਧਰਮ ਦੇ ਆਧਾਰ ਉੱਤੇ ਪਾੜ ਦਿੰਦੇ ਹਨ। ਕਈ ਵਾਰ ਅਜਿਹਾ ਹੋ ਚੁੱਕਿਆ ਹੈ ਪਰ ਅਸੀਂ ਸਮਝੇ ਨਹੀਂ। ਕਦੇ ਮੁਸਲਮਾਨ ਅੱਤਵਾਦੀ ਤੇ ਕਦੇ ਸਿੱਖ ਅੱਤਵਾਦੀ ਕਹਿ ਕੇ ਪੰਜਾਬੀਆਂ ਨੂੰ ਪਾੜਿਆ ਜਾਂਦਾ ਰਿਹਾ ਹੈ। ਮਾਤਾ ਕੌਲਾਂ ਸਿੱਖ ਧਰਮ ਵਿਚ ਪਵਿੱਤਰ ਨਾਂ ਗਿਣਿਆ ਜਾਂਦਾ ਹੈ ਜਿਸ ਦਾ ਪਿਛੋਕੜ ਮੁਸਲਮਾਨ ਸੀ। ਆਜ਼ਾਦੀ ਦੀ ਜੰਗ ਵਿਚ ਪੰਜਾਬ ਦੀ ਆਮ ਵਸੋਂ ਵਿਚਲੇ ਹਿੰਦੂ-ਸਿੱਖ ਤੇ ਮੁਸਲਮਾਨਾਂ ਨੇ ਇੱਕੋ ਜਿੰਨੀ ਮਾਰ ਝੱਲੀ।

ਖੇਮਕਰਨ ਦੇ ਸੱਤ ਟੈਂਕਰ ਤੋੜ ਕੇ ਮੁਲਕ ਵਾਸਤੇ ਜਾਨ ਵਾਰ ਕੇ ਪਰਮਵੀਰ ਚੱਕਰ ਹਾਸਲ ਕਰਨ ਵਾਲਾ ਵੀਰ ਅਬਦੁਲ ਹਮੀਦ ਮੁਸਲਮਾਨ ਹੋਣ ਕਰ ਕੇ ਨਹੀਂ ਬਲਕਿ ਭਾਰਤੀ ਹੋਣ ਕਰਕੇ ਲੜਿਆ ਸੀ। ਵੀਰ ਚੱਕਰ ਹਾਸਲ ਬ੍ਰਿਗੇਡੀਅਰ ਉਸਮਾਨ ਅਲੀ ਵੀ ਮੁਸਲਮਾਨ ਹੋਣ ਸਦਕਾ ਨਹੀਂ ਭਾਰਤੀ ਹੋਣ ਕਾਰਨ ਦੇਸ਼ ਲਈ ਜਾਨ ਵਾਰ ਗਿਆ। ਸ਼ਹੀਦ ਵੀਰ ਮੇਜਰ ਸੋਮਨਾਥ ਸ਼ਰਮਾ ਪਰਮਵੀਰ ਚੱਕਰ ਵਿਜੇਤਾ ਜਾਂ ਸ਼ਹੀਦ ਵੀਰ ਵਿਕਰਮ ਬਤਰਾ ਪਰਮ ਵੀਰ ਚੱਕਰ ਜੇਤੂ ਨੇ ਹਿੰਦੂ ਹੋਣ ਕਰ ਕੇ ਨਹੀਂ ਭਾਰਤੀ ਹੋਣ ਕਰ ਕੇ ਜਾਨ ਵਾਰੀ। ਕੌਣ ਭੁਲਾ ਸਕਦਾ ਹੈ ਜਨਰਲ ਹਰਬਖ਼ਸ਼ ਸਿੰਘ ਦੀ ਵੀਰਤਾ? ਪੂਰੀ ਸਿੱਖ ਕੌਮ ਉਸ ਦੀ ਰਿਣੀ ਹੈ। ਪਰਮਵੀਰ ਵਿਜੇਤਾ ਵੀਰ ਨਿਰਮਲਜੀਤ ਸਿੰਘ ਸੇਖੋਂ ਨੇ ਵੀ ਸਿੱਖ ਹੋਣ ਸਦਕਾ ਨਹੀਂ, ਭਾਰਤੀ ਹੋਣ ਸਦਕਾ ਹੀ ਆਪਣੀ ਜਾਨ ਦੀ ਪਰਵਾਹ ਨਹੀਂ ਕੀਤੀ। ਪਰ ਗ਼ੌਰ ਕਰਿਓ, ਸਿਆਸਤਦਾਨਾਂ ਦੇ ਲਾਡਲਿਆਂ ਨੇ ਕਦੇ ਆਪਣੀ ਜਾਨ ਨਹੀਂ ਵਾਰੀ।

ਇਸ ਨੁਕਤੇ ਨੂੰ ਸਮਝਦਿਆਂ ਕਦੇ ਤਾਂ ਅਸੀਂ ਧਰਮ ਦੇ ਨਾਂ ਉੱਤੇ ਪਾੜੇ ਜਾਣ ਤੋਂ ਬਚ ਕੇ ਸਿਆਸਤਦਾਨਾਂ ਦੀਆਂ ਕੋਝੀਆਂ ਚਾਲਾਂ ਤੋਂ ਖ਼ਬਰਦਾਰ ਹੋ ਕੇ ਸਿਰਫ਼ ਪੰਜਾਬੀਪੁਣਾ ਸਾਂਭ ਕੇ ਇਕਜੁੱਟ ਹੋਵਾਂਗੇ!

ਜੇ ਹਾਲੇ ਵੀ ਨਾ ਨਿੱਤਰੇ ਤਾਂ ਇਤਿਹਾਸ ਗਵਾਹ ਹੈ ਕਿ ਜ਼ੁਲਮ ਤੇ ਜ਼ਾਲਮ ਹਰ ਸਦੀ ਆਉਂਦੇ ਰਹੇ ਹਨ ਤੇ ਵਿਦਰੋਹ ਵੀ ਹਮੇਸ਼ਾ ਹੁੰਦਾ ਰਿਹਾ ਹੈ। ਜੇ ਰੱਜੇ ਪੁੱਜੇ ਨਾ ਨਿੱਤਰੇ ਤਾਂ ਕੰਮੀਆਂ ਦੇ ਵਿਹੜੇ ਵਿਦਰੋਹ ਦਾ ਬੀਜ ਜ਼ਰੂਰ ਪੁੰਗਰੇਗਾ ਤੇ ਉਹੀ ਕ੍ਰਾਂਤੀ ਦਾ ਮੁੱਢ ਬੰਨ੍ਹੇਗਾ। ਉੱਥੋਂ ਹੀ ਫਿਰ ਆਵਾਜ਼ ਗੂੰਜੇਗੀ-ਸਾਡੇ ਹੱਕ, ਏਥੇ ਰੱਖ! ਇਨਕਲਾਬ ਜ਼ਿੰਦਾਬਾਦ!!

"ਮਸ਼ਾਲਾਂ ਬਾਲ ਕੇ ਚੱਲਣਾ
ਜਦੋਂ ਤਕ ਰਾਤ ਬਾਕੀ ਹੈ
ਹਨ੍ਹੇਰੀ ਕਾਲੀ ਆਏਗੀ
ਗਰਦਿਸ਼ ਉਡਦੀ ਜਾਏਗੀ
ਘਟਾਵਾਂ ਨੇ ਵੀ ਆਉਣਾ ਹੈ
ਝਖੜਾਂ ਸ਼ੋਰ ਮਚਾਉਣਾ ਹੈ
ਬਿਜਲੀ ਹੋਰ ਵੀ ਕੜਕੇਗੀ
ਕੰਡਿਆਂ ਦੀ ਚੋਭ ਰੜਕੇਗੀ
ਵੇ ਵੀਰਾ ਥੱਕ ਨਾ ਜਾਣਾ।
ਨੀ ਭੈਣਾ ਅੱਕ ਨਾ ਜਾਣਾ
ਚੰਗੇਜ਼ਾਂ ਫਿਰ ਵੀ ਆਉਣਾ ਹੈ
ਤੈਮੂਰਾਂ ਕਹਿਰ ਢਾਹੁਣਾ ਹੈ।
ਅੰਗਾਰਾਂ ਤੇ ਕਦਮ ਰੱਖਣਾ
ਜਦੋਂ ਤਕ ਵਾਟ ਬਾਕੀ ਹੈ
ਮਸ਼ਾਲਾਂ ਬਾਲ ਕੇ ਚੱਲਣਾ
ਜਦੋਂ ਤਕ ਰਾਤ ਬਾਕੀ ਹੈ
ਨਹੀਂ ਫਰਿਆਦ ਦਾ ਫ਼ਾਇਦਾ
ਹਨ੍ਹੇਰੇ ਦੀ ਅਦਾਲਤ ਵਿਚ
ਬਗ਼ਾਵਤ ਕਰ ਮੇਰੇ ਸਜਣਾ
ਜਦੋਂ ਤਕ ਰਾਤ ਬਾਕੀ ਹੈ।"

# ਪਾਠਕ੍ਰਮ ਦੀਆਂ ਗਲਤੀਆਂ ਨੂੰ ਲੈ ਕੇ ਸਰਕਾਰ ਅਤੇ ਸਿੱਖਾਂ ਵਿਚ ਖਿੱਚੋਤਾਣ

*• ਅਨੁਵਾਦਕਾਂ ਦੀਆਂ .ਗਲਤੀਆਂ ਨੇ ਹੀ ਵਿਵਾਦ ਨੂੰ ਦਿੱਤਾ ਜਨਮ • ਨਵਾਂ ਪਾਠਕ੍ਰਮ ਵਾਪਸ ਲੈਣ ਦੇ ਬਾਵਜੂਦ ਮਸਲਾ .ਖ਼ਤਮ ਨਾ ਹੋਇਆ*

**ਡਾ. ਧਰਮ ਸਿੰਘ**

ਪਾਠਕ੍ਰਮ ਅਤੇ ਪਾਠ ਸਮੱਗਰੀ ਨੂੰ ਲੈ ਕੇ ਸਰਕਾਰੀ ਅਤੇ ਸਿੱਖ ਹਲਕਿਆਂ ਵਿਚ ਖਿੱਚੋਤਾਣ ਚੱਲ ਰਹੀ ਹੈ। ਇਹ ਵਿਵਾਦ ਏਨਾ ਭਖ ਗਿਆ ਹੈ ਕਿ ਦੋਵਾਂ ਧਿਰਾਂ ਨੂੰ ਪ੍ਰੈੱਸ ਕਾਨਫ਼ਰੰਸ ਕਰਕੇ ਆਪੋ-ਆਪਣਾ ਪੱਖ ਲੋਕਾਂ ਸਾਹਮਣੇ ਰੱਖਣਾ ਪਿਆ ਹੈ। ਆਖਰਕਾਰ ਮੁੱਖ ਮੰਤਰੀ ਪੰਜਾਬ ਨੂੰ ਇਹ ਬਿਆਨ ਦੇਣਾ ਪਿਆ ਕਿ ਨਵਾਂ ਪਾਠਕ੍ਰਮ ਵਾਪਸ ਲੈ ਲਿਆ ਗਿਆ ਹੈ ਅਤੇ ਪੁਰਾਣਾ ਹੀ ਪੜ੍ਹਾਇਆ ਜਾਵੇਗਾ। ਮੁੱਖ ਮੰਤਰੀ ਦੇ ਇਸ ਬਿਆਨ ਨਾਲ ਇਹ ਮਸਲਾ ਖ਼ਤਮ ਹੋ ਜਾਣਾ ਚਾਹੀਦਾ ਸੀ ਪਰ ਅਜਿਹਾ ਨਹੀਂ ਹੋਇਆ।






ਨਵੇਂ ਪਾਠਕ੍ਰਮ ਨੂੰ ਉਲੀਕਣ ਅਤੇ ਇਸ ਲਈ ਨਵੀਂ ਪਾਠ ਸਮਗੱਰੀ ਤਿਆਰ ਕਰਨ ਲਈ ਇਤਿਹਾਸਕਾਰਾਂ ਦੀ ਇਕ ਕਮੇਟੀ ਬਣਾਈ ਗਈ, ਜਿਸ ਵਿਚ ਚਾਰ ਮੈਂਬਰ ਸਰਕਾਰ ਵਲੋਂ ਨਾਮਜ਼ਦ ਕੀਤੇ ਗਏ ਅਤੇ ਦੋ ਮੈਂਬਰ ਸ਼੍ਰੋਮਣੀ ਕਮੇਟੀ ਨੇ ਭੇਜੇ। ਸਰਕਾਰੀ ਮੈਂਬਰਾਂ ਵਿਚੋਂ ਦੋ ਮੈਂਬਰ ਅਜਿਹੇ ਹਨ, ਜਿਨ੍ਹਾਂ ਨੂੰ ਸਾਹਿਤਕ ਸ਼ੈਲੀ ਦੀ ਪੰਜਾਬੀ ਲਿਖਣੀ ਨਹੀਂ ਆਉਂਦੀ। ਇਕ ਪ੍ਰੈੱਸ ਕਾਨਫ਼ਰੰਸ ਵਿਚ ਕਮੇਟੀ ਦੇ ਮੁਖੀ ਡਾ. ਕਿਰਪਾਲ ਸਿੰਘ ਨੇ ਦੱਸਿਆ ਕਿ ਨਵੇਂ ਪਾਠਕ੍ਰਮ ਮੁਤਾਬਿਕ ਜੋ ਪ੍ਰਕਰਣ ਲਿਖੇ ਗਏ ਹਨ ਉਹ ਡਾ. ਜ.ਸ. ਗਰੇਵਾਲ ਨੇ ਲਿਖੇ ਹਨ। ਡਾ. ਗਰੇਵਾਲ ਦੀ ਮੁਹਾਰਤ ਅੰਗਰੇਜ਼ੀ ਲਿਖਣ ਦੀ ਹੈ, ਪੰਜਾਬੀ ਦੀ ਨਹੀਂ। ਉਸ ਦੇ ਨਾਂਅ ਉੱਪਰ ਜੋ ਪੰਜਾਬੀ ਕਿਤਾਬਾਂ ਮਿਲਦੀਆਂ ਵੀ ਹਨ, ਉਹ ਅਸਲ ਵਿਚ ਅਨੁਵਾਦਿਤ ਹਨ, ਮੌਲਿਕ ਨਹੀਂ। ਉਦਾਹਰਣ ਵਜੋਂ ਗੁਰੂ ਨਾਨਕ ਜੀ ਦੇ ਉਦੇਸ਼ ਦਾ ਡਾ. ਮੈਕਲਾਊਡ ਦੀ ਅੰਗਰੇਜ਼ੀ ਕਿਤਾਬ ਦਾ ਡਾ. ਮੋਹਨਜੀਤ ਦੁਆਰਾ ਕੀਤਾ ਗਿਆ ਸੰਖੇਪ ਅਨੁਵਾਦ ਹੈ। ਇਸੇ ਤਰ੍ਹਾਂ 'ਮੁਢਲੀ ਉਨ੍ਹੀਵੀਂ ਸਦੀ ਦਾ ਪੰਜਾਬ' ਜੋ ਗਣੇਸ਼ ਦਾਸ ਵਡਾਹਰਾ ਦੁਆਰਾ ਲਿਖੀ ਫਾਰਸੀ ਕਿਤਾਬ 'ਚਾਰ ਬਾਗ-ਏ-ਪੰਜਾਬ' ਦਾ ਮਰਹੂਮ ਡਾ. ਅਮਰਵੰਤ ਸਿੰਘ ਵਲੋਂ ਫਾਰਸੀ ਕਿਤਾਬ ਦਾ ਕੀਤਾ ਗਿਆ ਪੰਜਾਬੀ ਅਨੁਵਾਦ ਹੈ। ਡਾ. ਗਰੇਵਾਲ ਵਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪੁਸਤਕ ਲਈ ਤਿਆਰ ਸਮੱਗਰੀ ਵੀ ਮੂਲ ਰੂਪ ਵਿਚ ਅੰਗਰੇਜ਼ੀ ਵਿਚ ਲਿਖੀ ਗਈ ਸੀ, ਜਿਸ ਦਾ ਪੰਜਾਬੀ ਤਰਜਮਾ ਕਰਵਾਇਆ ਗਿਆ ਹੈ। ਇੰਜ ਮੂਲ ਅੰਗਰੇਜ਼ੀ ਦੀਆਂ ਗ਼ਲਤੀਆਂ ਗਰੇਵਾਲ ਦੀਆਂ ਮੰਨੀਆਂ ਜਾਣਗੀਆਂ ਅਤੇ ਭਾਸ਼ਾ ਸ਼ਬਦਾਵਲੀ ਦੀਆਂ ਅਨੁਵਾਦਕਾਂ ਦੀਆਂ। ਇਨ੍ਹਾਂ ਗ਼ਲਤੀਆਂ ਨੇ ਹੀ ਇਸ ਵਿਵਾਦ ਨੂੰ ਜਨਮ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੀ ਦਲੀਲ ਇਹ ਸੀ ਕਿ ਪੰਜਾਬ ਤੋਂ ਬਾਹਰ ਜਿਥੇ-ਜਿਥੇ ਪੰਜਾਬ ਦਾ ਇਤਿਹਾਸ ਪੜ੍ਹਾਇਆ ਜਾ ਰਿਹਾ ਹੈ, ਉਥੇ ਬਹੁਤੀ ਵਾਰੀ ਬੋਰਡ ਦੀਆਂ ਪੁਸਤਕਾਂ ਨੂੰ ਹੀ ਪ੍ਰਮਾਣਿਕ ਸਮਝ ਕੇ ਨਿਰਧਾਰਿਤ ਕੀਤਾ ਜਾਂਦਾ ਹੈ। ਇਸ ਲਈ ਇਹ ਬੜਾ ਜ਼ਿੰਮੇਵਾਰੀ ਵਾਲਾ ਅਤੇ ਸੰਜੀਦਾ ਕੰਮ ਹੈ ਅਤੇ ਇਸ ਨੂੰ ਇਸੇ ਹੀ ਭਾਵਨਾ ਨਾਲ ਕੀਤਾ ਜਾਣਾ ਚਾਹੀਦਾ ਹੈ। ਕਿਸੇ ਵੀ ਤਰ੍ਹਾਂ ਦੀ ਗ਼ਲਤ ਬਿਆਨੀ ਲੋਕਾਂ ਦੇ ਮਨਾਂ ਵਿਚ ਸ਼ੰਕੇ ਪੈਦਾ ਕਰੇਗੀ।

ਪਾਠਕ੍ਰਮ ਅਤੇ ਪੜ੍ਹਨ ਸਮੱਗਰੀ ਦੀ ਘੋਖ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਪਿਛਲੇ ਦਿਨੀਂ ਸਿੱਖ ਸੰਸਥਾਵਾਂ, ਸੰਪਰਦਾਵਾਂ ਅਤੇ ਸਿੱਖ ਵਿਦਵਾਨਾਂ ਦੀ ਇਕ ਇਕੱਤਰਤਾ ਬੁਲਾਈ ਸੀ। ਇਸ ਇਕੱਤਰਤਾ ਦੀ ਜੋ ਰਿਪੋਰਟ ਅਗਲੇ ਦਿਨ ਅਖ਼ਬਾਰਾਂ ਵਿਚ ਛਪੀ ਉਸ ਨੂੰ ਪੜ੍ਹ ਕੇ ਮਾਯੂਸੀ ਹੋਈ ਅਤੇ ਹੈਰਾਨੀ ਵੀ। ਕਾਰਨ ਇਹ ਹੈ ਕਿ ਇਹ ਮਸਲਾ ਇਤਿਹਾਸਕਾਰਾਂ ਅਤੇ ਵਿਦਿਅਕ ਮਾਹਿਰਾਂ ਵਲੋਂ ਵਿਚਾਰਿਆ ਜਾਣਾ ਚਾਹੀਦਾ ਸੀ ਪਰ ਜਿਹੜੀਆਂ ਤਸਵੀਰਾਂ ਅਖ਼ਬਾਰਾਂ ਵਿਚ ਛਪੀਆਂ, ਉਨ੍ਹਾਂ ਵਿਚ ਬਹੁਤੇ ਵਿਅਕਤੀ ਉਹ ਸਨ, ਜਿਨ੍ਹਾਂ ਦੀ ਸਿੱਖ ਇਤਿਹਾਸ ਨਾਲ ਕੋਈ ਵਾਕਫ਼ੀਅਤ ਨਹੀਂ ਸੀ ਜਾਂ ਬਹੁਤ ਘੱਟ ਸੀ। ਸਿੱਖਾਂ ਦੀ ਪ੍ਰਤੀਨਿਧ ਜਥੇਬੰਦੀ ਹੋਣ ਕਰਕੇ ਸ਼੍ਰੋਮਣੀ ਕਮੇਟੀ ਦਾ ਇਹ ਕੁਦਰਤੀ ਹੱਕ ਹੈ ਕਿ ਉਹ ਇਹ ਮਸਲਾ ਲੋਕਾਂ ਸਾਹਮਣੇ ਰੱਖੇ ਪਰ ਇਸ ਨੂੰ ਰੱਖਣ ਲਈ ਜੋ ਢੰਗ ਅਪਣਾਇਆ ਗਿਆ, ਉਸ ਦੀ ਪ੍ਰਸ਼ੰਸਾ ਨਹੀਂ ਕੀਤੀ ਜਾ ਸਕਦੀ। ਚਾਹੀਦਾ ਤਾਂ ਇਹ ਸੀ ਕਿ ਕਮੇਟੀ ਇਹ ਮਸਲਾ ਵੱਡੇ ਫੋਰਮ ਉਪਰ ਲਿਜਾਣ ਦੀ ਬਜਾਇ ਆਪਣੀ ਇਕ ਛੋਟੀ ਕਮੇਟੀ ਵਿਚ ਇਸ ਨੂੰ ਵਿਚਾਰਦੀ ਅਤੇ ਜੇ ਲੋੜ ਹੁੰਦੀ ਤਾਂ ਅਜਿਹੀ ਇਕੱਤਰਤਾ ਬੁਲਾਈ ਜਾ ਸਕਦੀ ਸੀ। ਹੋਰ ਹੈਰਾਨੀਜਨਕ ਗੱਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਦੇ ਦੋਵਾਂ ਨੁਮਾਇੰਦਿਆਂ ਵਿਚੋਂ ਇਕ ਵੀ ਨੁਮਾਇੰਦਾ ਹਾਜ਼ਰ ਨਹੀਂ ਸੀ। ਇਨ੍ਹਾਂ ਦੋਵਾਂ ਨੂੰ ਹੀ ਕਮੇਟੀ ਦੀਆਂ ਸਾਰੀਆਂ ਸਰਗਰਮੀਆਂ ਦਾ ਪਤਾ ਸੀ ਪਰ ਇਹ ਦੋਵੇਂ ਨਦਾਰਦ ਸਨ।

ਪਾਠਕ੍ਰਮ ਵਾਲੇ ਮਸਲੇ ਦੇ ਦੋ-ਤਿੰਨ ਅਹਿਮ ਪਹਿਲੂ ਹਨ। ਮੈਂ 34-35 ਸਾਲ ਯੂਨੀਵਰਸਿਟੀ ਵਿਚ ਪੜ੍ਹਾਇਆ ਹੈ ਅਤੇ ਵਿਭਾਗ ਮੁਖੀ, ਡੀਨ ਅਤੇ ਚੇਅਰਮੈਨ ਦੀਆਂ ਸੇਵਾਵਾਂ ਦਾ ਕਾਫ਼ੀ ਤਜਰਬਾ ਹੈ। ਇਸ ਦਾ ਪਹਿਲਾ ਪੱਖ ਪ੍ਰਬੰਧਨ ਦਾ ਹੈ। ਜਦ ਵੀ ਪਾਠਕ੍ਰਮ ਵਿਚ ਕੋਈ ਤਬਦੀਲੀ ਕਰਨੀ ਹੁੰਦੀ ਹੈ ਜਾਂ ਨਵਾਂ ਪਾਠਕ੍ਰਮ ਲਾਗੂ ਕਰਨਾ ਹੁੰਦਾ ਹੈ, ਉਹ ਪ੍ਰਕਿਰਿਆ ਕਾਫ਼ੀ ਪਹਿਲਾਂ ਸ਼ੁਰੂ ਕਰ ਦਿੱਤੀ ਜਾਂਦੀ ਹੈ। ਪਹਿਲਾਂ ਬੋਰਡ ਆਫ਼ ਸਟੱਡੀਜ਼ ਵਿਚ ਉਸ ਪਾਠਕ੍ਰਮ ਨੂੰ ਵਿਚਾਰਿਆ ਜਾਂਦਾ ਹੈ, ਫਿਰ ਸਬੰਧਿਤ ਅਧਿਕਾਰੀਆਂ ਵਿਚ ਅਤੇ ਆਖਰ ਵਿਚ ਅਕੈਡਮਿਕ ਕੌਂਸਲ ਇਸ ਉਪਰ ਆਪਣੀ ਮੋਹਰ ਲਾਉਂਦੀ ਹੈ। ਸਕੂਲ ਪੱਧਰ ਉੱਪਰ ਵੀ ਇਹੋ ਜਿਹੀ ਕੋਈ ਵਿਵਸਥਾ ਹੋਵੇਗੀ। ਦੂਜਾ ਪੱਖ ਹੈ, ਪੜ੍ਹਾਈ ਜਾਣ ਵਾਲੀ ਸਮੱਗਰੀ ਦੀ ਮਾਤਰਾ ਜਾਂ ਮਿਕਦਾਰ ਅਤੇ ਕੀ ਪੜ੍ਹਾਇਆ ਜਾਣਾ ਹੈ ਸਬੰਧੀ? ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਵੀ ਉਪਰੋਕਤ ਸੰਸਥਾਵਾਂ ਹੀ ਕਰਿਆ ਕਰਦੀਆਂ ਹਨ। ਜੇ ਕੋਈ ਨਵੀਂ ਕਿਤਾਬ ਤਿਆਰ ਕਰਵਾਉਣੀ ਹੈ ਤਾਂ ਉਸ ਨੂੰ ਸੈਸ਼ਨ ਤੋਂ ਪਹਿਲਾਂ ਅਲਾਟ ਕਰ ਦਿੱਤਾ ਜਾਂਦਾ ਹੈ ਅਤੇ ਸਮਾਂਬੱਧ ਵੀ ਕਰ ਦਿੱਤਾ ਜਾਂਦਾ ਹੈ। ਕਹਿਣ ਦਾ ਭਾਵ ਹੈ ਕਿ ਸਾਰਾ ਕੁਝ ਨਿਸਚਤ ਵਿਧੀ ਵਿਧਾਨ ਅਨੁਸਾਰ ਕੀਤਾ ਜਾਂਦਾ ਹੈ। ਸਕੂਲ ਬੋਰਡ ਨੇ ਇਸ ਵਿਧੀ ਵਿਧਾਨ ਨੂੰ ਅਪਣਾਇਆ ਹੈ ਜਾਂ ਨਹੀਂ? ਇਸ ਸਬੰਧੀ ਉਹੋ ਹੀ ਜਾਣਨ।

ਹੁਣ ਜਿਹੜਾ ਸਭ ਤੋਂ ਵੱਧ ਮੰਦਭਾਗਾ ਫ਼ੈਸਲਾ ਸ਼੍ਰੋਮਣੀ ਕਮੇਟੀ ਨੇ ਕੀਤਾ ਹੈ, ਉਹ ਹੈ ਡਾ. ਕਿਰਪਾਲ ਸਿੰਘ ਨੂੰ ਕਮੇਟੀ ਦੇ ਆਪਣੇ ਹੀ ਵਕਾਰੀ ਪ੍ਰਾਜੈਕਟ ਤੋਂ ਵੱਖ ਕਰਨਾ। ਡਾ. ਕਿਰਪਾਲ ਸਿੰਘ ਪਿਛਲੇ ਪੰਦਰਾਂ ਸਾਲਾਂ ਤੋਂ ਭਾਈ ਸੰਤੋਖ ਸਿੰਘ ਦੇ ਵੱਡ-ਆਕਾਰੀ ਗ੍ਰੰਥ "ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ" ਦਾ ਆਲੋਚਨਾਤਮਕ ਸੰਪਾਦਨ ਕਰ ਰਹੇ ਹਨ ਅਤੇ ਇਸ ਦੀਆਂ ਬਾਈ ਜਿਲਦਾਂ ਛਪ ਚੁੱਕੀਆਂ ਹਨ ਅਤੇ ਦੋ ਛਪਾਈ ਅਧੀਨ ਹਨ। ਆਪਣੇ ਸਮੁੱਚੇ ਅਕਾਦਮਿਕ ਜੀਵਨ ਵਿਚ ਉਹ ਸੱਠ ਤੋਂ ਉਪਰ ਇਤਿਹਾਸ ਦੀਆਂ ਪੁਸਤਕਾਂ ਦੇ ਚੁੱਕੇ ਹਨ ਅਤੇ ਇਹ ਅੰਗਰੇਜ਼ੀ, ਪੰਜਾਬੀ ਅਤੇ ਫਾਰਸੀ ਆਦਿ ਜ਼ਬਾਨਾਂ ਵਿਚ ਹਨ। ਇਸ ਵਕਤ ਉਨ੍ਹਾਂ ਦੀ ਉਮਰ ਨੱਬੇ ਸਾਲ ਤੋਂ ਉਪਰ ਹੈ ਅਤੇ ਇਸ ਉਮਰ ਵਿਚ ਵੀ ਉਹ ਪੂਰੀ ਤਨਦੇਹੀ ਨਾਲ ਕਾਰ-ਵਿਹਾਰ ਕਰ ਰਹੇ ਹਨ। ਇਥੇ ਇਹ ਦੱਸਣਾ ਵੀ ਪ੍ਰਸੰਗਿਕ ਹੋਵੇਗਾ ਕਿ ਸ਼੍ਰੋਮਣੀ ਕਮੇਟੀ ਨੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੁਝ ਸਮਾਂ ਪਹਿਲਾਂ, ਡਾ. ਕਿਰਪਾਲ ਸਿੰਘ ਨੂੰ ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ ਦੀ ਉਪਾਧੀ ਦਿੱਤੀ ਸੀ। ਇਕ ਪਾਸੇ ਏਡਾ ਮਾਣ-ਸਨਮਾਨ ਅਤੇ ਦੂਜੇ ਪਾਸੇ ਏਡੀ ਬੇਰੁਖ਼ੀ, ਘੱਟੋ-ਘੱਟ ਮੇਰੀ ਸਮਝ ਤੋਂ ਬਾਹਰ ਹੈ।

# 'ਵੱਡੇ ਤੋਂ ਵੱਡੇ ਦੁਖਾਂਤ ਸਹਿ ਕੇ ਵੀ ਪੰਜਾਬੀਆਂ ਨੇ ਨਹੀਂ ਛੱਡੇ ਹੌਸਲੇ'

*'ਦੁਖਾਂਤਕ ਦੌਰਾਂ ਦਾ ਪੰਜਾਬੀ ਸਾਹਿਤ' ਵਿਸ਼ੇ ਉੱਤੇ ਹੋਇਆ ਸੈਮੀਨਾਰ*

## ਬੁੱਧੀਜੀਵੀ ਪੰਜਾਬ ਦੇ ਕਾਲੇ ਦੌਰਾਂ ਦਾ ਇਤਿਹਾਸਕ ਦਸਤਾਵੇਜ਼ ਨਾ ਬਣਾ ਸਕਣ 'ਤੇ ਚਿੰਤਤ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਇੱਥੇ 'ਦੁਖਾਂਤਕ ਦੌਰਾਂ ਦਾ ਪੰਜਾਬੀ ਸਾਹਿਤ' ਵਿਸ਼ੇ ਉਪਰ ਦਿਆਲ ਸਿੰਘ ਈਵਨਿੰਗ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਸੈਮੀਨਾਰ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਨਾਮਵਰ ਚਿੰਤਕ ਪ੍ਰੋ. ਦੀਪਕ ਮਨਮੋਹਨ ਸਿੰਘ ਨੇ ਕੀਤੀ। ਇਸ ਮੌਕੇ ਡਾ. ਜਸਪਾਲ ਕੌਰ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਸਾਹਿਤ ਅਕਾਦਮੀ ਦੇ ਸੰਪਾਦਕ ਅਨੁਪਮ ਤਿਵਾੜੀ ਨੇ ਕਿਹਾ ਕਿ ਸੱਤਾ ਦੇ ਭਿਆਨਕ ਤਾਂਡਵ ਨੇ ਪੰਜਾਬੀ ਜਨਜੀਵਨ ਨੂੰ ਬੁਰੀ ਤਰਾਂ ਪ੍ਰਭਾਵਿਤ ਕੀਤਾ ਹੈ। ਡਾ. ਰਵੀ ਰਵਿੰਦਰ ਨੇ ਦੱਸਿਆ ਕਿ ਪੰਜਾਬੀ ਵਿਚ ਪੰਜਾਬ ਦੇ ਦੁਖਾਂਤਕ ਦੌਰਾਂ ਬਾਰੇ ਇਹ ਪਹਿਲਾ ਸੈਮੀਨਾਰ ਹੈ ਪਰ ਚਿੰਤਾ ਵਾਲੀ ਗੱਲ ਹੈ ਕਿ ਅਜੇ ਤੱਕ ਅਸੀਂ ਦੁਖਾਂਤਕ ਦੌਰਾਂ ਬਾਰੇ ਰਚੇ ਪੰਜਾਬੀ ਸਾਹਿਤ ਨੂੰ ਪੂਰੀ ਤਰਾਂ ਸਿਲੇਬਸ ਦਾ ਹਿੱਸਾ ਨਹੀਂ ਬਣਾ ਸਕੇ। ਸਾਹਿਤ ਅਕਾਦਮੀ ਦੇ ਸਲਾਹਕਾਰ ਬੋਰਡ ਦੀ ਕਨਵੀਨਰ ਡਾ. ਵਨੀਤਾ ਨੇ ਕਿਹਾ ਕਿ ਹਰ ਦੁਖਾਂਤ ਵਿਚ ਔਰਤ ਸਭ ਤੋਂ ਵੱਧ ਸੰਤਾਪ ਭੋਗਦੀ ਹੈ। ਸਾਹਿਤ ਵਿਚ ਇਸ ਬਾਰੇ ਸੰਵੇਦਨਾ ਹੋਣੀ ਜ਼ਰੂਰੀ ਹੈ। ਡਾ. ਮਨਮੋਹਨ ਨੇ ਧਿਆਨ ਦੁਆਇਆ ਕਿ ਅਜੇ ਤੱਕ ਅਸੀਂ ਆਪਣੇ ਦੁਖਾਂਤਕ ਦੌਰਾਂ ਦਾ ਇਤਿਹਾਸਕ ਦਸਤਾਵੇਜ਼ ਹੀ ਨਹੀਂ ਬਣਾ ਸਕੇ। ਇਨਾਂ ਦੌਰਾਂ ਨੂੰ ਸਾਂਭਣਾ ਬਹੁਤ ਜ਼ਰੂਰੀ ਹੈ। ਡਾ. ਜਸਪਾਲ ਕੌਰ ਨੇ ਕਿਹਾ ਕਿ ਇਸ ਅਣਗੌਲੇ ਵਿਸ਼ੇ ਉੱਪਰ ਇਕ ਕਾਨਫਰੰਸ ਹੋਣੀ ਚਾਹੀਦੀ ਹੈ ਤਾਂ ਜੋ ਇਸ ਬਾਰੇ ਵਿਸਥਾਰ ਵਿਚ ਗੱਲ ਕੀਤੀ ਜਾ ਸਕੇ। ਪ੍ਰੋ. ਦੀਪਕ ਮਨਮੋਹਨ ਸਿੰਘ ਨੇ ਉਦਘਾਟਨੀ ਸਮਾਰੋਹ ਨੂੰ ਸਮੇਟਦਿਆਂ ਕਈ ਮਹੱਤਵਪੂਰਨ ਨੁਕਤੇ ਉਭਾਰੇ। ਉਨਾਂ ਕਿਹਾ ਕਿ ਸਾਡੀਆਂ ਹੱਡਬੀਤੀਆਂ ਤੇ ਜੱਗਬੀਤੀਆਂ ਦਾ ਇਤਿਹਾਸ ਲੰਮਾ ਹੈ। ਦੁਖਾਂਤ ਦਾ ਸਾਹਮਣਾ ਕਰਨ ਵਾਲੇ ਪੰਜਾਬੀ ਵੀ ਸੂਰਮੇ ਹਨ ਅਤੇ ਉਹ ਦੁਖਾਂਤ ਵਿਚੋਂ ਉਭਰਨਾ ਵੀ ਜਾਣਦੇ ਹਨ। ਇਸ ਦਾ ਸਬੂਤ ਉਨਾਂ ਨੇ ਦੇਸ਼ ਵੰਡ ਤੇ ਪੰਜਾਬ ਸੰਕਟ ਵਰਗੇ ਦੌਰਾਂ ਦੇ ਬਾਵਜੂਦ ਆਪਣੀ ਪ੍ਰਗਤੀ ਦੀ ਰਫ਼ਤਾਰ ਨੂੰ ਹੋਰ ਤੇਜ਼ ਕਰਕੇ ਦੇ ਦਿੱਤਾ ਹੈ। ਉਨਾਂ ਕਿਹਾ ਕਿ ਮੌਜੂਦਾ ਦੌਰ ਵਿਚ ਕੁਝ ਲੋਕਾਂ ਨੂੰ ਸਹਾਰੇ ਲਈ ਨਸ਼ੇ ਦੀ ਲੋੜ ਵੀ ਇਕ ਦੁਖਾਂਤ ਹੈ ਜਿਸ ਤੋਂ ਸਮੁੱਚੇ ਪੰਜਾਬੀਆਂ ਨੂੰ ਸੁਚੇਤ ਰਹਿਣ ਦੀ ਲੋੜ ਹੈ। ਡਾ. ਸਤਨਾਮ ਸਿੰਘ ਜੱਸਲ, ਡਾ. ਗੁਰਮੁਖ ਸਿੰਘ, ਡਾ. ਕੁਲਵੀਰ, ਡਾ. ਹਰਵਿੰਦਰ ਸਿੰਘ, ਪ੍ਰੋ. ਨਰਵਿੰਦਰ ਕੌਸ਼ਲ, ਡਾ. ਵਨੀਤਾ, ਡਾ. ਰਵਿੰਦਰ ਸਿੰਘ ਅਤੇ ਡਾ. ਪ੍ਰਿਥਵੀ ਰਾਜ ਥਾਪਰ ਨੇ ਪਰਚੇ ਪੜੇ। ਇਸ ਵਿਚ ਸੰਨ 1947 ਦੀ ਦੇਸ਼ ਵੰਡ ਅਤੇ ਪੰਜਾਬ ਸੰਕਟ ਨਾਲ ਸਬੰਧਤ ਰਚੇ ਸਾਹਿਤ ਉਪਰ ਵਿਚਾਰਾਂ ਕੀਤੀਆਂ ਗਈਆਂ। ਪੰਜਾਬੀ ਪ੍ਰਚਾਰਨੀ ਸਭਾ ਦੇ ਪ੍ਰਧਾਨ ਭਾਈ ਮਨਿੰਦਰਪਾਲ ਸਿੰਘ ਨੇ ਧੰਨਵਾਦੀ ਮਤਾ ਪੇਸ਼ ਕਰਦਿਆਂ ਸੁਚੇਤ ਕੀਤਾ ਕਿ ਸਾਨੂੰ ਸਿਆਸਦਾਨਾਂ ਦੀਆਂ ਗੁੱਝੀਆਂ ਚਾਲਾਂ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਅਸੀਂ ਪਹਿਲਾਂ ਹੀ ਆਪਣਾ ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਕਰਵਾ ਚੁੱਕੇ ਹਾਂ।

# ਪੰਥਕ ਏਜੰਡਾ ਪਿੱਛੇ ਪੈਣਾ ਬਾਦਲ ਦਲ ਦੇ ਸੰਕਟ ਦਾ ਕਾਰਨ

**ਤਿਰਲੋਚਨ ਸਿੰਘ**

ਪੰਜਾਬ ਵਿਚ ਪਿਛਲੇ 50 ਸਾਲ ਵਿਚ ਕਈ ਵਾਰ ਅਕਾਲੀ ਦਲ ਨੂੰ ਰਾਜ ਕਰਨ ਦਾ ਮੌਕਾ ਮਿਲਿਆ ਹੈ। ਸੰਨ 1972 ਵਿਚ ਕਾਂਗਰਸ ਰਾਜ ਆ ਗਿਆ ਸੀ ਤੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਅਕਾਲੀ ਦਲ ਤੋਂ ਸਿੱਖ ਹੱਕਾਂ ਵਾਲਾ ਏਜੰਡਾ ਖੋਹ ਲਿਆ ਸੀ ਤੇ ਅਕਾਲੀ ਪਾਰਟੀ ਨੂੰ ਦੁਬਿਧਾ ਵਿਚ ਪਾ ਦਿੱਤਾ ਸੀ। ਬਦਕਿਸਮਤੀ ਨਾਲ ਸੰਨ 1975 ਵਿਚ ਲੱਗੀ ਐਮਰਜੈਂਸੀ ਨੇ ਕਾਂਗਰਸ ਪਾਰਟੀ ਨੂੰ ਹਿਲਾ ਕੇ ਰੱਖ ਦਿੱਤਾ। ਅਕਾਲੀ ਮੁੜ ਸੰਨ 1978 ਦੀ ਚੋਣ ਵਿਚ ਜਿੱਤ ਗਏ ਤੇ ਰਾਜ ਕਰਨ ਲੱਗ ਗਏ ਸਨ। ਜਿਸ ਪੰਥਕ ਲੇਬਲ 'ਤੇ ਅਕਾਲੀ ਆਪਣਾ ਏਕਾਧਿਕਾਰ ਸਮਝਦੇ ਸਨ, ਉਹ ਇਕ ਹੋਰ ਸਿੱਖ ਧੜੇ ਨੇ ਖੋਹ ਲਿਆ। ਸੰਨ 1978 ਦੀ ਵਿਸਾਖੀ 'ਤੇ ਅੰਮ੍ਰਿਤਸਰ ਦੇ ਨਿਰੰਕਾਰੀ ਸੰਮੇਲਨ ਵਿਚ ਹੋਏ ਗੋਲੀ ਕਾਂਡ ਨੇ ਅਕਾਲੀ ਪਾਰਟੀ ਦੀ ਦੁਬਿਧਾ ਦਾ ਆਰੰਭ ਕਰ ਦਿੱਤਾ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਉਸ ਸਮੇਂ ਅੱਗੇ ਨਿੱਤਰੇ ਤੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਜਿੱਤਣ ਵਿਚ ਕਾਮਯਾਬ ਹੋ ਗਏ ਸਨ। ਵੱਡਾ ਸਮਾਂ ਸੰਨ 1980 ਤੋਂ ਸੰਨ 1995 ਤੱਕ ਪੰਜਾਬ ਤੇ ਅਕਾਲੀ ਦਲ ਦੋਵੇਂ ਸੰਕਟ ਵਿਚ ਰਹੇ। ਅਕਾਲ ਤਖ਼ਤ 'ਤੇ ਫ਼ੌਜ ਦਾ ਹਮਲਾ ਤੇ ਨਵੰਬਰ 1984 ਵਿਚ ਸਿੱਖ ਕਤਲੇਆਮ ਵੀ ਇਸ ਸਮੇਂ ਹੋਏ ਸਨ। ਅਕਾਲੀ ਦਲ ਕਈ ਵਾਰ ਟੁੱਟਿਆ ਤੇ ਅਕਾਲ ਤਖ਼ਤ ਨੇ ਕਮਾਨ ਸੰਭਾਲੀ। ਬਾਬਾ ਜੋਗਿੰਦਰ ਸਿੰਘ ਨੂੰ ਸਾਰੀ ਵਾਗਡੋਰ ਅਕਾਲੀ ਨੇਤਾਵਾਂ ਵਲੋਂ ਦੇਣ ਦਾ ਸਭ ਨੂੰ ਪਤਾ ਹੀ ਹੈ। ਇਸ ਸਾਰੇ ਦੁਖਾਂਤ 'ਚੋਂ ਅਕਾਲੀ ਪਾਰਟੀ ਨੂੰ ਸੰਨ 1997 ਵਿਚ ਮੁੜ ਰਾਜ ਮਿਲ ਗਿਆ। ਇਸ ਪਿੱਛੋਂ ਅਕਾਲੀ-ਭਾਜਪਾ ਦੀ ਦੋਸਤੀ ਹੋ ਗਈ, ਗੱਠਜੋੜ ਬਣ ਗਿਆ। ਅਕਾਲੀ ਪਾਰਟੀ ਨੇ ਆਪਣੇ-ਆਪ ਨੂੰ ਪੰਥਕ ਪਾਰਟੀ ਤੋਂ ਪੰਜਾਬ ਪਾਰਟੀ ਬਣਾ ਲਿਆ। ਪੰਥਕ ਏਜੰਡਾ ਪਿੱਛੇ ਪੈ ਗਿਆ। ਪਾਰਟੀ ਲੋਕਤੰਤਰ ਤੋਂ ਡਿਕਟੇਟਰਸ਼ਿਪ ਵੱਲ ਚਲੀ ਗਈ। ਅਕਾਲੀ ਦਲ ਦਾ ਨਾਂਅ ਹੀ ਬਾਦਲ ਅਕਾਲੀ ਦਲ ਬਣ ਗਿਆ ਸੀ, ਜੋ ਅੱਜ ਤੱਕ ਕਾਇਮ ਹੈ।



ਅੱਜ ਕਈ ਰਾਜਸੀ ਨੇਤਾ ਇਹ ਕਹਿਣ ਲੱਗ ਗਏ ਹਨ ਕਿ ਅਕਾਲੀ ਦਲ ਖ਼ਾਤਮੇ ਵੱਲ ਹੈ। ਲੀਡਰਸ਼ਿਪ ਵਿਰੁੱਧ ਆਵਾਜ਼ਾਂ ਉੱਠੀਆਂ ਹਨ। ਸਮੁੱਚੀ ਪੁਰਾਣੀ ਲੀਡਰਸ਼ਿਪ ਇਕੱਠੀ ਹੋ ਕੇ ਬਦਲਾਓ ਦੀ ਗੱਲ ਕਰ ਰਹੀ ਹੈ। ਇਹੋ ਜਿਹੇ ਹਾਲਾਤ ਬਣ ਗਏ ਹਨ ਕਿ ਸ. ਪ੍ਰਕਾਸ਼ ਸਿੰਘ ਬਾਦਲ ਜੋ ਸੇਵਾ-ਮੁਕਤ ਹੋ ਕੇ ਘਰ ਬੈਠ ਗਏ ਸਨ, ਵਿਧਾਨ ਸਭਾ ਇਜਲਾਸ ਵੀ ਨਹੀਂ ਜਾਂਦੇ ਸਨ, ਅੱਜ ਮੁੜ ਪਿੰਡ-ਪਿੰਡ ਜਾਣ ਲੱਗ ਗਏ ਹਨ। ਸੰਕਟ ਨੂੰ ਟਾਲਣ ਵਿਚ ਲੱਗੇ ਹੋਏ ਹਨ।

ਪਾਠਕਾਂ ਨੂੰ ਯਾਦ ਕਰਵਾ ਦੇਵਾਂ ਕਿ ਅਕਾਲੀ ਦਲ ਦੋ ਵਾਰੀ ਟੁੱਟ ਕੇ ਕਾਂਗਰਸ ਵਿਚ ਸ਼ਾਮਿਲ ਹੋ ਗਿਆ ਸੀ। ਸੰਨ 1947 ਵਿਚ ਸਾਰੇ ਅਕਾਲੀ ਵਿਧਾਇਕ ਕਾਂਗਰਸ ਵਿਚ ਚਲੇ ਗਏ ਸਨ। ਇਕੱਲਾ ਮਾਸਟਰ ਤਾਰਾ ਸਿੰਘ ਖੜ੍ਹਾ ਰਿਹਾ ਸੀ। ਉਸ ਨੇ ਮੁੜ ਪਾਰਟੀ ਖੜ੍ਹੀ ਕਰ ਲਈ, ਆਪ ਜੇਲ੍ਹ ਗਿਆ ਸੀ। ਫਿਰ ਸੰਨ 1957 ਵਿਚ ਅਕਾਲੀ ਦਲ ਨੇ ਵਿਧਾਨ ਬਦਲ ਕੇ ਕਾਂਗਰਸ ਵਿਚ ਪ੍ਰਵੇਸ਼ ਕਰ ਲਿਆ ਸੀ। ਮਾਰਚ-1957 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਾਰੇ ਅਕਾਲੀ ਕਾਂਗਰਸ ਟਿਕਟ 'ਤੇ ਲੜੇ ਸਨ। ਇਨ੍ਹਾਂ ਵਿਚ ਪ੍ਰਕਾਸ਼ ਸਿੰਘ ਬਾਦਲ, ਗਿਆਨੀ ਕਰਤਾਰ ਸਿੰਘ ਤੇ ਸ. ਹੁਕਮ ਸਿੰਘ ਆਦਿ ਸ਼ਾਮਿਲ ਸਨ ਪਰ ਇਕ ਸਾਲ ਪਿੱਛੋਂ ਮਾਸਟਰ ਤਾਰਾ ਸਿੰਘ ਨੇ ਮੁੜ ਅਕਾਲੀ ਦਲ ਜਿਊਂਦਾ ਕਰ ਲਿਆ ਸੀ ਤੇ ਏਨੀ ਤਾਕਤ ਬਣਾ ਲਈ ਸੀ ਕਿ ਪੰਜਾਬੀ ਸੂਬੇ ਦਾ ਮੋਰਚਾ ਲਗਾ ਦਿੱਤਾ ਸੀ। ਪਿੱਛੋਂ ਸੰਤ ਫ਼ਤਹਿ ਸਿੰਘ ਅਕਾਲੀ ਦਲ ਦੇ ਪ੍ਰਧਾਨ ਬਣੇ ਤੇ ਉਨ੍ਹਾਂ ਨੇ ਪੰਜਾਬੀ ਸੂਬਾ ਬਣਵਾਉਣ ਵਿਚ ਸਫ਼ਲਤਾ ਹਾਸਲ ਕੀਤੀ। ਭਾਵ ਇਹ ਹੈ ਕਿ ਅਕਾਲੀ ਦਲ ਹਰ ਸੰਕਟ ਵਿਚ ਕਾਇਮ ਰਿਹਾ ਹੈ, ਪਾਰਟੀਆਂ ਮਰਦੀਆਂ ਨਹੀਂ ਹਨ। ਨੇਤਾ ਦਮ ਛੱਡ ਜਾਂਦੇ ਹਨ ਪਰ ਜਦ ਉਹ ਪੰਥਕ ਮਸਲਾ ਲੈ ਕੇ ਖੜ੍ਹੇ ਹੋਏ, ਉਹ ਮੁੜ ਸੁਰਜੀਤ ਹੋ ਗਏ ਸਨ। ਪੰਥ ਦਾ ਨਾਅਰਾ ਹੀ ਉਨ੍ਹਾਂ ਲਈ ਸਹਾਈ ਹੁੰਦਾ ਰਿਹਾ ਹੈ। ਅੱਜ ਉਹ ਅਨੁਮਾਨ ਨਹੀਂ ਲਾ ਸਕਦੇ ਕਿ ਧਾਰਮਿਕ ਭਾਵਨਾਵਾਂ ਉਨ੍ਹਾਂ ਦਾ ਕਿੰਨਾ ਨੁਕਸਾਨ ਕਰ ਰਹੀਆਂ ਹਨ। ਆਪਣਾ ਵੋਟ ਬੈਂਕ ਆਪ ਗੁਆ ਬੈਠੇ ਹਨ। ਇਸ ਸੰਕਟ ਵਿਚ ਫਸੇ ਅਕਾਲੀ ਦਲ ਲਈ ਅਗਲੇ ਸਾਲ ਵਿਚ ਆ ਰਹੀਆਂ ਲੋਕ ਸਭਾ ਦੀਆਂ ਚੋਣਾਂ ਕਰੜਾ ਇਮਤਿਹਾਨ ਸਾਬਤ ਹੋਣਗੀਆਂ।

# ਸਟਾਲਨ ਬਨਾਮ ਸ਼ੇਰੇ ਪੰਜਾਬ

ਪ੍ਰੋ. ਬਲਵਿੰਦਰ ਪਾਲ ਸਿੰਘ

(ਭਾਗ ਦੂਜਾ)

**ਸਿੱਖ ਰਾਜ ਕਾਲ :** ਸ਼ੇਰੇ ਪੰਜਾਬ ਰਣਜੀਤ ਸਿੰਘ ਦੇ ਰਾਜ-ਗੱਦੀ 'ਤੇ ਬੈਠਣ ਤੋਂ ਪਹਿਲਾਂ ਕੁਝ ਦਹਾਕਿਆਂ ਦੇ ਹਾਲਾਤ ਅਤੇ ਪੰਜਾਬ ਦੇ ਇਤਿਹਾਸ ਨੂੰ ਇਕ ਸਰਸਰੀ ਨਜ਼ਰ ਨਾਲ ਵੇਖਣਾ ਜ਼ਰੂਰੀ ਹੈ, ਤਾਂ ਜੋ ਸਿੱਖ ਇਤਿਹਾਸ ਤੇ ਸਿਖ ਨਾਇਕਾਂ ਦੇ ਗੁਣਾਂ ਤੇ ਸਿਖ ਇਨਕਲਾਬ ਦੀ ਸਾਰਥਕਤਾ ਨੂੰ ਸਮਝਿਆ ਜਾ ਸਕੇ। ਭਾਰਤ ਦੇ ਧੁਰ ਅੰਦਰ ਤਕ, ਪ੍ਰਵੇਸ਼ ਦਾ ਖੇਤਰ ਹੋਣ ਕਰਕੇ, ਪੰਜਾਬ ਨੂੰ ਉਤਰ-ਪੱਛਮ ਵਲੋਂ ਹੋਏ ਅਨੇਕਾਂ ਹਮਲਿਆਂ ਦਾ ਮੁਕਾਬਲਾ ਕਰਨਾ ਪਿਆ ਤੇ ਇਹ ਤਜਰਬਾ ਹਰ ਵਾਰ ਪੰਜਾਬ ਲਈ ਦੁਖਾਂਤਕ ਸਾਬਤ ਹੋਇਆ। ਦੁਸ਼ਮਣ ਨੂੰ ਕਦੇ ਭਾਰਤ ਦੀ ਬੇ-ਮਿਸਾਲ ਧਨ-ਦੌਲਤ ਨੇ ਖਿੱਚਿਆ, ਕਦੇ ਉਸ ਨੂੰ ਕਿਸੇ ਰਾਜੇ ਨੇ ਦੂਜੇ ਰਾਜੇ ਨੂੰ ਨੀਵਾਂ ਵਿਖਾਉਣ ਲਈ ਸੱਦਿਆ। ਮੁਗ਼ਲ ਹੋਣ, ਈਰਾਨੀ, ਜਾਂ ਅਫ਼ਗਾਨ ਹਮਲਾਵਰ ਪੰਜਾਬ ਨੂੰ ਮਿੱਧਦੇ ਤੇ ਭਾਰਤ 'ਤੇ ਕਬਜ਼ਾ ਕਰਦੇ ਰਹੇ।

ਪੰਦਰ੍ਹਵੀਂ ਸਦੀ ਵਿਚ ਗੁਰੂ ਨਾਨਕ ਸਾਹਿਬ (ਸੰਨ 1469-1539) ਸਰਬ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦਾ ਨਵਾਂ ਸੁਨੇਹਾ ਲੈ ਕੇ ਆਏ। ਉਨ੍ਹਾਂ ਨੇ ਸਾਂਝੇ ਰੱਬ ਦਾ ਪ੍ਰਚਾਰ ਕੀਤਾ ਤੇ ਕਰਮਕਾਂਡਾਂ, ਫਿਰਕਾਪ੍ਰਸਤੀ, ਨਸਲਵਾਦ ਤੇ ਜਾਤੀਵਾਦ ਤੋਂ ਮੁਕਤ ਹੋਣ ਲਈ ਮਨੁੱਖ ਨੂੰ ਸੁਨੇਹਾ ਦਿੱਤਾ। ਉਨ੍ਹਾਂ ਨੇ ਖੁਲ੍ਹ ਦਿਲੇ ਦ੍ਰਿਸ਼ਟੀਕੋਣ ਸਦਕਾ ਬਹੁਤ ਸਾਰੇ ਲੋਕ ਉਨ੍ਹਾਂ ਦੇ ਮੁਰੀਦ ਬਣ ਗਏ। ਉਨ੍ਹਾਂ ਤੋਂ ਮਗਰੋਂ ਬਾਕੀ ਗੁਰੂਆਂ ਨੇ ਉਨ੍ਹਾਂ ਦੇ ਸਰਬ-ਸਾਂਝੇ ਧਰਮ ਨੂੰ ਹੋਰ ਵੀ ਵਿਕਸਤ ਕੀਤਾ। ਇਸ ਦੀ ਇਕ ਮਿਸਾਲ ਇਹ ਹੈ ਕਿ ਪੰਜਵੇਂ ਗੁਰੂ, ਗੁਰੂ ਅਰਜਨ ਦੇਵ (ਸੰਨ 1563-1606) ਨੇ ਅੰਮ੍ਰਿਤਸਰ ਦੇ ਹਰਿਮੰਦਰ (ਦਰਬਾਰ ਸਾਹਿਬ) ਦੀ ਨੀਂਹ ਮੁਸਲਮਾਨ ਪੀਰ, ਮੀਆਂ ਮੀਰ ਤੋਂ ਰੱਖਵਾਈ। ਏਸੇ ਤਰ੍ਹਾਂ ਆਦਿ ਗ੍ਰੰਥ (ਗੁਰੂ ਗ੍ਰੰਥ) ਦੀ ਸਿਰਜਣਾ ਕਰਦਿਆਂ ਉਨ੍ਹਾਂ ਨੇ ਉਸ ਵਿਚ ਸਿਖ ਗੁਰੂਆਂ ਤੋਂ ਛੁੱਟ ਹਿੰਦੂ ਤੇ ਮੁਸਲਮਾਨ ਸੰਤਾਂ-ਪੀਰਾਂ ਦੀ ਬਾਣੀ ਵੀ ਸ਼ਾਮਲ ਕੀਤੀ।

ਪਰ ਜਿਵੇਂ ਕਿ ਰੋਮ ਦੀ ਹਕੂਮਤ ਦੇ ਮੁੱਢਲੇ ਦੌਰ ਵਿਚ ਈਸਾਈਆਂ ਨਾਲ ਹੋਇਆ ਸੀ, ਵੇਲੇ ਦੇ ਹਾਕਮਾਂ ਨੇ ਗੁਰੂਆਂ ਤੇ ਉਨ੍ਹਾਂ ਦੇ ਸਿਖਾਂ ਦੇ ਮਨੋਰਥਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣਾ ਤੇ ਉਨ੍ਹਾਂ ਨੂੰ ਦਬਾਉਣਾ ਸ਼ੁਰੂ ਕੀਤਾ। ਅਕਬਰ ਦੀ ਹਕੂਮਤ ਤੋਂ ਛੁਟ, ਬਾਕੀ ਸਾਰੇ ਮੁਗ਼ਲ ਬਾਦਸ਼ਾਹਾਂ ਨੇ ਗੁਰੂ ਨਾਨਕ ਦੇ ਧਰਮ ਨੂੰ ਮੰਨਣ ਵਾਲਿਆਂ ਨਾਲ ਜ਼ਾਲਮਾਨਾ ਵਿਹਾਰ ਕੀਤਾ। ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਨੂੰ ਸ਼ਹੀਦ ਕੀਤਾ ਤੇ ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ। ਪਰ ਇਸ ਦੇ ਬਾਵਜੂਦ ਸਿਖ ਲਹਿਰ ਆਪਣੇ ਨਿਸ਼ਾਨੇ ਵਲ ਵਧਦੀ ਰਹੀ ਤੇ ਮੁਗ਼ਲ ਅਤਿਆਚਾਰਾਂ ਦੇ ਹਰ ਦੌਰ ਦਾ ਗੁਰੂ ਸਾਹਿਬਾਨਾਂ ਦੀ ਅਗਵਾਈ ਵਿਚ ਦ੍ਰਿੜ੍ਹਤਾ ਨਾਲ ਟਾਕਰਾ ਕੀਤਾ। ਇਸ ਮਨੁੱਖਤਾ ਪੱਖੀ ਇਨਕਲਾਬੀ ਅੰਦੋਲਨ ਨੇ ਸਹਿਜੇ-ਸਹਿਜੇ ਫ਼ੌਜੀ ਰੂਪ ਧਾਰ ਲਿਆ ਤੇ ਮੁਗ਼ਲਾਂ ਦੀ ਅਸਹਿਣਸ਼ੀਲਤਾ ਤੇ ਕੱਟੜਤਾ ਦਾ ਮੁਕਾਬਲਾ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ "ਖ਼ਾਲਸਾ ਪੰਥ" ਹੋਂਦ ਵਿਚ ਆਇਆ। ਇਸ ਪੰਥ ਦੀ ਸਿਰਜਣਾ ਦਬੇ ਕੁਚਲੇ ਲੋਕਾਂ ਤੇ ਕਿਰਤੀਆਂ, ਕਿਸਾਨਾਂ ਵਿਚੋਂ ਹੋਈ। ਇਸ ਮਨੁੱਖਤਾ ਪੱਖੀ ਧਰਮ ਯੁਧ ਦਾ ਗੁਰੂ ਗੋਬਿੰਦ ਸਿੰਘ ਜੀ ਨੂੰ ਭਾਵੇਂ ਬੜਾ ਮਹਿੰਗਾ ਮੁੱਲ ਤਾਰਨਾ ਪਿਆ-ਉਨ੍ਹਾਂ ਦੇ ਚਾਰ ਸਾਹਿਬਜ਼ਾਦੇ ਸ਼ਹੀਦ ਹੋ ਗਏ ਤੇ ਅਖ਼ੀਰ ਵਿਚ ਉਹ ਆਪ ਵੀ ਦੋ ਮੁਗਲ ਪਠਾਨਾਂ ਦੇ ਹਥੋਂ ਸ਼ਹੀਦ ਹੋਏ, ਪਰ ਉਨ੍ਹਾਂ ਦੇ ਲਗਾਤਾਰ ਹਥਿਆਰਬੰਦ ਯੁਧ ਨੇ ਮੁਗ਼ਲ ਸਾਮਰਾਜ ਨੂੰ ਬੜੀ ਛੇਤੀ ਉਸ ਦੀ ਤਬਾਹੀ ਤਕ ਪਹੁੰਚਾਇਆ।

ਫੇਰ ਗੁਰੂ ਗੋਬਿੰਦ ਸਿੰਘ ਦੇ ਦੇ ਥਾਪੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲ ਸਾਮਰਾਜ ਦੇ ਵਿਰੁਧ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ, ਵਜੀਦ ਖਾਨ ਨੂੰ ਹਰਾ ਕੇ ਸਰਹੰਦ 'ਤੇ ਕਬਜ਼ਾ ਕਰਕੇ ਤੇ ਖਾਲਸਾ ਰਾਜ ਦੀ ਸਿਰਜਣਾ ਕਰਕੇ ਛੇ ਸਾਲ ਰਾਜ ਕੀਤਾ ਤੇ ਕਿਰਤੀਆਂ ਤੇ ਦਬੇ ਕੁਚਲੇ ਲੋਕਾਂ ਨੂੰ ਆਪਣੀ ਹੋਣੀ ਦੇ ਮਾਲਕ ਬਣਾਇਆ ਤੇ ਬਰਾਬਰੀ ਦਾ ਸਮਾਜ ਸਿਰਜਿਆ। ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਸੇ ਲਈ ਫਰਾਂਸ ਤੋਂ ਪਹਿਲਾਂ ਆਇਆ ਇਨਕਲਾਬ ਸਮਝਿਆ ਜਾਂਦਾ ਹੈ, ਜੋ ਮਨੁੱਖਤਾ ਤੇ ਕਿਰਤੀਆਂ ਦੇ ਹਿਤ ਵਿਚ ਸੀ। ਭਾਵੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਦੁਸ਼ਮਣ ਨੂੰ ਕੁਝ ਇਕ ਹਾਰਾਂ ਦਿੱਤੀਆਂ, ਪਰ ਅਖੀਰ ਵਿਚ ਉਹ ਗ੍ਰਿਫ਼ਤਾਰ ਕੀਤਾ ਗਿਆ ਤੇ ਹੋਰ ਬਹੁਤ ਸਾਰੇ ਸਿਖਾਂ ਨਾਲ ਉਸ ਨੂੰ ਦਿੱਲੀ ਲਿਜਾਇਆ ਗਿਆ। ਉਥੇ ਉਸ ਨੂੰ ਤੇ ਉਸ ਦੇ ਪੁੱਤਰ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਪੰਜਾਬ ਵਿਚ ਮੁਗਲ ਹਾਕਮ ਵਲੋਂ ਸਿਖ-ਵਿਰੋਧੀ ਕਾਰਵਾਈਆਂ ਵਿਚ ਵੀ ਅਜਿਹੇ ਜ਼ੁਲਮ ਕੀਤੇ ਗਏ ਸਨ। ਮੀਰ ਮਨੂੰ ਦੇ ਜ਼ੁਲਮ ਇਸ ਗਲ ਦੇ ਗਵਾਹ ਹਨ।



**ਗੁਰੂ ਗੋਬਿੰਦ ਸਿੰਘ ਦੇ ਦੇ ਥਾਪੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲ ਸਾਮਰਾਜ ਦੇ ਵਿਰੁਧ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ, ਵਜੀਦ ਖਾਨ ਨੂੰ ਹਰਾ ਕੇ ਸਰਹੰਦ 'ਤੇ ਕਬਜ਼ਾ ਕਰਕੇ ਤੇ ਖਾਲਸਾ ਰਾਜ ਦੀ ਸਿਰਜਣਾ ਕਰਕੇ ਛੇ ਸਾਲ ਰਾਜ ਕੀਤਾ ਤੇ ਕਿਰਤੀਆਂ ਤੇ ਦਬੇ ਕੁਚਲੇ ਲੋਕਾਂ ਨੂੰ ਆਪਣੀ ਹੋਣੀ ਦੇ ਮਾਲਕ ਬਣਾਇਆ ਤੇ ਬਰਾਬਰੀ ਦਾ ਸਮਾਜ ਸਿਰਜਿਆ। ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਸੇ ਲਈ ਫਰਾਂਸ ਤੋਂ ਪਹਿਲਾਂ ਆਇਆ ਇਨਕਲਾਬ ਸਮਝਿਆ ਜਾਂਦਾ ਹੈ, ਜੋ ਮਨੁੱਖਤਾ ਤੇ ਕਿਰਤੀਆਂ ਦੇ ਹਿਤ ਵਿਚ ਸੀ। ਭਾਵੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਦੁਸ਼ਮਣ ਨੂੰ ਕੁਝ ਇਕ ਹਾਰਾਂ ਦਿੱਤੀਆਂ, ਪਰ ਅਖੀਰ ਵਿਚ ਉਹ ਗ੍ਰਿਫ਼ਤਾਰ ਕੀਤਾ ਗਿਆ ਤੇ ਹੋਰ ਬਹੁਤ ਸਾਰੇ ਸਿਖਾਂ ਨਾਲ ਉਸ ਨੂੰ ਦਿੱਲੀ ਲਿਜਾਇਆ ਗਿਆ। ਉਥੇ ਉਸ ਨੂੰ ਤੇ ਉਸ ਦੇ ਪੁੱਤਰ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।**

ਪੰਜਾਬ ਤੇ ਭਾਰਤ ਵਿਚ ਮੁਗ਼ਲਾਂ ਦੀ ਹਕੂਮਤ ਦਾ ਅੰਤ ਨੇੜੇ ਆਉਣਾ ਸ਼ੁਰੂ ਹੋ ਗਿਆ। ਸੰਨ 1736 ਵਿਚ ਈਰਾਨ ਦਾ ਨਾਦਰਸ਼ਾਹ ਪੰਜਾਬ ਰਾਹੀਂ ਦਿੱਲੀ ਗਿਆ, ਜਿਸ ਨੂੰ ਉਸ ਨੇ ਜੀਅ ਭਰ ਕੇ ਲੁੱਟਿਆ। ਜਦੋਂ ਨਾਦਰਸ਼ਾਹ ਲੁੱਟ ਦਾ ਮਾਲ ਲੈ ਕੇ ਅਤੇ ਹਜ਼ਾਰਾਂ ਬੰਦਿਆਂ ਤੇ ਇਸਤਰੀਆਂ ਵਾਪਸ ਆਪਣੇ ਵਤਨ ਪਰਤਨ ਲੱਗਾ ਤਾਂ ਸਿਖ ਮਿਸਲਦਾਰਾਂ ਨੇ ਉਸ 'ਤੇ ਗੁਰੀਲਾ ਹਮਲਾ ਕਰਕੇ ਉਸ ਦਾ ਮਾਲ ਵੀ ਲੁਟ ਲਿਆ ਤੇ ਉਸ ਦੇ ਹਿਰਾਸਤ ਵਿੱਚੋਂ ਬੰਦੀ ਵੀ ਛੁਡੇ ਲਏ ਤੇ ਇਸਤਰੀਆਂ ਧੀਆਂ-ਭੈਣਾਂ ਸਮਝਦੇ ਹੋਏ ਘਰੋਂ ਘਰੀਂ ਪਹੁੰਚਾਇਆ। ਜਦ ਸੰਨ 1747 ਵਿਚ ਅਹਿਮਦਸ਼ਾਹ ਅਬਦਾਲੀ ਨੇ ਅਫਗਾਨਿਸਤਾਨ ਤੋਂ, ਆਪਣੇ 9 ਹਮਲਿਆਂ ਵਿਚੋਂ ਪਹਿਲਾ ਹਮਲਾ ਕੀਤਾ ਤਾਂ ਉਦੋਂ ਵੀ ਸਿਖਾਂ ਨੇ ਇਹੋ ਬਹਾਦਰੀ ਦੁਹਰਾਈ।

ਅਬਦਾਲੀ ਦੀ ਚੜ੍ਹਤ ਅੱਗੇ ਤਾਂ ਸਿੱਖ ਜਥੇ ਪਿਛੇ ਹਟਦੇ ਗਏ, ਪਰ ਵਾਪਸੀ ਵੇਲੇ ਉਨ੍ਹਾਂ ਨੇ ਉਸ ਨੂੰ ਬੜਾ ਤੰਗ ਕੀਤਾ ਅਤੇ ਉਸ 'ਤੇ ਹਮਲੇ ਕਰਦਿਆਂ ਅਫ਼ਗਾਨੀ ਧਾੜਵੀਆਂ ਦਾ ਮੋੜਵਾਂ ਉਤਰ ਦਿੱਤਾ ਤੇ ਉਨ੍ਹਾਂ ਨੂੰ ਲੁੱਟਿਆ ਤੇ ਕੁੱਟਿਆ। ਇਸ ਨਾਲ ਸਿਖ ਕੌਮ ਦੇ ਹੌਂਸਲੇ ਬੁਲੰਦ ਹੋਏ। ਅਹਿਮਦਸ਼ਾਹ ਅਬਦਾਲੀ ਦੇ ਇਨ੍ਹਾਂ ਹਮਲਿਆਂ ਨੇ ਪੰਜਾਬ ਭਰ ਵਿਚ ਮੁਗ਼ਲ ਹਕੂਮਤ ਨੂੰ ਕਮਜ਼ੋਰ ਕੀਤਾ ਤੇ ਸਿਖ ਰਾਜ ਲਈ ਜ਼ਮੀਨ ਤਿਆਰ ਕੀਤੀ। 'ਸੂਰਜ ਦੀ ਅੱਖ' ਨਾਵਲ ਵਿਚ ਬਲਦੇਵ ਸਿੰਘ ਸੜਕਨਾਮੇ ਨੇ ਅਠਾਰਵੀਂ ਸਦੀ ਦੇ ਸਿਖਾਂ ਦੀ ਤੁਲਨਾ ਲੁਟੇਰਿਆਂ ਨਾਲ ਕੀਤੀ ਹੈ, ਜਦ ਕਿ ਉਸ ਸਮੇਂ ਦਾ ਖੁਫੀਆ ਅਫ਼ਸਰ ਕਾਜ਼ੀ ਨੂਰ ਮੁਹੰਮਦ ਜੋ ਅਬਦਾਲੀ ਦੇ ਨਾਲ ਆਇਆ ਸੀ, ਬੇਸ਼ੱਕ ਉਹ ਵੀ ਸਿਖਾਂ ਦਾ ਦੁਸ਼ਮਣ ਸੀ ਪਰ ਜਦੋਂ ਉਸ ਨੇ ਸਿੰਘਾਂ ਨੂੰ ਮੈਦਾਨੇ ਜੰਗ ਵਿਚ ਜੂਝਦਿਆਂ ਦੇਖਿਆ ਤਾਂ ਉਹ ਸਿੰਘਾਂ ਦੀ ਸਿਫਤ ਕੀਤੇ ਬਿਨਾਂ ਨਾ ਰਹਿ ਸਕਿਆ। ਪੰਜਾਬ ਦੇ ਇਤਿਹਾਸ ਵਿਚ "ਜੰਗਨਾਮੇ" ਵਿਚ ਕਾਜ਼ੀ ਨੂਰ ਮੁਹੰਮਦ ਦੇ ਦੋ ਬਿਆਨ 41- ਤੇ 42 ਬਹੁਤ ਮਹੱਤਵਪੂਰਨ ਹਨ, ਕਿਉਂਕਿ ਇਹਨਾਂ ਵਿਚ ਜੋ ਵੀ ਕੁਝ ਕਾਜ਼ੀ ਨੂਰ ਮੁਹੰਮਦ ਨੇ ਲਿਖਿਆ ਹੈ ਇਹ ਸਭ ਕੁਝ ਉਸ ਨੇ ਆਪਣੀਆਂ ਅੱਖਾਂ ਨਾਲ ਦੇਖਿਆ ਸੀ। ਸਿੰਘਾਂ ਦੀ ਬਹਾਦਰੀ ਤੇ ਮਰਦਾਨਗੀ ਸੰਬੰਧੀ ਕਾਜ਼ੀ ਨੂਰ ਮੁਹੰਮਦ 41 ਅਧਿਆਇ ਵਿਚ ਇਸ ਤਰ੍ਹਾਂ ਲਿਖਦਾ ਹੈ-

✪ ਇਹਨਾਂ ਸਿੰਘਾਂ ਨੂੰ 'ਸਗ' ਨਾ ਕਹੋ, ਕਿਉਂਕਿ ਇਹ ਤੇ ਸ਼ੇਰ ਹਨ ਮਰਦਾਨਗੀ ਦੇ ਮੈਦਾਨ ਵਿਚ ਸ਼ੇਰਾਂ ਵਾਂਗ ਦਲੇਰ ਹਨ। ਰਣ ਦਾ ਉਹ ਸੂਰਮਾ ਜੋ ਲੜਾਈ ਵਿਚ ਸ਼ੇਰ ਵਾਂਗੂ ਬੁੱਕੇ ਓਹ ਸਗ ਕਿਵੇਂ ਹੋ ਸਕਦਾ ਹੈ। ਜੇ ਤੈਨੂੰ ਲੜਾਈ ਦਾ ਕਸਬ ਸਿੱਖਣ ਦੀ ਇੱਛਾ ਹੈ ਤਾਂ ਆ ਅਤੇ ਰਣਭੂਮੀ ਵਿਚ ਇਨ੍ਹਾਂ ਦੇ ਸਾਹਮਣੇ ਹੋ। ਉਹ ਤੈਨੂੰ ਜੰਗ ਦੇ ਅਜਿਹੇ ਢੰਗ ਵਿਖਾਉਣਗੇ ਕਿ ਸਾਰੇ ਵਾਹ - ਵਾਹ ਆਖਣਗੇ। ਜੇ ਤੂੰ ਲੜਾਈ ਦਾ ਹੁਨਰ ਸਿਖਣਾ ਚਾਹੁੰਦਾ ਹੈਂ ਤਾਂ ਇਨ੍ਹਾਂ ਕੋਲੋਂ ਸਿਖ ਕਿ ਕਿਵੇਂ ਮਰਦਾਂ ਵਾਂਗ ਵੈਰੀ ਦੇ ਸਾਹਮਣੇ ਹੋਣਾ ਚਾਹੀਦਾ ਹੈ ਤੇ ਲੜਾਈ ਵਿਚੋਂ ਕਿਵੇਂ ਆਪਣੇ ਆਪ ਨੂੰ ਸਾਫ ਬਚਾ ਕੇ ਲਿਜਾਣਾ ਚਾਹੀਦਾ ਹੈ ? ਸਿੰਘ ਇਨ੍ਹਾਂ ਦਾ ਲਕਬ ਹੈ ਇਹ ਜਾਣ ਲੈਣਾ ਚਾਹੀਦਾ ਹੈ। ਇਹ ਨਿਆਉਂ ਦੀ ਗੱਲ ਨਹੀਂ ਕਿ ਇਸ ਸ਼ਬਦ ਸਿੰਘ ਨੂੰ ਸਗ ਪੜ੍ਹਿਆ ਜਾਏ। ਸਿੰਘ ਦੇ ਅਰਥ ਸ਼ੇਰ ਹਨ ਲੜਾਈ ਵਿਚ ਇਹ ਸੱਚਮੁੱਚ ਹੀ ਸ਼ੇਰ ਹਨ ਤੇ ਮੌਜ ਮੇਲੇ ਸਮੇਂ ਹਾਤਮ ਤੋਂ ਵਧ ਹਨ।

✪ ਜਦ ਇਹ ਸਿੰਘ ਹੱਥ ਵਿਚ ਤਲਵਾਰ ਫੜ ਲੈਂਦੇ ਹਨ ਤਾਂ ਹਿੰਦ ਤੋਂ ਲੈ ਕੇ ਸਿੰਧ ਦੇਸ ਤਕ ਮਾਰ ਕਰਦੇ ਚਲੇ ਜਾਂਦੇ ਹਨ ਤੇ ਕੋਈ ਵੀ ਆਦਮੀ ਇਹਨਾਂ ਦੇ ਸਾਹਮਣੇ ਅੜ ਨਹੀਂ ਸਕਦਾ ਭਾਵੇਂ ਉਹ ਕਿੱਡਾ ਵੀ ਜ਼ੋਰ ਵਾਲਾ ਕਿਉਂ ਨਾ ਹੋਵੇ।



✪ ਜਦ ਇਹ ( ਸਿੰਘ ) ਹੱਥ ਵਿਚ ਨੇਜ਼ਾ ਫੜ ਲੈਂਦੇ ਹਨ ਤਾਂ ਵੈਰੀ ਦੀ ਫੌਜ ਵਿਚ ਭਾਜੜ ਪਾ ਦਿੰਦੇ ਹਨ ਜਦ ਇਹ ਆਪਣੇ ਨੇਜ਼ੇ ਦੀ ਅਣੀ ਆਸਮਾਨ ਵਲ ਚੁੱਕਦੇ ਹਨ ਤਾਂ ਜੇ ਕਾਫ ਪਹਾੜ ਨੂੰ ਭੀ ਹੋਵੇ ਚੀਰ ਦਿੰਦੇ ਹਨ। ਜਦ ਇਹ ਕਮਾਨ ਦਾ ਚਿੱਲਾ ਚੜ੍ਹਾਉਂਦੇ ਹਨ ਤਾਂ ਵੈਰੀ ਦੀ ਜਾਣ ਕੱਢ ਲੈਣ ਵਾਲਾ ਤੀਰ ਉਸ ਵਿਚ ਰੱਖਦੇ ਹਨ ਤੇ ਉਨ੍ਹਾਂ ਦੀ ਕਮਾਨ ਦਾ ਚਿੱਲਾ ਜਦ ( ਖਿੱਚਿਆ ਹੋਇਆ ) ਕੰਨ ਤਕ ਪੁੱਜਦਾ ਹੈ ਤਾਂ ਵੈਰੀ ਦੇ ਸਰੀਰ ਨੂੰ ਕਾਂਬਾ ਛਿੜ ਪੈਂਦਾ ਹੈ। ਇਹ ਹਥਿਆਰ ਛੱਡ ਕੇ ਲੜਾਈ ਸਮੇਂ ਜਦ ਬੰਦੂਕ ਹੱਥ ਵਿਚ ਫੜ ਲੈਂਦੇ ਹਨ ਤਾਂ ..... ਸ਼ੇਰਾਂ ਵਾਂਗੂ ਬੁੱਕਦੇ ...ਨਾਹਰੇ ਮਾਰਦੇ ... ਛਾਲਾਂ ਮਾਰਦੇ ਮੈਦਾਨ ਵਿਚ ਆਉਂਦੇ ਹਨ ਤੇ ਕਈਆਂ ਦੀਆਂ ਛਾਤੀਆਂ ਚੀਰ ਦਿੰਦੇ ਹਨ ਤੇ ਅਨੇਕਾਂ ਦਾ ਖ਼ੂਨ ਮਿੱਟੀ ਵਿਚ ਮਿਲਾ ਦਿੰਦੇ ਹਨ। ਇਉਂ ਕਹੁ ਕਿ ਇਹ ਬੰਦੂਕ ਪੁਰਾਣੇ ਸਮੇਂ ਵਿਚ ਇਹਨਾਂ ਸਿੰਘਾਂ ਦੀ ਹੀ ਕਾਢ ਹੈ, ਹਕੀਮ ਲੁਕਮਾਨ ਦੀ ਨਹੀਂ.. ਬੰਦੂਕਚੀ ਤਾਂ ਭਾਵੇਂ ਹੋਰ ਵੀ ਬਥੇਰੇ ਹਨ ਪਰ ਬੰਦੂਕ ਦੇ (ਵਰਤੋਂ ਦੇ) ਹੁਨਰ ਨੂੰ ਸਿੰਘਾਂ ਨਾਲੋਂ ਵਧ ਹੋਰ ਕੋਈ ਨਹੀਂ ਜਾਣਦਾ ਇਹ ਅੱਗੇ.. ਪਿੱਛੇ..ਸੱਜੇ ..ਖੱਬੇ ਸੈਂਕੜੇ ਹੀ ਗੋਲੀਆਂ ਲਗਾਤਾਰ ਦਾਗੀ ਜਾਂਦੇ ਹਨ। ਜੇ ਮੇਰੇ ਕਹੇ ਤੇ ਯਕੀਨ ਨਹੀਂ ਤੇ ਤੇਗਾਂ ਵਾਹੁਣ ਵਾਲੇ ਸੂਰਮਿਆਂ ਕੋਲੋਂ ਪੁੱਛ ਤੇ ਇਹ ਵੀ ਸਿੰਘਾਂ ਦੀ ਲੜਾਈ ਨੂੰ ਇਸ ਤੋਂ ਵੀ ਵੱਧ ਦੱਸਣਗੇ ਤੇ ਸਿੰਘਾਂ ਦੀ ਲੜਾਈ ਨੂੰ ਆਫਰੀਨ (ਸ਼ਾਬਾਸ਼) ਕਹਿਣਗੇ। ਮੇਰੀ ਇਸ ਗੱਲ ਦੇ ਗਵਾਹ ਉਹ ਤੀਹ ਹਜ਼ਾਰ ਸੂਰਮੇ ਹਨ ਜੋ ਇਹਨਾਂ ਸਿੰਘਾਂ ਨਾਲ ਲੜਾਈ ਦੇ ਮੈਦਾਨ ਵਿਚ ਲੜੇ ਹਨ।

✪ ਜੇ ਕਿਤੇ ਸਿੰਘਾਂ ਦੀ ਫੌਜ ਵਿਚ ਭਾਜੜ ਪੈ ਜਾਵੇ ਤਾਂ ਇਸ ਨੂੰ ਭਾਜੜ ਨਾ ਸਮਝੀਂ, ਕਿਉਂਕਿ ਇਹ ਵੀ ਸਿੰਘਾਂ ਦੀ ਲੜਾਈ ਦਾ ਇਕ ਦਾਉ ਹੈ। ਇਹਨਾਂ ਸਿੰਘਾਂ ਦੇ ਇਸ ( ਜਾਲ) ਤੋਂ ਬਚੋ ਦੁਬਾਰਾ ਬਚੋ। ਇਹਨਾਂ ਦਾ ਇਹ ਦਾਉ ਇਸ ਲਈ ਹੈ ਕਿ ਵੈਰੀ ਗਾਲਬ ਹੋ ਕੇ ਗੁੱਸੇ ਵਿਚ ਆ ਕੇ ਇਹਨਾਂ ਦੇ ਪਿੱਛੇ ਦੌੜਦਾ ਹੈ ਤੇ ਆਪਣੇ ਲਸ਼ਕਰ ਦੀ ਸਹਾਇਤਾ ਤੋਂ ਦੂਰ ਨਿਕਲ ਜਾਂਦਾ ਹੈ ਤਾਂ ਇਹ ਸਿੰਘ ਪਿੱਛੇ ਨੂੰ ਮੂੰਹ ਕਰਕੇ ਮੁੜ ਪੈਂਦੇ ਹਨ ਜੇ ਪਾਣੀ ਵੀ ਹੋਵੇ ਤਾਂ ਭੀ ਅੱਗ ਲਾ ਦਿੰਦੇ ਹਨ।

✪ ਅੱਗੇ ਕਾਜ਼ੀ ਨੂਰ ਮੁਹੰਮਦ ਸਿੰਘਾਂ ਦੇ ਹੋਰ ਗੁਣਾਂ ਬਾਰੇ ਜ਼ਿਕਰ ਇਸ ਤਰ੍ਹਾਂ ਕਰਦਾ ਹੈ ਇਹ ਨਾਮਰਦ ਨੂੰ (ਜੋ ਲੜਾਈ ਦੇ ਮੈਦਾਨ ਵਿਚ ਹਥਿਆਰ ਰੱਖ ਦੇਵੇ) ਉਸ ਨੂੰ ਕਦੀ ਵੀ ਨਹੀਂ ਮਾਰਦੇ ਤੇ ਨਾ ਹੀ ਭੱਜ ਨਿਕਲੇ ਦਾ ਪਿੱਛਾ ਕਰਕੇ ਉਸ ਨੂੰ ਰੋਕਣ ਜਾਂਦੇ ਹਨ। ਲੁੱਟ ਵਿਚ ਇਹ ਕਿਸੇ ਜਨਾਨੀ ਦਾ ਧਨ ਤੇ ਗਹਿਣੇ ਨਹੀਂ ਲੈਂਦੇ ਤੇ ਇਹਨਾਂ ਸਿੰਘਾਂ ਵਿਚ ਵਿਭਚਾਰ ਬਿਲਕੁਲ ਨਹੀਂ ਹੈ ਤੇ ਨਾ ਹੀ ਇਹਨਾਂ ਭੈੜੀਆਂ ਰਗਾਂ ਵਾਲਿਆਂ ਵਿਚ ਚੋਰੀ ਹੈ ? ਜਨਾਨੀ ਨੂੰ ਭਾਵੇਂ ਉਹ ਜਵਾਨ ਹੈ ਭਾਵੇਂ ਬੁੱਢੀ... ਕਹਿੰਦੇ ਹਨ ਕਿ ਪਾਸੇ ਹੱਟ ਜਾ (ਸਿੰਘ ਲੜਾਈ ਵਿਚ ਕਿਸੇ ਜਨਾਨੀ ..ਬੱਚੇ ..ਤੇ ਬਜੁਰਗ ਤੇ ਹੱਥ ਨਹੀਂ ਚੁੱਕਦੇ) ਇਹਨਾਂ ਵਿਚ ਨਾਂ ਚੋਰੀ ਹੈ ਨਾ ਹੀ ਇਹਨਾਂ ਵਿਚੋਂ ਕੋਈ ਸੰਨਾਂ ਮਾਰਨ ਵਾਲਾ ਹੈ ਤੇ ਇਹ ਸਿੰਘ ਚੋਰੀ ਕਰਨ ਵਾਲੇ ਜਾਂ ਸੰਨਾਂ ਮਾਰਨ ਵਾਲਿਆਂ ਨਾਲ ਮਿੱਤਰਤਾ ਨਹੀਂ ਰੱਖਦੇ।

✪ ਹੇ ਨਾਮਵਰ ਜੇ ਤੈਨੂੰ ਇਹਨਾਂ ਦੇ ਧਰਮ ਬਾਰੇ ਨਹੀਂ ਪਤਾ ਤੇ ਮੈਂ ਦੱਸਦਾ ਹਾਂ ਕਿ ਇਹ ਸਿਖ ਗੁਰੂ ਦੇ ਚੇਲੇ ਹਨ ਜੋ ਉਹ ਨੇਕ - ਬਖਤ ਬਜ਼ੁਰਗ (ਚੱਕ ਗੁਰੂ - ਚੱਕ ਅੰਮ੍ਰਿਤਸਰ) ਵਿਚ ਹੋਇਆ ਹੈ। ਇਹ ਹਿੰਦੀਆਂ ਵਿਚੋਂ ਨਹੀਂ ਹਨ ਇਹਨਾਂ ਭੈੜਿਆਂ ਦਾ ਰਾਹ ਤੇ ਵੱਖਰਾ ਹੀ ਹੈ, ਕਿਉਂਕਿ ਇਹ ਸਿੰਘ ਹਨੇਰ ਦੇ ਦਲੇਰ ਹਨ। ਉਸ ਤੋਂ ਪਿੱਛੋਂ ਉਸ ਦਾ ਖਲੀਫਾ (ਗੱਦੀ - ਨਸ਼ੀਨ) ਗੁਰੂ ਗੋਬਿੰਦ ਸਿੰਘ ਜੀ ਹੋਏ ਹਨ ਜਿਸ ਤੋਂ ਇਹਨਾਂ ਨੂੰ "ਸਿੰਘ" ਦੀ ਪਦਵੀ ਮਿਲੀ ਹੈ। ਉਸ ਸਮੇਂ ਦੌਰਾਨ ਬਾਰਾਂ ਮਿਸਲਾਂ ਫੂਲਕੀਆ, ਆਹਲੂਵਾਲੀਆ, ਭੰਗੀ, ਕਨ੍ਹਈਆ, ਰਾਮਗੜ੍ਹੀਆ, ਸਿੰਘਪੁਰੀਆ, ਕਰੋੜਸਿੰਘੀਆ, ਨਿਸ਼ਾਨੀਆਂ, ਸ਼ੁਕਰਚੱਕੀਆ, ਦੁਲੇਵਾਲਾ,

ਨਕਈ, ਸ਼ਹੀਦ ਹੋਂਦ ਵਿਚ ਆਈਆਂ। ਇਹ ਮਿਸਲਾਂ ਇਕ ਦੂਜੀ ਨਾਲੋਂ ਬਿਲਕੁਲ ਅੱਡਰੀਆਂ ਹੋ ਕੇ ਰਹਿੰਦੀਆਂ ਸਨ ਤੇ ਇਕ ਦੂਜੇ ਦੇ ਇਲਾਕਿਆਂ 'ਤੇ ਕਬਜ਼ਾ ਕਰਨ ਲਈ ਯੁਧ ਕਰਦੀਆਂ ਰਹਿੰਦੀਆਂ ਸਨ, ਪਰ ਜਦੋਂ ਪੰਥ ਦੇ ਦੁਸ਼ਮਣਾਂ ਮੁਗਲਾਂ ਜਾਂ ਨਾਦਰਸ਼ਾਹ ਤੇ ਅਬਦਾਲੀ ਨਾਲ ਟੱਕਰ ਹੁੰਦੀ ਸੀ ਤਾਂ ਇਕਮਿਕ ਹੋ ਕੇ ਸਾਂਝੀ ਰਣਨੀਤੀ ਨਾਲ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਇਕੱਤਰ ਹੋ ਕੇ ਤੇ ਸਰਬਤ ਖਾਲਸਾ ਰਾਹੀਂ ਗੁਰਮਤੇ ਕਰਕੇ ਉਨ੍ਹਾਂ ਖਿਲਾਫ਼ ਯੁਧ ਲੜਦੇ ਸਨ। 18ਵੀਂ ਸਦੀ ਦੌਰਾਨ ਸਿਖ ਮਿਸਲਦਾਰਾਂ ਨੇ ਬਾਬਾ ਬਘੇਲ ਸਿੰਘ, ਚੜਤ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੀ ਅਗਵਾਈ ਵਿਚ ਪੰਜਾਬ ਤੇ 11 ਮਾਰਚ 1783 ਦੌਰਾਨ ਦਿੱਲੀ ਉਪਰ ਕਬਜ਼ਾ ਕਰਕੇ ਖਾਲਸਾ ਰਾਜ ਸਥਾਪਤ ਕਰ ਲਿਆ ਸੀ।

ਜਦੋਂ ਮਿਸਲਾਂ ਕਮਜ਼ੋਰ ਹੋਣੀਆਂ ਸ਼ੁਰੂ ਹੋਈਆਂ ਤਾਂ ਸਰਦਾਰ ਰਣਜੀਤ ਸਿੰਘ ਸ਼ੁਕਰਚੱਕੀਆ ਆਪਣੇ ਗੁਣਾਂ ਤੇ ਸੂਰਬੀਰਤਾ ਕਰਕੇ ਸਿਖ ਪੰਥ ਦਾ ਆਗੂ ਬਣ ਨਿਕਲਿਆ। ਇਸ ਸਮੇਂ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਮਹਾਰਾਣੀ ਸਦਾ ਕੌਰ ਤੇ ਬਾਬਾ ਸਾਹਿਬ ਸਿੰਘ ਬੇਦੀ ਦੇ ਸਹਿਯੋਗ ਨਾਲ ਆਪਣੀ ਫ਼ੌਜੀ ਤਾਕਤ ਮਜ਼ਬੂਤ ਕੀਤੀ ਤੇ 1799 ਈਸਵੀ ਦੌਰਾਨ ਸ਼ਾਹ ਜ਼ਮਾਨ ਤੇ ਜਾਰਜ ਟਾਮਸਨ ਵਰਗੇ ਹਮਲਾਵਰਾਂ ਨਾਲ ਟੱਕਰ ਲਈ। ਮਹਾਰਾਜਾ ਰਣਜੀਤ ਸਿੰਘ ਨੇ ਸਮੁੱਚੀਆਂ ਮਿਸਲਾਂ ਨੂੰ ਇਕ ਲੜੀ ਵਿਚ ਪਰੋ ਕੇ 1801 ਈਸਵੀ ਦੌਰਾਨ ਖਾਲਸਾ ਰਾਜ ਦੀ ਸਿਰਜਣਾ ਕੀਤੀ, ਜਿਸ ਵਿਚ ਬਾਬਾ ਸਾਹਿਬ ਸਿੰਘ ਬੇਦੀ ਦਾ ਵੀ ਅਹਿਮ ਰੋਲ ਸੀ, ਜੋ ਕਿ ਗੁਰੂ ਨਾਨਕ ਦੇ ਅੰਸ਼ ਵੰਸ਼ ਵਿਚੋਂ ਮੰਨੇ ਜਾਂਦੇ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਭ ਤੋਂ ਵੱਡੀ ਖੂਬੀ ਇਹ ਸੀ ਕਿ ਕਿਸੇ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਂਦੀ ਸੀ। ਮਿਸਲਾਂ ਦੇ ਸਰਦਾਰਾਂ ਨੂੰ ਹਰਾਉਣ ਤੋਂ ਬਾਅਦ ਬਖ਼ਸ਼ ਦਿੱਤਾ ਜਾਂਦਾ ਸੀ ਤੇ ਉਨ੍ਹਾਂ ਨੂੰ ਆਪਣੇ ਜੀਵਨ ਨਿਰਬਾਹ ਲਈ ਜ਼ਮੀਨ ਵੀ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਉਸ ਨੇ ਆਪਣੇ ਦੁਸ਼ਮਣਾਂ ਨੂੰ ਵੀ ਆਪਣੇ ਦੋਸਤ ਬਣਾਇਆ ਤੇ ਆਪਣੀ ਦਿਆਲੂ ਨੀਤੀ ਕਾਰਨ ਆਪਣੇ ਰਾਜ ਦਾ ਵਿਸਥਾਰ ਕੀਤਾ।

**ਸ਼ਹਿਰੀ ਰਾਜ ਪ੍ਰਬੰਧ** : ਮਹਾਰਾਜਾ ਰਣਜੀਤ ਸਿੰਘ ਨੇ ਏਨੀਆਂ ਜੰਗਾਂ ਲੜਨ ਦੇ ਬਾਵਜੂਦ ਵਧੀਆ ਸ਼ਹਿਰੀ ਰਾਜ ਪ੍ਰਬੰਧ ਦਿੱਤਾ। ਉਸ ਦਾ ਅਰਥ-ਵਿਭਾਗ ਕਾਇਮ ਸੀ, ਜੋ ਉਸ ਦੀਆਂ ਜੰਗਾਂ ਦੇ ਖਰਚੇ ਦਾ ਪ੍ਰਬੰਧ ਕਰਦਾ ਸੀ। ਉਸ ਨੇ ਆਪਣਾ ਵਿੱਤ ਵਿਭਾਗ ਕਈਆਂ ਮਹਿਕਮਿਆਂ ਵਿਚ ਵੰਡਿਆ ਹੋਇਆ ਸੀ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਅਨਪੜ੍ਹ ਹੋਣ ਦੇ ਬਾਵਜੂਦ ਫ਼ਾਰਸੀ ਵਿਚ ਲਿਖੇ ਹੋਏ ਪਰਵਾਨੇ ਨੂੰ ਪੂਰੀ ਤਰ੍ਹਾਂ ਸਮਝਦਾ ਸੀ। ਮਨਜ਼ੂਰ ਹੋ ਜਾਣ ਤੇ ਉਸ ਉਤੇ ਦੋ ਨਵੀਆਂ ਮੁਹਰਾਂ ਲਾਈਆਂ ਜਾਂਦੀਆਂ, ਜਿਨ੍ਹਾਂ ਵਿਚੋਂ ਇਕ ਫ਼ਾਰਸੀ ਵਿਚ ਹੁੰਦੀ ਤੇ ਦੂਜੀ ਪੰਜਾਬੀ ਵਿਚ। ਸਾਰੀ ਹਕੂਮਤ ਮਹਾਰਾਜੇ ਦੇ ਹੱਥ ਵਿਚ ਕੇਂਦਰਿਤ ਸੀ, ਜਿਸ ਦੀ ਕਿ ਮੁੱਖ-ਮੰਤਰੀ, ਵਿਦੇਸ਼ ਮੰਤਰੀ, ਅਰਥ-ਮੰਤਰੀ ਤੇ ਹੋਰ ਕਈ ਵਿਭਾਗਾਂ ਦੇ ਅਧਿਕਾਰੀ ਮਦਦ ਕਰਿਆ ਕਰਦੇ। ਉਸ ਦਾ ਪਹਿਲਾ ਮੁਨੀਮ ਰਾਮਾਨੰਦ ਸੀ। ਸੰਨ 1808 ਵਿਚ ਭਵਾਨੀ ਦਾਸ ਦੇ ਆਉਣ ਤੋਂ ਬਾਅਦ ਸ਼ਾਹੀ ਖ਼ਜ਼ਾਨੇ ਦਾ ਵਧੀਆ ਪ੍ਰਬੰਧ ਕੀਤਾ ਗਿਆ। ਅਰਥ-ਵਿਭਾਗ ਨੂੰ ਕਈਆਂ ਦਫ਼ਤਰਾਂ ਵਿਚ ਵੰਡਿਆ ਗਿਆ। ਉਹ ਭ੍ਰਿਸ਼ਟਾਚਾਰੀ ਅਫਸਰਾਂ ਨੂੰ ਸਖ਼ਤ ਸਜ਼ਾਵਾਂ ਦਿੰਦਾ ਸੀ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਲੋੜ ਪੈਣ 'ਤੇ ਲੋਕਾਂ ਦੀ ਖੁੱਲ੍ਹਦਿਲੀ ਨਾਲ ਮਦਦ ਵੀ ਕਰਦਾ ਸੀ ਤੇ ਕਾਲ ਪੈਣ 'ਤੇ ਖਾਣ ਤੇ ਬੀਜਣ ਲਈ ਅਨਾਜ ਵੀ ਵੰਡਦਾ ਸੀ। ਜਿਹੜੀ ਫ਼ਸਲ ਫ਼ੌਜਾਂ ਦੇ ਆਉਣ-ਜਾਣ ਨਾਲ ਖ਼ਰਾਬ ਹੋ ਜਾਂਦੀ, ਉਸ ਦੀ ਕੀਮਤ ਸ਼ਾਹੀ ਖਜ਼ਾਨੇ ਵਿੱਚੋਂ ਦਿੱਤੀ ਜਾਂਦੀ ਸੀ।

**ਸਥਾਨਕ ਹਕੂਮਤ** : ਰਣਜੀਤ ਸਿੰਘ ਦਾ ਪੰਜਾਬ ਚਾਰ ਸੂਬਿਆਂ ਵਿਚ ਵੰਡਿਆ ਹੋਇਆ ਸੀ-ਲਾਹੌਰ, ਮੁਲਤਾਨ, ਕਸ਼ਮੀਰ ਤੇ ਪੇਸ਼ਾਵਰ। ਕੁਝ ਕੁ ਪਹਾੜੀ ਰਾਜੇ ਉਸ ਨੂੰ ਸਾਲਾਨਾ ਨਜ਼ਰਾਨਾ ਦਿੰਦੇ ਸਨ। ਸੂਬਾ ਪਰਗਣਿਆਂ ਵਿਚ, ਪਰਗਣਾ ਤਾਲੁਕਿਆਂ ਵਿਚ ਤੇ ਤਾਲੁਕਾ 50 ਤੋਂ 100 ਮੰਜਿਆਂ ਜਾਂ ਪਿੰਡਾਂ ਵਿਚ ਵੰਡਿਆ ਹੋਇਆ ਹੁੰਦਾ ਸੀ। ਇਹ ਵੰਡ ਮੁਗ਼ਲਾਂ ਦੀ ਹਕੂਮਤ ਦੇ ਆਧਾਰ 'ਤੇ ਕੀਤੀ ਗਈ ਸੀ। ਸੂਬੇ ਦਾ ਹਾਕਮ ਨਾਜ਼ਿਮ ਜਾਂ ਗਵਰਨਰ ਕਹਾਉਂਦਾ ਸੀ। ਉਹ ਜਾਣਦੇ ਸਨ ਕਿ "ਉਨ੍ਹਾਂ ਦਾ ਗੁਜ਼ਾਰਾ ਉਪਰਲੀ ਆਮਦਨ ਨਾਲ ਹੋਣਾ ਹੈ।"



**ਮਹਾਰਾਜਾ ਰਣਜੀਤ ਸਿੰਘ ਤਾਨਾਸ਼ਾਹ ਨਹੀਂ ਸੀ। ਭਾਵੇਂ ਉਸ ਦੇ ਹੱਥ ਵਿਚ ਅਪਾਰ ਤਾਕਤ ਸੀ, ਉਹ ਆਪਣੇ ਸੂਝਵਾਨ ਵਜ਼ੀਰਾਂ ਦੇ ਸੁਝਾਵਾਂ ਅਤੇ ਲੋਕ ਰਾਏ ਅਨੁਸਾਰ ਹਰ ਸੁਧਾਰ ਕਰਨ ਲਈ ਤਿਆਰ ਰਹਿੰਦਾ ਸੀ। ਵਹੀਦ-ਉਦ-ਦੀਨ ਨੇ ਆਪਣੀ ਕਿਤਾਬ ਵਿਚ, ਫਾਰਸੀ ਵਿਚ ਲਿਖੇ ਹੋਏ ਦੋ ਅਹਿਮ "ਫ਼ੁਰਮਾਨ" ਦਿੱਤੇ ਹਨ, ਜਿਨ੍ਹਾਂ ਤੇ ਸ਼ਾਹੀ ਮੋਹਰ ਲੱਗੀ ਹੋਈ ਹੈ। ਇਹ ਦੋਵੇਂ ਫ਼ੁਰਮਾਨ ਅੱਜਕਲ੍ਹ ਲਾਹੌਰ ਵਿੱਚ ਫ਼ਕੀਰ-ਪਰਿਵਾਰ ਦੀ ਮਲਕੀਅਤ ਹਨ। ਪਹਿਲਾ ਫ਼ੁਰਮਾਨ ਫ਼ਕੀਰ ਨੂਰ-ਉਦੀਨ ਦੇ ਨਾਂ ਹੈ।**

**ਨਿਆਂ ਪ੍ਰਣਾਲੀ** : ਪਿੰਡਾਂ ਵਿਚ ਹੋਣ ਵਾਲੇ ਝਗੜਿਆਂ ਦਾ ਫ਼ੈਸਲਾ ਪੰਚਾਇਤਾਂ ਕਰਦੀਆਂ ਸਨ। ਇਸ ਫ਼ੈਸਲੇ ਵਿਚ ਕਾਰਦਾਰ ਸੰਬੋਧਨ ਕਰ ਸਕਦੇ ਸਨ। ਜ਼ਮੀਨ, ਟੈਕਸ ਤੇ ਜਾਇਦਾਦ ਸੰਬੰਧੀ ਝਗੜੇ ਸਿਧੇ ਕਾਰਦਾਰਾਂ ਦੇ ਸਾਹਮਣੇ ਪੇਸ਼ ਹੁੰਦੇ। ਪਰ ਕੁਝ ਅਜਿਹੇ ਅਧਿਕਾਰੀ ਵੀ ਸਨ, ਜੋ ਖ਼ਾਸ ਤੌਰ 'ਤੇ ਨਿਆਂ ਕਰਨ ਲਈ ਨੀਯਤ ਕੀਤੇ ਗਏ ਸਨ। ਉਹ 'ਅਦਾਲਤੀ' ਕਹਾਉਂਦੇ ਸਨ। ਕੁਝ ਇਤਿਹਾਸਕਾਰ 'ਅਦਾਲਤੇ ਆਹਲਾ' ਦਾ ਜ਼ਿਕਰ ਕਰਦੇ ਹਨ, ਜੋ ਕਿ ਫ਼ੈਸਲਿਆਂ ਬਾਰੇ ਨਵੇਂ ਸਿਰਿਓਂ ਅਪੀਲ ਕਰਨ ਲਈ ਹਾਈ ਕੋਰਟ ਸੀ। ਵਜ਼ੀਰਾਂ ਨੂੰ ਆਪਣੇ ਮਹਿਕਮੇ ਨਾਲ ਸੰਬੰਧਿਤ ਝਗੜਿਆਂ ਦਾ ਫ਼ੈਸਲਾ ਕਰਨ ਦਾ ਹੱਕ ਹੁੰਦਾ ਸੀ। ਇਨ੍ਹਾਂ ਅਦਾਲਤਾਂ ਦੇ ਫ਼ੈਸਲਿਆਂ ਦੇ ਉਲਟ ਕੀਤੀ ਗਈ ਅਪੀਲ ਦਾ ਆਖ਼ਰੀ ਫ਼ੈਸਲਾ ਖੁਦ ਰਣਜੀਤ ਸਿੰਘ ਦੇ ਹੱਥ ਵਿਚ ਹੁੰਦਾ ਸੀ।

**ਸ਼ਾਸਕ ਦੇ ਰੂਪ ਵਿਚ ਮਹਾਰਾਜਾ ਰਣਜੀਤ ਸਿੰਘ** : ਮਹਾਰਾਜਾ ਰਣਜੀਤ ਸਿੰਘ ਪੰਜਾਬ ਨੂੰ ਇਕ ਹਕੂਮਤ ਥੱਲੇ ਲਿਆ ਕੇ ਬਹੁਤ ਵੱਡੇ ਇਲਾਕੇ ਉੱਤੇ ਰਾਜ ਕਰਨ ਵਿਚ ਸਫ਼ਲ ਹੋ ਸਕਿਆ, ਤਾਂ ਇਸ ਦਾ ਕਾਰਨ ਸੀ ਕਿ ਉਸ ਨੇ ਆਪਣੀਆਂ ਯੋਜਨਾਵਾਂ ਬਣਾਉਣ ਤੇ ਉਨ੍ਹਾਂ ਨੂੰ ਅਮਲੀ ਸ਼ਕਲ ਦੇਣ ਵਿਚ ਆਪਣੇ ਰਾਜਨੀਤਕ ਤੇ ਪ੍ਰਸ਼ਾਸਨੀ ਗੁਣਾਂ ਦੀ ਸਫ਼ਲਤਾ ਪੂਰਵਕ ਵਰਤੋਂ ਕੀਤੀ। ਰਣਜੀਤ ਸਿੰਘ ਨੇ ਇਕ ਜੇਤੂ ਦੇ ਤੌਰ 'ਤੇ ਇਤਿਹਾਸ ਵਿਚ ਪ੍ਰਗਟ ਹੋਇਆ ਤੇ ਨਿਆਂਕਾਰੀ ਸ਼ਾਸਕ ਹੋਣ ਵਜੋਂ ਲੋਕਾਂ ਦੇ ਦਿਲਾਂ ਉਪਰ ਰਾਜ ਕੀਤਾ। ਇਹੀ ਕਾਰਨ ਹੈ ਕਿ ਉਸ ਦੇ ਰਾਜ ਵਿਚ ਕਦੇ ਵੀ ਬਗ਼ਾਵਤ ਨਹੀਂ ਹੋਈ। ਉਹ ਲੜਾਈ ਵਿਚ ਮਾਰੇ ਜਾਣ ਵਾਲੇ ਫ਼ੌਜੀਆਂ ਦੇ ਪਰਿਵਾਰਾਂ ਦੇ ਗੁਜ਼ਾਰੇ ਲਈ ਉਹ ਲੋੜੀਂਦਾ ਪ੍ਰਬੰਧ ਕਰਦਾ ਸੀ ਤੇ ਜਿੱਤਣ ਵਾਲਿਆਂ ਨੂੰ ਦਿਲ ਖੋਲ੍ਹ ਕੇ ਇਨਾਮ ਦਿੰਦਾ ਸੀ। ਉਹ ਆਪਣੇ ਹਾਰੇ ਹੋਏ ਦੁਸ਼ਮਣਾਂ ਨਾਲ ਵੀ ਚੰਗਾ ਸਲੂਕ ਕਰਦਾ ਸੀ। ਜਦ ਵੀ ਕੋਈ ਹਾਕਮ ਜਾਂ ਵਿਰੋਧੀ ਲੜਾਈ ਵਿਚ ਉਸ ਕੋਲੋਂ ਹਾਰ ਜਾਂਦਾ, ਤਾਂ ਉਹ ਉਸ ਦੇ ਗੁਜ਼ਾਰੇ ਲਈ ਉਸ ਦੇ ਨਾਂ ਲੋੜੀਂਦੀ ਲੜਾਈ ਜਾਗੀਰ ਲਾ ਦਿੰਦਾ ਤੇ ਉਨ੍ਹਾਂ ਨਾਲ ਦੋਸਤਾਨਾ ਵਿਹਾਰ ਕਰਦਾ ਸੀ। ਉਹ ਬੰਦਿਆਂ ਦਾ ਬਹੁਤ ਚੰਗਾ ਪਾਰਖੂ ਸੀ। ਇਸੇ ਕਰਕੇ ਉਹ ਬਹੁਤ ਸਾਰੇ ਪ੍ਰਤਿਭਾਸ਼ੀਲ ਵਜ਼ੀਰ ਤੇ ਅਧਿਕਾਰੀ ਤੇ ਜਰਨੈਲ ਚੁਣਨ ਵਿਚ ਕਾਮਯਾਬ ਹੋਇਆ, ਜਿਸ ਨੇ ਉਸ ਦੇ ਰਾਜ ਨੂੰ ਸ਼ਕਤੀਸ਼ਾਲੀ ਬਣਾਇਆ। ਉਸ ਦੇ ਭਰੋਸੇਯੋਗ ਜਰਨੈਲਾਂ ਵਿਚ ਸਿਰਫ਼ ਹਿੰਦੂ, ਮੁਸਲਮਾਨ ਤੇ ਸਿਖ ਹੀ ਨਹੀਂ, ਕਈ ਯੂਰਪੀ ਤੇ ਐਂਗਲੋ ਇੰਡੀਅਨ ਵੀ ਸਨ। ਉਹ ਹਿੰਦੂ-ਸਿੱਖਾਂ-ਮੁਸਲਮਾਨਾਂ ਨਾਲ ਇਕੋ ਜਿਹਾ ਵਿਹਾਰ ਕਰਦਾ ਸੀ ਤੇ ਉਨ੍ਹਾਂ ਦੇ ਧਰਮ ਸਥਾਨਾਂ ਨੂੰ ਚੋਖਾ ਦਾਨ ਕਰਦਾ ਸੀ। ਉਸ ਨੇ ਜਿੱਥੇ ਹਿੰਦੂਆਂ ਦੇ ਮੰਦਰਾਂ ਤੇ ਸਿੱਖਾਂ ਦੇ ਗੁਰਦੁਆਰਿਆਂ ਨੂੰ ਦਾਨ ਦਿੱਤਾ, ਉਥੇ ਮੁਸਲਮਾਨਾਂ ਦੀਆਂ ਟੁਟੀਆਂ ਤੇ ਢਠੀਆਂ ਹੋਈਆਂ ਮਸੀਤਾਂ ਦੀ ਮੁਰੰਮਤ ਕਰ ਕੇ ਉਨ੍ਹਾਂ ਨੂੰ ਨਵਾਂ ਰੂਪ ਦਿੱਤਾ। ਜਦ ਉਸ ਨੇ ਸਿਖ ਮਿਸਲ ਦੇ ਸਰਦਾਰਾਂ ਕੋਲੋਂ ਲਾਹੌਰ ਆਪਣੇ ਕਬਜ਼ੇ ਵਿਚ ਲਿਆ ਸੀ, ਤਾਂ ਉਸੇ ਦੀ ਬਦੌਲਤ ਲਾਹੌਰ ਦੀ ਸੁਨਹਿਰੀ ਮਸਜਿਦ ਮੁਸਲਮਾਨਾਂ ਦੇ ਹਵਾਲੇ ਕੀਤੀ ਗਈ ਸੀ।

**ਤਾਨਾਸ਼ਾਹ ਨਹੀਂ** : ਮਹਾਰਾਜਾ ਰਣਜੀਤ ਸਿੰਘ ਤਾਨਾਸ਼ਾਹ ਨਹੀਂ ਸੀ। ਭਾਵੇਂ ਉਸ ਦੇ ਹੱਥ ਵਿਚ ਅਪਾਰ ਤਾਕਤ ਸੀ, ਉਹ ਆਪਣੇ ਸੂਝਵਾਨ ਵਜ਼ੀਰਾਂ ਦੇ ਸੁਝਾਵਾਂ ਅਤੇ ਲੋਕ ਰਾਏ ਅਨੁਸਾਰ ਹਰ ਸੁਧਾਰ ਕਰਨ ਲਈ ਤਿਆਰ ਰਹਿੰਦਾ ਸੀ। ਵਹੀਦ-ਉਦ-ਦੀਨ ਨੇ ਆਪਣੀ ਕਿਤਾਬ ਵਿਚ, ਫਾਰਸੀ ਵਿਚ ਲਿਖੇ ਹੋਏ ਦੋ ਅਹਿਮ "ਫ਼ੁਰਮਾਨ" ਦਿੱਤੇ ਹਨ, ਜਿਨ੍ਹਾਂ ਤੇ ਸ਼ਾਹੀ ਮੋਹਰ ਲੱਗੀ ਹੋਈ ਹੈ। ਇਹ ਦੋਵੇਂ ਫ਼ੁਰਮਾਨ ਅੱਜਕਲ੍ਹ ਲਾਹੌਰ ਵਿੱਚ ਫ਼ਕੀਰ-ਪਰਿਵਾਰ ਦੀ ਮਲਕੀਅਤ ਹਨ। ਪਹਿਲਾ ਫ਼ੁਰਮਾਨ ਫ਼ਕੀਰ ਨੂਰ-ਉਦੀਨ ਦੇ ਨਾਂ ਹੈ। ਉਸ ਦਾ ਅਨੁਵਾਦ ਥੱਲੇ ਦਿਤਾ ਜਾਂਦਾ ਹੈ :

"ਮਹਾਰਾਜਾ ਵਲੋਂ ਇਸ ਗੱਲ 'ਤੇ ਪੂਰਾ ਜ਼ੋਰ ਦਿੰਦਿਆਂ ਹੁਕਮ ਜਾਰੀ ਕੀਤਾ ਜਾਂਦਾ ਹੈ ਕਿ ਲਾਹੌਰ ਸ਼ਹਿਰ ਵਿਚ ਕੋਈ ਆਦਮੀ ਧੱਕੇਸ਼ਾਹੀ ਤੇ ਲੋਕਾਂ 'ਤੇ ਜ਼ੁਲਮ ਨਾ ਕਰੇ। ਜੇ ਖ਼ੁਦ ਮਹਾਰਾਜੇ ਵਲੋਂ ਲਾਹੌਰ ਦੇ ਕਿਸੇ ਵਾਸੀ ਦੇ ਵਿਰੁਧ ਗਲਤ ਹੁਕਮ ਜਾਰੀ ਕੀਤਾ ਜਾਵੇ, ਤਾਂ ਉਹ ਨਿਝਕ ਹੋ ਕੇ ਮਹਾਰਾਜੇ ਦੀਆਂ ਨਜ਼ਰਾਂ ਵਿਚ ਲਿਆਂਦਾ ਜਾਵੇ, ਤਾਂ ਜੋ ਉਸ ਵਿਚ ਸੁਧਾਰ ਕੀਤਾ ਜਾ ਸਕੇ।... ਜੇ ਕੋਈ ਆਦਮੀ ਜਾਂ ਅਧਿਕਾਰੀ ਤੁਹਾਡੀ ਸਲਾਹ ਜਾਂ ਹਦਾਇਤਾਂ ਅਨੁਸਾਰ ਕੰਮ ਕਰਨੋਂ ਕੋਤਾਹੀ ਕਰੇ, ਤਾਂ ਉਸ ਨੂੰ ਇਕ ਖ਼ੱਤ ਲਿਖੋ, ਤਾਂ ਜੋ ਮਗਰੋਂ ਉਸ ਦੇ ਸਬੂਤ ਦੇ ਆਧਾਰ 'ਤੇ ਮਹਾਰਾਜੇ ਵਲੋਂ ਉਸ ਨੂੰ ਹੁਕਮ ਅਦੂਲੀ ਕਰਨ ਬਦਲੇ ਸਜ਼ਾ ਦਿੱਤੀ ਜਾ ਸਕੇ।

ਦੂਜਾ ਫ਼ੁਰਮਾਨ ਸਰਦਾਰ ਅਮੀਰ ਸਿੰਘ ਅਤੇ ਫ਼ਕੀਰ ਨੂਰ-ਉਦੀਨ ਦੋਵਾਂ ਦੇ ਨਾਂ ਹੈ। ਇਸ ਫ਼ੁਰਮਾਨ ਰਾਹੀਂ ਰਾਜਕੁਮਾਰਾਂ, ਸਰਦਾਰਾਂ ਤੇ ਦਰਬਾਰੀਆਂ ਦੀਆਂ ਮਨ ਆਈਆਂ ਅਤੇ ਗ਼ਲਤ ਕੰਮਾਂ ਤੋਂ ਲੋਕਾਂ ਦੀ ਰੱਖਿਆ ਕੀਤੀ ਗਈ ਹੈ। ਉਸ ਵਿਚ ਲਿਖਿਆ ਹੈ :

"ਜੋ ਰਾਜਕੁਮਾਰ ਖੜਕ ਸਿੰਘ ਤੇ ਸ਼ੇਰ ਸਿੰਘ, ਰਾਜਾ ਧਿਆਨ ਸਿੰਘ, ਰਾਜਾ ਸੁਚੇਤ ਸਿੰਘ ਜਾਂ ਜਮਾਂਦਾਰ ਖ਼ੁਸ਼ਹਾਲ ਸਿੰਘ ਕੋਈ ਵੀ ਗ਼ਲਤ ਕੰਮ ਕਰਨ ਤਾਂ ਉਸ ਨੂੰ ਤੁਸੀਂ ਮਹਾਰਾਜਾ ਦੀਆਂ ਨਜ਼ਰਾਂ ਵਿਚ ਲਿਆਓ। ਦੂਜੇ, ਆਪਣੇ ਭਰੋਸੇਯੋਗ ਨੁਮਾਇੰਦਿਆਂ ਨੂੰ ਇਹ ਹਦਾਇਤਾਂ ਦੇ ਕੇ ਸਰਦਾਰਾਂ ਕੋਲ ਭੇਜੋ ਕਿ ਉਹ ਗ਼ਲਤ ਕੰਮ ਕਰਨੇ ਛੱਡ ਦੇਣ। ਜੇ ਉਹ ਨਾ ਛੱਡਣ ਤਾਂ ਇਹ ਮੱਸਲਾ ਮਹਾਰਾਜੇ ਤਕ ਪਹੁੰਚਾਓ।... ਕਿਸੇ ਨੂੰ ਇਹ ਇਜਾਜ਼ਤ ਨਾ ਦਿਓ ਕਿ ਉਹ ਜ਼ਬਰਦਸਤੀ ਕਿਸੇ ਦੀ ਜ਼ਮੀਨ 'ਤੇ ਕਬਜ਼ਾ ਕਰ ਲਏ, ਜਾਂ ਕਿਸੇ ਦਾ ਘਰ ਢਾਹ ਸੁੱਟੇ, ਨਾ ਹੀ ਲਕੜਹਾਰਿਆਂ, ਘਾਹ ਵੇਚਣ ਵਾਲਿਆਂ, ਖੁਰੀਆਂ ਲਾਉਣ ਵਾਲਿਆਂ ਨਾਲ ਕਿਸੇ ਤਰ੍ਹਾਂ ਦੀ ਧੱਕੇਸ਼ਾਹੀ ਹੋਣ ਦਿਓ।... ਕਿਸੇ ਨਾਲ ਸਖ਼ਤੀ ਭਰਿਆ ਸਲੂਕ ਨਾ ਹੋਣ ਦਿਓ ਤੇ ਮੁਲਜ਼ਮ ਦੀ ਸ਼ਿਕਾਇਤ ਮਹਾਰਾਜ ਤਕ ਪੁਚਾਓ।..."

ਇਹ ਫ਼ੁਰਮਾਨ ਸਾਫ਼ ਤੌਰ 'ਤੇ ਇਸ ਗਲ ਦੀ ਗਵਾਹੀ ਦਿੰਦੇ ਹਨ ਕਿ ਰਣਜੀਤ ਸਿੰਘ ਇਹ ਨਹੀਂ ਸੀ ਮੰਨਦਾ ਕਿ ਰਾਜਿਆਂ ਨੂੰ ਰੱਬੀ ਹੱਕ ਹਨ, ਜਾਂ ਰਾਜਾ ਕੋਈ ਗ਼ਲਤੀ ਨਹੀਂ ਕਰ ਸਕਦਾ। ਦੋਹਾਂ ਫ਼ੁਰਮਾਨਾਂ ਤੋਂ ਪਤਾ ਲਗਦਾ ਹੈ ਕਿ ਰਣਜੀਤ ਸਿੰਘ ਸਿਰਫ਼ ਇਸ ਗਲੋਂ ਹੀ ਸੁਚੇਤ ਨਹੀਂ ਸੀ ਕਿ ਉਹ ਖ਼ੁਦ ਗ਼ਲਤੀ ਕਰ ਸਕਦਾ ਹੈ, ਸਗੋਂ ਉਸ ਨੇ ਆਪਣੀ ਜਾਂ ਆਪਣੇ ਅਧਿਕਾਰੀਆਂ ਦੀ ਗ਼ਲਤੀ ਸਦਕਾ ਹੋਣ ਵਾਲੇ ਜ਼ੁਲਮ ਨੂੰ ਰੋਕਣ ਦਾ ਰਾਹ ਵੀ ਬਣਾਇਆ ਹੋਇਆ ਸੀ। ਇਸੇ ਉਦੇਸ਼ ਨਾਲ ਉਸ ਨੇ ਆਪਣੇ ਮਹੱਲ ਦੇ ਇਕ ਅਜਿਹੇ ਹਿੱਸੇ ਵਿਚ, ਜਿਥੇ ਕਿ ਆਮ ਆਦਮੀ ਸੌਖੀ ਤਰ੍ਹਾਂ ਜਾ ਸਕਦਾ ਸੀ, ਸ਼ਿਕਾਇਤਾਂ ਵਾਲੀਆਂ ਅਰਜ਼ੀਆਂ ਪਾਉਣ ਲਈ, ਇਕ ਡੱਬਾ ਵੀ ਰੱਖਵਾਇਆ ਹੋਇਆ ਸੀ। ਉਸ ਡਬੇ ਦੇ ਜੰਦਰੇ ਦੀ ਕੁੰਜੀ ਉਸ ਨੇ ਆਪਣੇ ਕੋਲ ਰੱਖੀ ਹੋਈ ਹੁੰਦੀ ਸੀ। ਉਹ ਡੱਬੇ ਵਿਚੋਂ ਅਰਜ਼ੀਆਂ ਕਢਵਾਉਂਦਾ ਤੇ ਪੜ੍ਹਵਾ ਕੇ ਸੁਣਦਾ ਤੇ ਸ਼ਿਕਾਇਤਾਂ ਦੂਰ ਕਰਨ ਲਈ ਛੇਤੀ ਤੋਂ ਛੇਤੀ ਕਦਮ ਚੁਕਣ ਦਾ ਹੁਕਮ ਦਿੰਦਾ।

ਇਕ ਹੋਰ ਚੰਗੀ ਗਲ ਅਜੋਕੇ ਸੰਵਿਧਾਨਕ ਤਰੀਕੇ ਵਰਗੀ ਸੀ। ਉਹ ਇਹ ਕਿ ਉਸ ਨੇ ਹਰ ਮਹਿਕਮੇ ਦੇ ਛੋਟੇ-ਵਡੇ ਦਫ਼ਤਰਾਂ ਵਿਚ, ਸਾਰੀਆਂ ਕੌਮਾਂ ਦੇ ਬੰਦਿਆਂ ਨੂੰ, ਯੋਗ ਥਾਂਵਾਂ ਦਿੱਤੀਆਂ ਹੋਈਆਂ ਸਨ। ਏਸੇ ਲਈ ਰਣਜੀਤ ਸਿੰਘ ਦਾ ਹਰ ਅਧਿਕਾਰੀ ਉਸ ਦਾ ਬੜਾ ਵਫ਼ਾਦਾਰ ਰਹਿੰਦਾ ਸੀ। ਇਹ ਗਲ ਜਾਣਨ ਵਾਲੀ ਹੈ ਕਿ ਜਿਥੇ ਹਿੰਦੂਆਂ ਤੇ ਸਿਖਾਂ ਨੂੰ ਫ਼ੌਜੀ ਤੇ ਗ਼ੈਰ ਫ਼ੌਜੀ ਖੇਤਰਾਂ ਵਿਚ ਉੱਚੇ ਅਹੁਦੇ ਮਿਲੇ ਹੋਏ ਸਨ, ਉਥੇ ਮੁਸਲਮਾਨਾਂ ਨੂੰ ਵੀ ਯੋਗ ਅਹੁਦੇ ਦਿੱਤੇ ਗਏ ਸਨ। ਦੋ ਵਜ਼ੀਰ, ਇਕ ਗਵਰਨਰ, ਦੋ ਜਨਰਲ-ਇਲਾਹੀ ਬਖ਼ਸ਼ ਤੇ ਮੀਆਂ ਗੌਸ— ਤੇ ਕਈ ਮੁਸਲਮਾਨ ਕਰਨਲ ਉਸ ਦੀ ਹਕੂਮਤ ਵਿਚ ਸਨ। ਵਹੀਦ-ਉੱਦੀਨ ਦੇ ਕਹਿਣ ਅਨੁਸਾਰ ਪੁਲੀਸ, ਨਿਆਂ ਵਿਭਾਗ ਅਤੇ ਰਸਦ ਵਿਭਾਗ ਵਿਚ 92 ਮੁਸਲਮਾਨ ਉੱਚੇ ਅਹੁਦਿਆਂ 'ਤੇ ਲੱਗੇ ਹੋਏ ਸਨ। ਇਨ੍ਹਾਂ ਸਾਧਨਾਂ ਸਦਕਾ ਲੋਕਾਂ ਦੇ ਜਾਨ-ਮਾਲ ਦੀ ਚੰਗੀ ਦੇਖਭਾਲ ਤੇ ਰੱਖਿਆ ਹੁੰਦੀ ਸੀ।



**ਵਧੀਆ ਰਾਜ ਪ੍ਰਬੰਧ** : ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਬੇਰੁਜ਼ਗਾਰੀ, ਬੇਕਾਰੀ ਤੇ ਭਿਖਾਰੀਪੁਣਾ ਕਿਧਰੇ ਨਜ਼ਰ ਨਹੀਂ ਆਉਂਦਾ ਸੀ। ਉਸ ਦੇ ਰਾਜ ਵਿਚ ਜਨਤਾ ਦੀ ਰੋਟੀ-ਰੋਜ਼ੀ ਤੇ ਸੁਖ-ਅਰਾਮ ਦਾ ਪ੍ਰਬੰਧ ਪੂਰਾ ਸੀ। ਸਰਕਾਰੀ ਖ਼ਜ਼ਾਨੇ ਵਿਚ ਧਨ ਦਾ ਘਾਟਾ ਨਹੀਂ ਸੀ। ਟੈਕਸਾਂ ਦੀ ਉਗਰਾਹੀ ਲਈ ਸਖ਼ਤ ਸੀ ਪਰ ਜ਼ਬਰਦਸਤੀ ਨਹੀਂ ਕਰਦਾ ਸੀ। ਲੋੜਵੰਦਾਂ, ਅਕਲਮੰਦਾਂ, ਹੁਨਰਮੰਦਾਂ, ਕਲਾਕਾਰਾਂ, ਸੂਰਮਿਆਂ, ਵਿਦਵਾਨਾਂ ਅਤੇ ਯੋਗ ਵਿਅਕਤੀਆਂ ਦੀ ਕਦਰ ਕਰਦਾ ਸੀ। ਉਨ੍ਹਾਂ ਦੇ ਸਤਿਕਾਰ, ਮਾਣ ਅਤੇ ਇਜ਼ਤ ਲਈ ਖੁਲ੍ਹੇ ਗਫ਼ੇ, ਇਨਾਮ, ਤੋਹਫ਼ੇ, ਖਿਲ੍ਹਤਾਂ, ਹੀਰੇ-ਮੋਤੀ, ਸੋਨਾ-ਚਾਂਦੀ ਦੀਆਂ ਬਖਸ਼ਿਸ਼ਾਂ ਉਹ ਖੁਲ੍ਹੇ ਦਿਲ ਨਾਲ ਦਿੰਦਾ ਸੀ। ਰਣਜੀਤ ਸਿੰਘ ਦੇ ਜਿਉਂਦੇ-ਜੀਅ ਉਸ ਦੇ ਰਾਜ ਪ੍ਰਤੀ ਕਦੇ ਕੋਈ ਬਗ਼ਾਵਤ, ਵਿਦਰੋਹ ਜਾਂ ਜਨਤਾ ਵਲੋਂ ਅਸੰਤੁਸ਼ਟੀ ਜ਼ਾਹਿਰ ਨਹੀਂ ਕੀਤੀ ਗਈ ਸੀ। ਏਨਾ ਲੰਮਾ ਸਮਾਂ ਰਾਜ ਕਰਦੇ ਹੋਏ, ਉਸ ਨੇ ਸਭ ਵਰਗਾਂ ਨਾਲ ਇਨਸਾਫ਼ ਕੀਤਾ ਤੇ ਕਲਿਆਣਕਾਰੀ ਰਾਜ ਪ੍ਰਦਾਨ ਕੀਤਾ। ਸ਼ਾਹ ਮੁਹੰਮਦ ਇਸੇ ਲਈ ਲਿਖਦਾ ਹੈ-

"ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾ
ਅੱਛਾ ਰਜ ਕੇ ਰਾਜ ਕਮਾਇ ਗਿਆ।"

ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਕਲਿਆਣਕਾਰੀ ਰਾਜ ਸਥਾਪਿਤ ਕਰਨ ਵਿਚ ਕਾਮਯਾਬ ਹੋਇਆ। ਇਹ ਰਾਜ ਕਿਸੇ ਵਿਅਕਤੀ ਦਾ ਨਹੀਂ, ਸਗੋਂ ਖਾਲਸਾ ਪੰਥ ਦਾ ਸੀ। ਇਸ ਦੇ ਰਾਜ ਦੌਰਾਨ ਪੰਜਾਬ ਦੀ ਮਾੜੀ ਹਾਲਤ ਸੁਧਰੀ ਤੇ ਪੰਜਾਬ ਸਮਾਜਿਕ ਹਾਲਾਤ ਉਪਰ ਉਠਿਆ ਤੇ ਵਿਕਾਸ ਦੇ ਰਾਹ ਪਿਆ ਤੇ ਤਰੱਕੀ ਦੇ ਰਾਹ ਖੁੱਲ੍ਹੇ। ਉਸ ਨੇ ਆਪਣੀ ਸਰਕਾਰ ਉਪਰ ਮਲਕੀਅਤ ਨਹੀਂ ਜਮਾਈ ਤੇ ਖਾਲਸੇ ਦੇ ਨਾਮ ਰਾਜ ਕਰਕੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕੀਤਾ, ਉਹ ਆਪਣੇ ਆਪ ਨੂੰ ਸਰਕਾਰੇ ਖਾਲਸਾ ਕਹਿ ਕੇ ਸੰਬੋਧਨ ਕਰਦਾ ਸੀ ਤੇ ਉਸ ਵਲੋਂ ਜਾਰੀ ਚਿੱਠੀਆਂ ਖਾਲਸੇ ਦੇ ਨਾਮ 'ਤੇ ਜਾਰੀ ਹੁੰਦੀਆਂ ਸਨ। ਜੇਕਰ ਇਹ ਰਾਜ ਲੰਬਾ ਸਮਾਂ ਰਹਿੰਦਾ ਤਾਂ ਸਿਖ ਰਾਜਨੀਤਕ ਵਿਵਸਥਾ ਦਾ ਮਾਡਲ ਹੋਰ ਵਿਕਸਤ ਹੋ ਕੇ ਪ੍ਰਗਟ ਹੋਣਾ ਸੀ। ਸਟਾਲਨ ਦੇ ਰਾਜ ਨਾਲੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪ੍ਰਬੰਧ ਕਿਤੇ ਨਿਆਂਕਾਰੀ, ਲੋਕ ਭਲਾਈ ਵਾਲਾ ਸੀ, ਜਿਥੇ ਸਭਨਾਂ ਦੇ ਮਨੁੱਖੀ ਅਧਿਕਾਰ ਸੁਰੱਖਿਅਤ ਸਨ। ਉਸ ਨੇ ਜਦੋਂ ਵੀ ਆਪਣੇ ਦੁਸ਼ਮਣ 'ਤੇ ਹਮਲਾ ਕੀਤਾ ਤੇ ਆਮ ਲੋਕਾਂ ਦੀ ਤਬਾਹੀ ਨਹੀਂ ਮਚਾਈ ਤੇ ਨਾ ਹੀ ਲੁੱਟਮਾਰ ਕੀਤੀ ਤੇ ਨਾ ਹੀ ਉਸ ਦੀਆਂ ਫ਼ੌਜਾਂ ਨੇ ਦੁਸ਼ਮਣ ਦੀਆਂ ਔਰਤਾਂ ਨਾਲ ਸਟਾਲਨ ਦੀਆਂ ਫ਼ੌਜਾਂ ਵਾਂਗ ਬਲਾਤਕਾਰ ਕੀਤੇ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਰਣਜੀਤ ਸਿੰਘ ਹਮੇਸ਼ਾ ਲੋਕਾਂ ਨਾਲ ਮਨੁੱਖੀ ਤੇ ਲੋਕਤੰਤਰ ਆਧਾਰ 'ਤੇ ਇਕ ਚੰਗੇ ਰਾਜੇ ਵਾਲਾ ਫਰਜ਼ ਨਿਭਾਇਆ। ਖੱਬੇ ਪੱਖੀ ਲੇਖਕ ਉਸ ਬਾਰੇ ਜੋ ਮਰਜ਼ੀ ਕੂੜ ਪ੍ਰਚਾਰ ਕਰ ਲੈਣ ਜਾਂ ਤੱਥਾਂ ਰਹਿਤ ਮਨਘੜਤ ਸਾਹਿਤ ਰਚ ਲੈਣ, ਪਰ ਮਹਾਰਾਜਾ ਰਣਜੀਤ ਸਿੰਘ ਦੀ ਉਪਮਾ ਕਦੇ ਵੀ ਇਤਿਹਾਸ ਵਿਚ ਨਹੀਂ ਘਟੇਗੀ, ਕਿਉਂਕਿ ਉਸ ਨੇ ਪੰਜਾਬ ਨੂੰ ਜਿਉਂਦਾ ਤੇ ਅਜ਼ਾਦ ਬਣਾਈ ਰੱਖਿਆ, ਇਹੀ ਉਸ ਦੀ ਇਤਿਹਾਸਕ ਪ੍ਰਾਪਤੀ ਸੀ। ਇਹ ਜ਼ਰੂਰੀ ਨਹੀਂ ਹੁੰਦਾ ਕਿ ਜੇਕਰ ਸ਼ਾਸ਼ਕ ਆਪ ਮਹਾਨ ਹੋਵੇ ਤੇ ਉਸ ਦੀ ਔਲਾਦ ਵੀ ਮਹਾਨ ਨਿਕਲੇ, ਜਿਵੇਂ ਔਰੰਗਜ਼ੇਬ ਦੀ ਔਲਾਦ ਬਹਾਦਰ ਸ਼ਾਹ ਵਿਸ਼ਾਲ ਮੁਗਲ ਸਾਮਰਾਜ ਨਹੀਂ ਸਾਂਭ ਸਕੀ, ਉਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਔਲਾਦ ਵੀ ਸੱਤਾ ਨਹੀਂ ਸੰਭਾਲ ਸਕੀ ਤੇ ਬਗ਼ਾਵਤ ਦੇ ਦੌਰ ਤੇ ਗਦਾਰੀਆਂ ਕਾਰਨ ਖਾਲਸਾ ਰਾਜ ਦਾ ਅੰਤ ਹੋ ਗਿਆ। ਇਹ ਪੰਜਾਬ ਦੇ ਇਤਿਹਾਸ ਵਿਚ ਬਹੁਤ ਵੱਡਾ ਇਨਕਲਾਬ ਸੀ ਤੇ ਅੱਜ ਵੀ ਪੰਜਾਬ ਤੇ ਭਾਰਤ ਦੀ ਸਿਆਸਤ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਮਾਡਲ ਨੂੰ ਆਦਰਸ਼ਵਾਦੀ ਰਾਜ ਮਾਡਲ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ।

## ਪਾਠਕਾਂ ਦੀ ਸੱਥ

**ਸਤਿਕਾਰਯੋਗ ਸੰਪਾਦਕ ਜੀ,**
**ਸਤਿ ਸ੍ਰੀ ਅਕਾਲ।**

ਤੁਹਾਡੇ ਅਖ਼ਬਾਰ ਦੇ 14 ਨਵੰਬਰ, 2018 ਤੋਂ 20 ਨਵੰਬਰ, 2018 ਦੇ ਅੰਕ ਵਿਚ ਪ੍ਰਸਿੱਧ ਇਤਿਹਾਸਕਾਰ ਸ. ਅਜਮੇਰ ਸਿੰਘ ਹੁਰਾਂ ਬਾਰੇ ਪ੍ਰੋ. ਬਲਵਿੰਦਰਪਾਲ ਸਿੰਘ ਵਲੋਂ ਲਿਖੇ ਵਿਚਾਰ ਪੜ੍ਹੇ। ਉਨ੍ਹਾਂ ਦਾ ਸ. ਅਜਮੇਰ ਸਿੰਘ ਬਾਰੇ ਬਹੁਤ ਵਧੀਆ ਨਜ਼ਰੀਆ ਹੈ ਪਰ ਕੁਝ ਲੇਖਕ ਅਤੇ ਆਲੋਚਕ ਸ. ਅਜਮੇਰ ਸਿੰਘ ਦੀ ਵਿਰੋਧਤਾ ਕਰਦੇ ਹਨ, ਜਿਵੇਂ ਪ੍ਰਭਸ਼ਰਨਦੀਪ ਸਿੰਘ ਅਤੇ ਹਰਪਾਲ ਸਿੰਘ ਪਨੂੰ ਆਦਿ ਜਿਨ੍ਹਾਂ ਦੇ ਸ. ਅਜਮੇਰ ਸਿੰਘ ਬਾਰੇ ਇਕ ਦੂਜੇ ਅਖ਼ਬਾਰ ਵਿਚ ਲੇਖ ਛਪੇ ਹਨ। ਉਨ੍ਹਾਂ ਸ. ਅਜਮੇਰ ਸਿੰਘ ਦੀ ਕੁਝ ਸਿਫ਼ਤ ਵੀ ਕੀਤੀ ਪਰ ਸ. ਅਜਮੇਰ ਸਿੰਘ ਉਤੇ ਉਨ੍ਹਾਂ ਦਾ ਮੁੱਖ ਦੋਸ਼ ਇਹ ਹੈ ਕਿ ਸ. ਅਜਮੇਰ ਸਿੰਘ ਅੰਦਰੋਂ ਖਾਲਿਸਤਾਨ ਦੇ ਵਿਰੁੱਧ ਹੈ ਅਤੇ ਬਾਹਰੋਂ ਖਾਲਿਸਤਾਨ ਦੇ ਹੱਕ ਵਿਚ ਹੈ। ਮੇਰਾ ਵਿਚਾਰ ਹੈ ਕਿ ਸਾਨੂੰ ਕਦਰਦਾਨ, ਪਾਰਖੂ ਅਤੇ ਪ੍ਰਸੰਸਕ ਹੋਣਾ ਚਾਹੀਦਾ ਹੈ ਨਾ ਕਿ ਹਾਊਮੈ ਅਤੇ ਈਰਖਾ ਦੀ ਅੱਗ ਵਿਚ ਸੜਦੇ ਰਹੀਏ। ਹੋ ਸਕਦਾ ਹੈ ਕਿ ਅਜਮੇਰ ਸਿੰਘ ਵਿਚ ਕੋਈ ਊਣਤਾਈ ਹੋਵੇ ਪਰ ਦੂਜੇ ਦਾ ਇਕ ਔਗੁਣ ਦੇਖ ਕੇ ਉਸ ਨੂੰ ਭੰਡਣਾ ਆਰੰਭ ਕਰ ਦੇਈਏ, ਇਹ ਸਿਰਫ਼ ਆਪਣੀ ਹਾਊਮੈ ਨੂੰ ਪੱਠੇ ਪਾਉਂਦਾ ਹੈ। ਜੇ ਤੁਹਾਡੇ ਕਿਸੇ ਨਾਲ ਮੱਤਭੇਦ ਹਨ ਤਾਂ ਉਸ ਲਈ ਸੰਵਾਦ ਰਚਾ ਕੇ ਗੱਲਬਾਤ ਕੀਤੀ ਜਾ ਸਕਦੀ ਹੈ, ਨਾ ਕਿ ਉਸ ਨੂੰ ਅਖ਼ਬਾਰਾਂ ਵਿਚ ਲਿਖ ਕੇ ਭੰਡਿਆ ਜਾਵੇ। ਸਭ ਤੋਂ ਵੱਡੀ ਗੱਲ ਤੁਹਾਡੇ ਕਿਰਦਾਰ ਦੀ ਹੁੰਦੀ ਹੈ। ਜੇ ਤੁਹਾਡਾ ਕਿਰਦਾਰ ਨਹੀਂ ਤਾਂ ਕੁਝ ਵੀ ਨਹੀਂ। 'ਆਦਮੀ ਮੇਂ ਲਾਖੋਂ ਜੌਹਰ ਹੈ, ਅਗਰ ਆਦਮੀਅਤ ਨਹੀਂ ਤੋਂ ਕੁਛ ਭੀ ਨਹੀਂ।'

If  mealth is lost,
some thing is lost
If health is lost,
some thing is lost
If Character is lost
Every thing is lost

ਕਿਰਦਾਰ ਪੱਖੋਂ ਸ. ਅਜਮੇਰ ਸਿੰਘ ਪੂਰੇ ਹਨ, ਕਿਉਂਕਿ ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। "ਅੰਮ੍ਰਿਤਸਰ ਟਾਈਮਜ਼" ਦੇ 14 ਨਵੰਬਰ, 2018 ਤੋਂ 20 ਨਵੰਬਰ, 2018 ਦੇ ਅੰਕ ਵਿਚ ਸ. ਅਜਮੇਰ ਸਿੰਘ ਬਾਰੇ ਬਹੁਤ ਵਧੀਆ ਵਿਚਾਰ ਪੇਸ਼ ਕੀਤੇ ਗਏ ਹਨ। ਉਨ੍ਹਾਂ ਦਾ ਇਕ ਬਹੁਤ ਵਧੀਆ ਵਿਚਾਰ ਤੁਹਾਡੇ ਸਨਮੁਖ ਰੱਖ ਰਿਹਾ ਹਾਂ। ਉਨ੍ਹਾਂ ਦਾ ਕਹਿਣਾ ਹੈ, ਕਿ ਗੁਰਬਾਣੀ ਅਨੁਸਾਰ ਕਿਰਦਾਰ ਉਸਾਰੇ ਬਿਨਾ ਗੱਲ ਨਹੀਂ ਬਣਦੀ। ਕਿਸੇ ਵਿਅਕਤੀ ਦੀ ਇਕ ਕਮਜ਼ੋਰੀ ਨੂੰ ਦੇਖ ਕੇ ਭੰਡਣਾ ਕੋਈ ਸਿਆਣਪ ਅਤੇ ਨੈਤਿਕਤਾ ਨਹੀਂ। ਦੇਖਣ ਵਾਲੀ ਗੱਲ ਇਹ ਹੁੰਦੀ ਹੈ ਕਿ ਕਿਸੇ ਕੰਮ ਦੇ ਪਿੱਛੇ ਤੁਹਾਡੀ ਭਾਵਨਾ ਕੀ ਹੈ? ਤੁਹਾਡਾ ਟੀਚਾ, ਮਕਸਦ, ਮਨੋਰਥ ਅਤੇ ਉਦੇਸ਼ ਕੀ ਹੈ? ਸ .ਅਜਮੇਰ ਸਿੰਘ ਦੀ ਕੌਮ ਪ੍ਰਤੀ ਹਮਦਰਦੀ, ਪਿਆਰ ਅਤੇ ਸੁਹਿਰਦਤਾ ਹੈ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਕੌਮ ਨੂੰ ਸਮਰਪਿਤ ਕੀਤਾ ਹੋਇਆ ਹੈ। ਮੇਰਾ ਵਿਚਾਰ ਹੈ ਕਿ ਅਜਿਹੀ ਸ਼ਖ਼ਸੀਅਤ ਦੀ ਨਿੰਦਿਆ ਕਰਨੀ ਕਿਸੇ ਨੂੰ ਵੀ ਸ਼ੋਭਾ ਨਹੀਂ ਦਿੰਦੀ। ਜਿਹੜੇ ਲੋਕ ਸ. ਅਜਮੇਰ ਸਿੰਘ ਦੀ ਨਿੰਦਿਆ ਕਰਦੇ ਹਨ, ਉਨ੍ਹਾਂ ਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ। "ਜਬ ਲਗ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ"।।

**-ਮਾਸਟਰ ਨਿਰਮਲ ਸਿੰਘ ਲਾਲੀ**
(530-777-0955)।

# ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ ਕਰਵਾਇਆ

## *ਯੁਗਾਂਤਰ ਆਸ਼ਰਮ ਦੀ ਮੁੜ ਉਸਾਰੀ ਅਤੇ ਗਦਰ ਪਾਰਟੀ ਦਿਨ ਮਨਾਉਣ ਦੇ ਮਤੇ ਪਾਸ*

**ਸਾਨਫਰਾਸਿਸਕੋ/ਬਿਊਰੋ ਨਿਊਜ਼ :** ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਜਾਨਾਂ ਨਿਛਾਵਰ ਕਰਨ ਵਾਲਿਆਂ ਵਿਚੋਂ ਸਭ ਤੋਂ ਛੋਟੀ ਉਮਰ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨਾਂ ਦੇ ਨਾਲ ਸ਼ਹੀਦ ਹੋਣ ਵਾਲੇ ਸ. ਬਖਸ਼ੀਸ ਸਿੰਘ, ਸ. ਸਰੈਣ ਸਿੰਘ (ਛੋਟਾ), ਸ. ਸਰੈਣ ਸਿੰਘ (ਵੱਡਾ), ਸ. ਹਰਨਾਮ ਸਿੰਘ, ਸ. ਜਗਤ ਸਿੰਘ ਅਤੇ ਸ੍ਰੀ ਗਣੇਸ਼ ਪਿੰਗਲੇ ਦਾ ਸ਼ਹੀਦੀ ਦਿਹਾੜਾ ਗਦਰ ਮੈਮੋਰੀਅਲ ਸਾਨਫਰਾਸਿਸਕੋ ਵਿਚ 17 ਨਵੰਬਰ ਨੂੰ ਮਨਾਇਆ ਗਿਆ। ਗਦਰ ਮੈਮੋਰੀਅਲ ਜਿਸ ਦਾ ਇਤਿਹਾਸਿਕ ਨਾਂ ਯੁਗਾਂਤਰ ਆਸ਼ਰਮ ਹੈ, ਗਦਰ ਪਾਰਟੀ ਦਾ ਮੁਢਲਾ ਦਫਤਰ ਸੀ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ, ਬੇ- ਏਰੀਆ ਫਾਉਂਡੇਸ਼ਨ ਦੇ ਬਲਵੀਰ ਜੌਹਲ ਅਤੇ ਗਦਰ ਮੈਮੋਰੀਅਲ ਫਾਉਂਡੇਸ਼ਨ ਆਫ ਕੈਲੀਫੋਰਨੀਆ ਦੇ ਸਤਬੀਰ ਸਿੰਘ ਬਾਜਵਾ ਅਤੇ ਸੁਰਜੀਤ ਸਿੰਘ ਅਟਵਾਲ ਦੀ ਪ੍ਰਧਾਨਗੀ ਵਿਚ ਹੋਏ ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿਚ ਸਟੇਜ ਸਕੱਤਰ ਹਰਜਿੰਦਰ ਢੇਸੀ ਨੇ ਸਾਰਿਆ ਨੂੰ ਜੀ ਆਇਆਂ ਆਖੀ। ਰਾਜਿੰਦਰ ਸਿੰਘ ਬਰਾੜ ਅਤੇ ਹਰਜੀਤ ਸਿੰਘ ਸ਼ੇਰਗਿਲ ਨੇ ਗੀਤਾਂ ਦੇ ਰੂਪ ਵਿਚ ਸ਼ਹੀਦਾਂ ਨੂੰ ਸ਼ਰਧਾਜਲੀ ਭੇਟ ਕੀਤੀ। ਮਾਸਟਰ ਲਛਮਣ ਸਿੰਘ ਰਾਠੌਰ ਨੇ ਆਪਣੀ ਇਕ ਕਵਿਤਾ ਸੁਣਾਈ ਅਤੇ ਜੀਐਸ ਗਰੇਵਾਲ ਨੇ ਸੁਰਜੀਤ ਪਾਤਰ ਦੀ ਰਚਨਾ 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ' ਗਾ ਕੇ ਸੁਣਾਈ। ਗੁਰਦੀਪ ਸਿੰਘ ਅਣਖੀ ਨੇ ਗਦਰੀ ਸੂਰਬੀਰਾਂ ਦੀਆਂ ਕੁਰਬਾਨੀਆਂ ਪ੍ਰਤੀ ਸਿਰ ਝੁਕਾਉਦਿਆਂ, ਅੱਜ ਭਾਰਤ ਭਰ ਵਿਚ ਮੌਕੇ ਦੀ ਸਰਕਾਰ ਅਤੇ ਤਾਕਤਾਂ ਵਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਅਤੇ ਘੱਟ ਗਿਣਤੀਆਂ ਪ੍ਰਤੀ ਮਤਰੇਆ ਸਲੂਕ ਕਰਨ 'ਤੇ ਦੁਖ ਪ੍ਰਗਟ ਕੀਤਾ। ਇਕ ਮਤੇ ਰਾਹੀ ਯੁਗਾਂਤਰ ਆਸ਼ਰਮ ਦੀ ਇਸ ਇਮਾਰਤ ਨੂੰ ਇਸ ਦੇ ਮੁਢਲੇ ਇਤਿਹਾਸਿਕ ਰੂਪ ਵਿਚ ਮੁੜ ਉਸਾਰਨ ਦੀ ਅਪੀਲ ਵੀ ਕੀਤੀ ਗਈ । ਪਰਗਟ ਸਿੰਘ ਧਾਲੀਵਾਲ ਨੇ ਭਾਰਤ ਦੇ ਕਿਸਾਨਾਂ ਦੀ ਨਿੱਘਰ ਰਹੀ ਹਾਲਤ ਲਈ ਫਸਲਾਂ ਦੇ ਘੱਟ ਭਾਅ ਅਤੇ ਸਰਕਾਰਾਂ ਨੂੰ ਜ਼ੁੰਮੇਵਾਰ ਠਹਿਰਾਇਆ। ਪਿਸ਼ੌਰਾ ਸਿੰਘ ਢਿਲੋਂ ਨੇ ਇਕ ਕਵਿਤਾ ਤਰੰਨੁਮ ਵਿਚ ਸੁਣਾਈ। ਉਨਾਂ ਨੇ ਸਿੱਖ ਕੌਂਸਲ ਆਫ ਸੈਂਟਰਲ ਵੈਲੀ ਅਤੇ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਇਕ ਸਾਂਝੇ ਮਤੇ ਵਿਚ ਕੌਂਸਲੇਟ ਜਨਰਲ ਤੋਂ ਗਦਰ ਪਾਰਟੀ ਦੇ ਸਥਾਪਨਾ ਦਿਨ ਨੂੰ ਵੱਡੇ ਪੱਧਰ 'ਤੇ ਮਨਾਉਣ ਦੀ ਅਪੀਲ ਕੀਤੀ।



ਹੋਰ ਬੁਲਾਰਿਆ ਵਿਚ ਸ਼ਰਨਪਾਲ ਸਿੰਘ, ਬੀਐਸ ਬੱਲ ਅਤੇ ਮਲਕੀਤ ਸਿੰਘ ਕਿੰਗਰਾ ਵੀ ਸ਼ਾਮਲ ਸਨ। ਇਸ ਤੋਂ ਇਲਾਵਾ ਪ੍ਰਸਿੱਧ ਕਵੀ ਸੁਖਵਿੰਦਰ ਕੰਬੋਜ, ਕੁਲਵਿੰਦਰ ਅਤੇ ਚੇਤਨਾ ਪ੍ਰਕਾਸ਼ਨ ਵਲੋਂ ਸ਼ਤੀਸ਼ ਗੁਲਾਟੀ ਵੀ ਆਪਣੀਆ ਕਵਿਤਾਵਾਂ ਅਤੇ ਵਿਚਾਰਾਂ ਨਾਲ ਸ਼ਾਮਲ ਹੋਏ। ਗੁਰਨਾਮ ਸਿੰਘ ਬਿੰਜਲ ਨੇ ਆਪਣੇ ਤਜਰਬੇ 'ਚੋਂ ਕੁਝ ਅਣਗੌਲੇ ਰਹਿ ਗਏ ਦੇਸ਼ ਭਗਤਾਂ ਦੀ ਘਾਲਣਾ ਬਾਰੇ ਦੱਸਿਆ। ਅਖੀਰ ਵਿਚ ਇੰਡੋ ਅਮੈਰੀਕਨ ਹੈਰਟੇਜ ਫੋਰਮ ਦੇ ਸੈਕਟਰੀ ਸੁਰਿੰਦਰ ਮੰਢਾਲੀ ਨੇ ਵਿਚਾਰ ਪੇਸ਼ ਕੀਤੇ। ਉਨਾਂ ਨੇ ਏਬੀ 24 ਲਾਇਵ ਦੇ ਸੰਜੀਵ ਭਾਰਦਵਾਜ ਅਤੇ ਪੂਨਮ ਸ਼ਰਮਾ ਦਾ ਇਸ ਪ੍ਰੋਗਰਾਮ ਦੀ ਕਵਰੇਜ ਲਈ ਅਤੇ ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ ਦਾ ਬਦਾਮਾਂ ਅਤੇ ਤਾਜ਼ੇ ਰਸ ਦੇ ਲੰਗਰ ਲਈ ਧੰਨਵਾਦ ਕੀਤਾ। ਕੈਲੀਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਇਸ ਇਤਿਹਾਸਿਕ ਥਾਂ ਉਤੇ ਇਕੱਤਰ ਹੋਏ ਸੈਂਕੜੇ ਲੋਕਾਂ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨਾਂ ਦੇ ਦਰਸਾਏ ਮਨੁੱਖਤਾ ਦੇ ਕਲਿਆਣ ਵਾਲੇ ਰਾਹ ਉਤੇ ਚੱਲਣ ਦਾ ਪ੍ਰਣ ਲਿਆ। ਫਰਿਜ਼ਨੋ ਤੋਂ ਕੋਈ 70 ਤੋਂ ਵੱਧ ਲੋਕੀਂ ਇਕ ਚਾਰਟਰ ਬੱਸ ਅਤੇ ਕਾਰਾਂ ਦੇ ਕਾਫਲੇ ਦੇ ਰੂਪ ਵਿਚ ਇਥੇ ਪਹੁੰਚੇ। ਯਾਦ ਰਹੇ ਕਿ ਸਹੀਦ ਕਰਤਾਰ ਸਿੰਘ ਸਰਾਭਾ ਪੜ੍ਹਾਈ ਕਰਨ ਲਈ ਜਨਵਰੀ-1912 ਵਿਚ ਅਮਰੀਕਾ ਪਹੁੰਚੇ ਸਨ। ਉਹ ਗਦਰ ਪਾਰਟੀ ਦੇ ਮੁਢਲੇ ਮੈਂਬਰਾਂ ਵਿਚੋਂ ਸਨ ਅਤੇ ਗਦਰ ਦੀ ਗੂੰਜ ਨਾਂ ਦਾ ਪਰਚਾ ਆਪਣੇ ਹੱਥੀਂ ਮਸ਼ੀਨ ਗੇੜ ਕੇ ਛਾਪਦੇ ਰਹੇ। ਨਵੰਬਰ-1914 ਵਿਚ ਭਾਰਤ ਮੁੜਨ ਤੋਂ ਬਾਅਦ ਆਪ ਮਾਰਚ 2, 1915 ਨੂੰ ਚੱਕ ਨੰਬਰ 5, ਜ਼ਿਲਾ ਲਾਇਲਪੁਰ ਵਿਚ ਗ੍ਰਿਫਤਾਰ ਹੋਏ ਅਤੇ ਉਨਾਂ ਨੂੰ 24 ਗਦਰੀਆਂ ਸਮੇਤ ਫਾਂਸੀ ਦੀ ਸਜ਼ਾ ਸੁਣਾਈ ਗਈ। ਉਹ ਨਵੰਬਰ 16, 1915 ਨੂੰ ਲਾਹੌਰ ਜੇਲ੍ਹ ਵਿਚ ਆਪਣੇ 6 ਹੋਰ ਸਾਥੀਆਂ ਨਾਲ ਫਾਂਸੀ ਉਤੇ ਚੜ੍ਹ ਕੇ ਕੁਰਬਾਨ ਹੋ ਗਏ।

# 'ਦੀਵਾਲੀ ਧਮਾਕਾ-2018' ਦੌਰਾਨ ਲੱਗੀਆਂ ਰੌਣਕਾਂ

## *ਸੱਭਿਆਚਾਰਕ ਪ੍ਰੋਗਰਾਮ ਦਾ ਫਰਿਜ਼ਨੋ ਡਰੀਮਜ਼ ਦਾ ਸੁਪਨਾ ਸਾਕਾਰ*

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਰੋਜ਼ਾਨਾ ਕੰਮਾਂ-ਕਾਰਾ ਦੇ ਰੁਝੇਵਿਆਂ ਵਿਚ ਰੁੱਝੇ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਭਾਈਚਾਰੇ ਨੂੰ ਹਮੇਸ਼ਾ ਤਾਂਘ ਰਹਿੰਦੀ ਹੈ ਕਿ ਚੰਗੇ ਸਾਹਿਤਕ ਅਤੇ ਪਰਿਵਾਰਕ ਵੰਨਗੀ ਦੇ ਗੀਤਾਂ ਨੂੰ ਸੁਣਿਆ ਜਾਵੇ। ਭਾਰਤ ਤੋਂ ਬੁਲਾਏ ਕਲਾਕਾਰ ਬਹੁਤੀ ਵਾਰ ਉਨ੍ਹਾਂ ਦੀਆਂ ਉਮੀਦਾਂ 'ਤੇ ਪੂਰੇ ਨਹੀਂ ਉਤਰਦੇ।ਇਸੇ ਲਈ ਪੰਜਾਬੀ ਸੰਗੀਤ ਪ੍ਰੇਮੀਆਂ ਦੇ ਸੁਪਨੇ ਨੂੰ ਆਸੀਆਨਾ ਟਰੈਵਲਦੇ ਸੰਸਥਾਪਕ ਤਰਨਜੀਤ ਸਿੰਘ ਦੁਆਰਾ ਜਸਵੰਤ ਮਹਿੰਮੀ ਦੇ ਸਹਿਯੋਗ ਨਾਲ ਬਣਾਏ ਗਰੁੱਪ 'ਫਰਿਜ਼ਨੋ ਡਰੀਮਜ਼' ਦੇ ਕਲਾਕਾਰਾਂ ਨੇ ਆਪਣੇ ਪਲੇਠੇ ਪ੍ਰੋਗਰਾਮ 'ਦੀਵਾਲੀ ਧਮਾਕਾ' ਰਾਹੀ ਸਾਕਾਰ ਕੀਤਾ। ਇਲਾਕੇ ਦਾ ਇਹ ਪਹਿਲਾ ਅਜਿਹਾ ਪ੍ਰੋਗਰਾਮ ਸੀ, ਜਿਸ ਨੂੰ ਫਰਿਜ਼ਨੋ ਦੇ 'ਵੈਟਰਨ ਮੈਮੋਰੀਅਲ ਆਡੀਉਟੋਰੀਅਮ' ਵਿਚ ਕਰਵਾਇਆ ਗਿਆ। ਇਸੇ ਤਰ੍ਹਾਂ ਇਹ ਇਲਾਕੇ ਦਾ ਸਫਲ ਪਹਿਲਾ ਪ੍ਰੋਗਰਾਮ ਰਿਹਾ ਜਿਸ ਵਿੱਚ ਸਾਢੇ ਚਾਰ ਘੰਟੇ ਤੋਂ ਵਧੀਕ ਬੈਠ ਸ੍ਰੋਤਿਆਂ ਨੇ ਗਾਇਕੀ ਦਾ ਭਰਪੂਰ ਅਨੰਦ ਮਾਣਿਆ। ਪ੍ਰੋਗਰਾਮ ਦੀ ਸ਼ੁਰੂਆਤ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਕੀਤੀ। ਉਪਰੰਤ ਸੱਤ ਸਾਲ ਦੇ ਛੋਟੇ ਬੱਚੇ ਅਮਨਜੋਤ ਨੇ ਆਪਣੀ ਗਾਇਕੀ ਨਾਲ ਸਭ ਦਾ ਮਨ ਮੋਹ ਲਿਆ। ਅਦਾਕਾਰਾ ਸਾਹਿਬਾਂ ਨੇ ਸਟੇਜ ਤੋਂ ਪੇਸ਼ਕਾਰੀ ਕਰਦੇ ਹੋਏ ਆਪਣੇ ਗੀਤਾਂ 'ਤੇ ਅਦਾਕਾਰੀ ਰਾਹੀਂ ਬਾਲੀਵੁੱਡ ਦਾ ਰੰਗ ਪੇਸ਼ ਕੀਤਾ। ਇਸ ਤੋਂ ਬਾਅਦ ਚੱਲਿਆ ਪੰਜਾਬੀ ਗਾਇਕੀ ਦਾ ਖੁੱਲਾ ਅਖਾੜਾ, ਜਿਸ ਵਿਚ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ, ਅਕਾਸ਼ਦੀਪ ਅਕਾਸ਼, ਗਾਇਕਾ ਜੋਤ ਰਣਜੀਤ, ਰਾਜੇਸ਼ ਰਾਜੂ, ਅਵਤਾਰ ਗਰੇਵਾਲ, ਬੱਲੂ ਸਿੰਘ, ਸੁਰਜੀਤ ਮਾਛੀਵਾੜਾ, ਗੀਤਕਾਰ ਸੁੱਖਪਾਲ ਔਜਲਾ, ਸੰਗੀਤਕਾਰ ਜੱਸ ਵਡਾਲੀ ਆਦਿ ਨੇ ਸੱਭਿਆਚਾਰਕ ਗੀਤਾਂ ਰਾਹੀ ਖੂਬ ਰੰਗ ਬੰਨ੍ਹਿਆ।ਪ੍ਰੋਗਰਾਮ ਦਾ ਅੰਤ ਗਾਇਕਾਂ ਅਤੇ ਪ੍ਰਬੰਧਕਾਂ ਨੇ ਰਲ ਬੋਲੀਆਂ ਪਾਉਂਦੇ ਹੋਏ ਖ਼ੁਸ਼ੀ-ਖ਼ੁਸ਼ੀ ਕੀਤਾ। ਅੰਤ ਵਿਚ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਤਰਨਜੀਤ ਨੇ ਸਮੂਹ ਹਾਜ਼ਰੀਨ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।



ਇਸੇ ਪ੍ਰੋਗਰਾਮ ਦੌਰਾਨ ਇਕ 'ਤਰਕਸ਼ ਏਅਰ ਲਾਈਨ' ਦੀ ਫਸਟ ਕਲਾਸ ਏਅਰ ਟਿਕਟ, ਇਕ ਇਕਾਨੌਮੀ ਕਲਾਸ ਦੀ ਏਅਰ ਟਿਕਟ, ਦੁਨੀਆ ਦੇ ਕਿਸੇ ਵੀ ਕੋਨੇ ਵਿਚ ਫਾਈਵ ਸਟਾਰ ਹੋਟਲ ਵਿਚ ਦੋ ਦਿਨ ਦੀ ਫਰੀ ਰਿਹਾਇਸ਼ ਅਤੇ ਹੋਰ ਬਹੁਤ ਸਾਰੇ ਕੀਮਤੀ ਰੈਂਫਲ ਡਰਾਅ ਕੱਢੇ ਗਏ। ਇਸੇ ਦੌਰਾਨ ਵਿਸ਼ੇਸ਼ ਸਪਾਂਸ਼ਰਸਿਪ ਲਈ 'ਮਾਊਂਟਿਨ ਮਾਈਕ ਪੀਜ਼ਾ' ਫਰਿਜ਼ਨੋ ਦੇ ਮਾਲਕ ਸ੍ਰੀਮਤੀ ਰਾਜਵੰਤ ਬੇਦੀ ਅਤੇ ਸ੍ਰੀਮਾਨ ਤਾਰਕ ਬੇਦੀ ਦਾ ਸਨਮਾਨ ਕੀਤਾ ਗਿਆ। ਭਾਰਤ ਤੋਂ ਆਏ ਪੱਤਰਕਾਰ ਸਵਰਨ ਸਿੰਘ ਦਾਨੇਵਾਲੀਆਂ ਦਾ ਵੀ ਸਨਮਾਨ ਕੀਤਾ ਗਿਆ। ਇਸ ਸਮੇਂ ਪੰਜਾਬੀ ਪੁਸਤਕਾਂ ਦੀ ਪ੍ਰਦਰਸ਼ਨੀ ਅਤੇ ਸਟਾਲ ਵੀ ਲੁਧਿਆਣੇ ਤੋਂ ਆਏ ਸਤੀਸ਼ ਗੁਲਾਟੀ ਵੱਲੋਂ ਲਾਇਆ ਗਿਆ ਸੀ। ਸਟੇਜ ਸੰਚਾਲਨ ਬੀਬੀ ਆਸ਼ਾ ਸ਼ਰਮਾ ਅਤੇ ਗਿੱਲ ਪਰਦੀਪ ਨੇ ਸ਼ਾਇਰਾਨਾ ਅੰਦਾਜ਼ ਵਿਚ ਬਾ-ਖ਼ੂਬੀ ਕੀਤਾ। ਸਮੁੱਚੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਨ 'ਗਰਵ ਪੰਜਾਬ' ਟੀਵੀ. ਅਤੇ ਸ਼ੋਸ਼ਲ ਮੀਡੀਏ 'ਤੇ ਦੁਨੀਆ ਭਰ ਵਿਚ ਕੀਤਾ ਗਿਆ। ਪ੍ਰੋਗਰਾਮ ਦੀ ਸਫਲਤਾ ਲਈ 'ਫਰਿਜ਼ਨੋ ਡਰੀਮਜ਼' ਦੇ ਪ੍ਰਬੰਧਕ ਅਤੇ ਕਲਾਕਾਰ ਵਧਾਈ ਦੇ ਪਾਤਰ ਹਨ।

# ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਦਾ '6ਵਾਂ ਛਣਕਾਟਾ ਵੰਗਾਂ ਦਾ' ਪ੍ਰੋਗਰਾਮ 6 ਜਨਵਰੀ ਨੂੰ

## *ਸਮੂਹ ਪੰਜਾਬੀਆਂ ਨੂੰ ਸੱਭਿਆਚਾਰਕ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ : ਗਾਖਲ*

**ਫਰੀਮੌਂਟ/ਬਿਊਰੋ ਨਿਊਜ਼ :** ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆ, ਅਮਰੀਕਾ ਦੇ ਮੁੱਖ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਨੇ 'ਇੱਕੀ ਇੰਟਰਨੈਸ਼ਨਲ ਐਂਟਰੇਟਨਮੈਂਟ (ਇੰਕ),' ਵਲੋਂ ਐੱਸ.ਅਸ਼ੋਕ. ਭੌਰਾ ਦੀ ਅਗਵਾਈ ਵਿਚ ਕਰਵਾਏ ਜਾਂਦੇ ਨਵੇਂ ਵਰ੍ਹੇ ਦੇ ਵਿਸ਼ੇਸ਼ ਪ੍ਰੋਗਰਾਮ 'ਛਣਕਾਟਾ ਵੰਗਾਂ' ਦੀ ਤਾਰੀਫ ਕਰਦਿਆਂ ਕਿਹਾ ਕਿ ਇਹ ਨਿਰੋਲ ਸੱਭਿਆਚਾਰਕ ਅਤੇ ਸਿਹਤਮੰਦ ਸੰਗੀਤਕ ਪ੍ਰੋਗਰਾਮ ਕਰੀਬ ਅੱਧੇ ਦਹਾਕੇ ਤੋਂ ਪੰਜਾਬੀਆਂ 'ਚ ਬੇਹੱਦ ਹਰਨਮਨਪਿਆਰਾ ਅਤੇ ਸਲਾਹਿਆ ਜਾਂਦਾ ਹੈ। ਉਨ੍ਹਾਂ ਯੂਨਾਈਟਡ ਸਪੋਰਟਸ ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਵਲੋਂ ਇਸ ਪ੍ਰੋਗਰਾਮ ਨੂੰ ਦਿੱਤੇ ਜਾਂਦੇ ਸਹਿਯੋਗ ਦਾ ਵੀ ਉਚੇਚਾ ਜ਼ਿਕਰ ਕੀਤਾ ਤੇ ਸ. ਬੈਂਸ ਦੇ ਹੀ ਪੈਰਾਡਾਈਜ਼ ਬਾਲਰੂਮ ਵਿਚ ਛੇਵਾਂ ਛਣਕਾਟਾ ਵੰਗਾਂ ਦਾ ਪ੍ਰੋਗਰਾਮ 6 ਜਨਵਰੀ 2019, ਦਿਨ ਐਤਵਾਰ, ਦੁਪਹਿਰ 12 ਵਜੇ ਤੋਂ ਦੇਰ ਸ਼ਾਮ ਤੱਕ ਕਰਵਾਇਆ ਜਾ ਰਿਹਾ ਹੈ। ਖਾਸ ਗੱਲ ਇਹ ਹੈ ਕਿ ਅਲਾਪ ਗਰੁੱਪ ਦੇ ਚੰਨੀ ਸਿੰਘ ਵਰਗੇ ਕਲਾਕਾਰ ਅਤੇ ਮਰਦਾਨਗੀ ਦਿੱਖ ਵਿਚ ਗਾਉਣ ਵਾਲੀਆਂ ਕੁੜੀਆਂ ਹਰਮਨਦੀਪ ਅਤੇ ਮੋਨਾ ਸਿੰਘ ਇਕ ਛਣਕਾਟੇ ਦਾ ਮਹੱਤਵਪੂਰਨ ਹਿੱਸਾ ਬਣਨਗੀਆਂ। ਪਹਿਲੀ ਵਾਰ ਹੈ ਕਿ ਯੂਸੀ ਡੇਵਿਸ ਦੀ ਗਿੱਧਾ ਟੀਮ ਅਤੇ 'ਬੇ-ਏਰੀਆ ਧਮਕ' ਦੀਆਂ ਟੀਮਾਂ ਗਿੱਧਾ ਪੇਸ਼ ਕਰਨਗੀਆਂ। ਅਜੇ ਭੰਗੜਾ ਅਕੈਡਮੀ ਦਾ ਭੰਗੜਾ ਅਤੇ ਪਰਮਜੀਤ ਧਾਲੀਵਾਲ ਦੀ ਅਗਵਾਈ ਹੇਠ ਮਲਵਈ ਬਾਬਿਆਂ ਦਾ ਗਿੱਧਾ ਵੀ ਪਹਿਲੀ ਵਾਰ ਹੀ ਪੇਸ਼ ਕੀਤਾ ਜਾਵੇਗਾ। ਸ. ਗਾਖਲ ਨੇ ਇਸ ਪਰਿਵਾਰਕ ਪ੍ਰੋਗਰਾਮ ਵਿਚ ਸਮੂਹ ਪੰਜਾਬੀਆਂ ਨੂੰ ਬੱਚਿਆਂ ਸਮੇਤ ਪਹੁੰਚਣ ਦੀ ਅਪੀਲ ਕੀਤੀ। ਹੋਰ ਜਾਣਕਾਰੀ ਲਈ ਫੋਨ ਨੰ: 510-695-4836 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਸਿਆਟਲ ਦੀ ਭੰਗੜਾ ਟੀਮ ਬੋਸਟਨ ਵਿੱਚ ਦੂਜੇ ਸਥਾਨ 'ਤੇ ਰਹੀ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਬੋਸਟਨ ਵਿਚ ਨਾਰਥ ਅਮਰੀਕਾ ਦੀਆਂ ਨਾਮਵਰ ਭੰਗੜੇ ਦੀਆਂ ਟੀਮਾਂ ਵਿਚਕਾਰ ਜ਼ਬਰਦਸਤ ਮੁਕਾਬਲਾ ਹੋਇਆ ਜਿਸ ਵਿਚ ਟੋਰਾਂਟੋ ਦੀ ਨੱਚਦੀ ਜਵਾਨੀ ਟੀਮ ਪਹਿਲੇ ਅਤੇ ਸਿਆਟਲ ਦੀ ਏਬੀਸੀ ਭੰਗੜਾ ਟੀਮ ਦੂਜੀ ਥਾਂ 'ਤੇ ਰਹੀ। ਸਕੱਤਰ ਸਿੰਘ ਸੰਧੂ ਨੇ ਦੱਸਿਆ ਕਿ ਹਰਮੀਤ ਧਾਲੀਵਾਲ ਤੇ ਅਰਜਨ ਸਹੋਤਾ ਨੇ ਬੜੀ ਮਿਹਨਤ ਕਰਕੇ ਭੰਗੜਾ ਟੀਮ ਨੂੰ ਟ੍ਰੇਨਿੰਗ ਦਿੱਤੀ ਹੈ। ਸਿਆਟਲ ਟੀਮ ਦੀ ਇਸ ਜਿੱਤ ਉਤੇ ਬੱਚਿਆਂ ਦੇ ਮਾਪਿਆਂ, ਸਰੋਤਿਆਂ ਨੇ ਕੋਚ ਹਰਮੀਤ  ਧਾਲੀਵਾਲ, ਅਰਜਨ ਸਹੋਤਾ ਅਤੇ ਕੈਨ ਸਹੋਤਾ ਨੂੰ ਵਧਾਈਆਂ ਦਿੱਤੀਆਂ ਹਨ।

ਇਸ ਮੌਕੇ ਦਯਿਆਬੀਰ ਸਿੰਘ ਪਿੰਟੂ ਬਾਠ, ਮਨਮੋਹਣ ਸਿੰਘ ਧਾਲੀਵਾਲ, ਹਰਦੀਪ ਸਿੰਘ ਗਿੱਲ, ਧਰਮ ਸਿੰਘ ਮੈਰੀਪੁਰ, ਗੁਰਮੀਤ ਨਿੱਝਰ, ਸੁਖਚੈਨ ਸਿੰਘ ਸੰਧੂ ਨੇ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਭੰਗੜਾ ਟੀਮ ਨੇ ਸਿਆਟਲ ਦਾ ਨਾਂ ਰੌਸ਼ਨ ਕੀਤਾ ਹੈ।




Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਕਮਬਖਤ ਜ਼ਿੰਦਗੀ ਦਾ ਮੂੰਹ ਚਿੜਾਉਂਦਾ ਭੂਢ ਦੰਦ ਦਾ ਹਾਸਾ

ਜਪੋ ਦੇ ਸਿਧਾਂਤ ਨੂੰ ਪ੍ਰਣਾਇਆ ਹੈ। ਉਹ ਮਾਤਾ ਗਰੀਬ ਕੌਰ ਤੋਂ ਰਾਸ਼ਨ ਬਾਰੇ ਪੁੱਛਦੇ ਨੇ ਕਿ ਕੀ ਮੁੱਕਿਆ ਤੇ ਕੀ ਬਚਿਆ..। ਰਿਫਾਇੰਡ ਦੀ ਬੋਤਲ ਬਾਰੇ ਪੁੱਛਦੇ ਨੇ ਕਿ ਮਾਤਾ ਦਿਖਾ ਕਿੰਨਾ ਕੁ ਰਹਿ ਗਿਆ। ਮਾਤਾ ਬੋਤਲ ਦਿਖਾਉਂਦੀ ਹੋਈ ਹੌਲੀ-ਹੌਲੀ ਆਖਦੀ ਹੈ- "ਵਰਤਿਆ ਨਹੀਂ ਜੇ," ਬਾਬੇ ਵੱਲ ਵੇਖ ਆਖਦੀ ਹੈ-"ਇਹਦਾ ਕੀ ਪਤੈ ਕਦ ਮੁੱਕ ਜਾਏ, ਫੇਰ ਮਕਾਣਾਂ ਆਈਆਂ ਤੋਂ ਚੋਪੜ, ਤੜਕੇ ਦੇ ਕੰਮ ਆਜੂ ਇਹ।" ਤੇਲ ਦੀ ਬੋਤਲ ਝੋਲੇ 'ਚ ਲਪੇਟ ਕੇ ਮਾਤਾ ਮਿੱਟੀ ਦੇ ਭੜੋਲੇ 'ਚ ਮੁੜ ਸਾਂਭ ਲੈਂਦੀ ਹੈ..।

ਗੁਰੂ ਦੇ ਸੇਵਕਾਂ ਦੀ ਇੰਨੀ ਦੁਰਦਸ਼ਾ, ਸਾਨੂੰ ਸਿੱਖ ਕਹਾਉਣ ਦਾ ਦਾਅਵਾ ਕਰਦਿਆਂ ਨੂੰ ਸ਼ਰਮ ਆਉਣ ਲੱਗੀ ਸੀ, ਓਥੇ..। ਘਰ ਦੇ ਜੀਅ ਦੋ-ਤਿੰਨ ਦਿਨ ਨੁਹਾਉਂਦੇ ਨਹੀਂ, ਨੁਹਾਉਣਗੇ ਤਾਂ ਪਾਣੀ ਲੱਗੂ, ਬਿੱਲ ਆਊ। ਨੁਹਾਉਣ, ਲੀੜੇ-ਧੋਣ ਉਤੇ ਸਾਬਣ ਦਾ ਖਰਚਾ ਵੀ ਆਊ..। ਗੁਰਬਤ ਦਾ ਇਦੂੰ ਵੀ ਕੋਈ ਭਿਆਨਕ ਰੰਗ ਹੋ ਸਕਦਾ ਹੈ? ਸ਼ਾਇਦ ਨਹੀਂ..।

ਦਾਲ ਰੋਟੀ ਬਣਾਉਣੀ, ਬਹੁਕਰ ਫੇਰਨੀ, ਕੱਪੜੇ, ਭਾਂਡੇ ਧੋਣਾ, ਪਾਥੀਆਂ ਭੰਨ ਕੇ ਝੋਕਾ ਭਰਨਾ, ਅੱਗ ਬਾਲਣੀ, ਚਿਮਟੇ ਨਾਲ ਗੋਹੇ ਫਰੋਲਣੇ.. ਸਾਰੇ ਕੰਮ ਦੀਦੇ ਗਵਾ ਚੁੱਕੀ ਮਾਤਾ ਕਰਦੀ ਹੈ। ਬਾਲਣ ਕਿੱਥੋਂ ਲਿਆਉਂਦੇ ਹੋ, ਤਾਂ ਮਾਤਾ ਦੱਸਦੀ ਹੈ ਕਿ ਜ਼ਿਮੀਦਾਰਨੀਆਂ 1 ਰੁਪਏ ਦੀ ਇਕ ਪਾਥੀ ਵੇਚਦੀਆਂ ਨੇ, ਰੋਜ਼ ਦਾ ਚਾਲੀਆਂ ਦਾ ਬਾਲਣ ਮੱਚ ਜਾਂਦੈ।

ਮਾਤਾ ਐਨਾ ਕੰਮ ਬਿਨਾ ਨਿਗਾ ਤੋਂ ਔਖਾ ਨਹੀਂ ਲੱਗਦਾ? ਸਵਾਲ ਸੁਣ ਕੇ ਮਾਤਾ ਟਹਿਕਦੀ ਹੋਈ ਬੋਲੀ - "ਦੀਦਿਆਂ ਵਾਲੇ ਤਾਂ ਭਾਵੇਂ ਠੇਡਾ ਖਾ ਲੈਣ.. ਮੈਂ ਤਾਂ ਇਥੇ ਪੈਲਾਂ ਪਾ ਲਊਂ..।" ਮਾਤਾ ਜ਼ੋਰ ਨਾਲ ਹੱਸਦੀ ਹੈ, ਉਹਦੇ ਮੂੰਹ 'ਚ ਬਚਿਆ ਭੂਢ ਦੰਦ ਕੰਬਖਤ ਜ਼ਿੰਦਗੀ ਦਾ ਮੂੰਹ ਚਿੜਾ ਰਿਹਾ ਜਾਪਿਆ। ਅਸੀਂ ਇਕ ਅਖਬਾਰੀ ਰਿਪੋਰਟ ਲਈ ਕਾਗਜ਼ ਕਾਲੇ ਕਰਕੇ ਭਰੇ ਮਨ ਨਾਲ ਵਾਪਸ ਆ ਗਏ। ਅਗਲੇ ਦਿਨ ਭਾਣਾ ਵਾਪਰ ਗਿਆ, ਬਜ਼ੁਰਗ ਗੁਰੂ ਦਾ ਨਾਮ ਜਪਦਾ-ਜਪਦਾ ਅਕਾਲ ਪੁਰਖ ਦੀ ਸਾਜੀ ਕੁਦਰਤ 'ਚ ਆਪਣੇ ਲਿਖੇ ਸਵਾਸ ਪੂਰੇ ਕਰਕੇ ਸਮਾਅ ਗਿਆ।

ਇਕ ਸਵਾਲ ਉਸ ਦੇ ਅਕਾਲ ਚਲਾਣੇ ਮਗਰੋਂ ਵੀ ਚੁਭ ਰਿਹਾ ਹੈ ਕਿ ਜਿਸ ਸ਼ਖਸ ਨੇ ਧਰਮ ਦੀ ਕਿਸੇ ਨਾ ਕਿਸੇ ਰੂਪ 'ਚ ਸੇਵਾ ਕਰਦਿਆਂ ਜ਼ਿੰਦਗੀ ਦੇ ਅਨਮੋਲ ਵਰੇ ਦਿੱਤੇ ਜੇ ਉਹ ਕਿਸੇ ਤਕਲੀਫ ਵਿੱਚ ਪੈ ਗਿਆ, ਤਾਂ ਕੀ ਬਾਕੀ 'ਧਰਮੀਆਂ' ਦਾ ਫਰਜ਼ ਨਹੀ ਬਣਦਾ ਕਿ ਉਸ ਗੁਰੂਭਾਈ ਦੇ ਨਾਲ ਸਿਰ ਜੋੜ ਕੇ ਖੜਿਆ ਜਾਵੇ..?

## ਫਖਰ ਏ ਕੌਮ ਤੇ ਅਕਾਲੀ ਦਲ ਦਾ ਪ੍ਰਧਾਨ ਬੇਅਦਬੀ ਤੇ ਨਿਰਦੋਸ਼ਾਂ ਦੇ ਕਤਲ ਮਾਮਲੇ 'ਚ ਹੋਏ ਪੇਸ਼

ਦਿੱਤੇ ਸੀ। ਕਿਹਾ ਕਿ ਅਸੀਂ ਬੇਅਦਬੀ ਕਿਵੇਂ ਕਰਾ ਸਕਦੇ ਹਾਂ, ਬਾਕੀ ਸਿੱਖਾਂ ਵਾਂਗ ਸਾਡੇ ਦਿਲ ਵੀ ਬੇਅਦਬੀ ਵਾਲੇ ਮਾਮਲਿਆਂ ਕਰਕੇ ਦੁਖੀ ਹਨ, ਤੇ ਸਾਡੇ ਤਿੰਨ ਘਰਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਹਨ, ਅਸੀਂ ਬੇਅਦਬੀ ਕਿਵੇਂ ਕਰਵਾ ਸਕਦੇ ਹਾਂ।

**ਸੁਖਬੀਰ ਨੇ ਵੀ ਦਿੱਤੇ ਗੋਲਮੋਲ ਜੁਆਬ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੂਬੇ ਵਿੱਚ ਆਪਣੀ ਸਰਕਾਰ ਦੇ ਕਾਰਜਕਾਲ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਬੇਅਦਬੀ ਅਤੇ ਕੋਟਕਪੂਰਾ ਗੋਲੀ ਕਾਂਡ ਦੀਆਂ ਘਟਨਾਵਾਂ ਵਿਚ ਆਪਣੀ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਪੱਲਾ ਝਾੜ ਲਿਆ ਹੈ।

ਵਧੀਕ ਡੀਜੀਪੀ ਪ੍ਰਬੋਧ ਕੁਮਾਰ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ ਦੇ ਮੂਹਰੇ ਬੇਅਦਬੀ ਤੇ ਗੋਲੀ ਕਾਂਡ ਦੀ ਤਫ਼ਤੀਸ਼ ਵਿੱਚ ਸ਼ਮੂਲੀਅਤ ਕਰਨ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਪੱਤਰਕਾਰਾਂ ਸਾਹਮਣੇ ਦਾਅਵਾ ਕੀਤਾ ਕਿ 'ਸਿੱਟ' ਨੂੰ ਇਹੋ ਸਪੱਸ਼ਟ ਕੀਤਾ ਹੈ ਕਿ 8 ਅਕਤੂਬਰ ਤੋਂ ਲੈ ਕੇ ਘਟਨਾ ਵਾਲੇ ਦਿਨ (14 ਅਕਤੂਬਰ 2015) ਤੱਕ ਦੇ ਦਿਨਾਂ ਦੌਰਾਨ ਉਹ ਪੰਜਾਬ ਵਿੱਚੋਂ ਬਾਹਰ ਸਨ। ਅਕਸ਼ੈ ਕੁਮਾਰ ਨਾਲ ਮੁਲਾਕਾਤ ਬਾਰੇ ਸਖਬੀਰ ਨੇ ਕਿਹਾ ਕਿ ਮੈਂ ਪੰਜਾਬ ਤੋਂ ਬਾਹਰ ਕਦੇ ਵੀ ਅਕਸ਼ੈ ਨੂੰ ਨਹੀ ਮਿਲਿਆ।

ਸੁਖਬੀਰ ਨੇ ਗੋਲੀ ਚਲਾਉਣ ਦੇ ਹੁਕਮਾਂ ਉੱਤੇ ਵੀ ਮੈਂ ਇਥੇ ਨਹੀ ਸੀ ਕਹਿ ਕੇ ਆਪਣੀ ਖੱਲੜੀ ਬਚਾਅ ਲਈ ਪਰ ਇਸ ਨਾਲ ਸੁਮੇਧ ਸਿੰਘ ਸੈਣੀ ਅਤੇ ਦਰਜਨ ਦੇ ਕਰੀਬ ਪੁਲੀਸ ਅਧਿਕਾਰੀਆਂ ਕਸੂਤੀ ਸਥਿਤੀ ਵਿੱਚ ਫਸ ਸਕਦੇ ਹਨ ਕਿਉਂਕਿ ਇਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਦਾਅਵਾ ਕਰ ਚੁੱਕੇ ਹਨ ਕਿ ਕੋਟਕਪੂਰਾ ਵਿੱਚ ਹੋਏ ਇਕੱਠ 'ਤੇ ਗੋਲੀ ਚਲਾਉਣ ਦਾ ਹੁਕਮ ਉਨ੍ਹਾਂ ਨਹੀਂ ਦਿੱਤਾ ਸੀ। ਉਂਝ ਸੁਖਬੀਰ ਨੇ ਕਿਹਾ ਹੈ ਕਿ ਪੁਲਸ ਨੂੰ ਕਿਸੇ ਵੀ ਕਾਰਵਾਈ ਦਾ ਆਦੇਸ਼ ਸਰਕਾਰ ਨਹੀਂ ਮੈਜਿਸਟਰੇਟ ਦਿੰਦਾ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਜਿਸ ਤਰ੍ਹਾਂ ਅਕਸ਼ੈ ਕੁਮਾਰ ਨੂੰ ਘੜੀਸਿਆ ਜਾ ਰਿਹਾ ਹੈ ਉਸ ਨੂੰ ਦੇਖਦਿਆਂ ਕਿਸੇ ਵੀ ਅਦਾਕਾਰ ਨੇ ਪੰਜਾਬ ਵੱਲ ਮੂੰਹ ਨਹੀਂ ਕਰਨਾ। ਉਨ੍ਹਾਂ ਕਿਹਾ ਕਿ ਸਿੱਟ ਦੇ ਮੈਂਬਰਾਂ ਨੂੰ ਬਲਕਿ ਉਨ੍ਹਾਂ ਖੁਦ ਸਵਾਲ ਕੀਤਾ "ਕੋਟਕਪੂਰਾ ਥਾਣੇ ਵਿਚ ਦਰਜ ਜਿਸ ਐਫ.ਆਈ.ਆਰ. ਨੰਬਰ 129 ਦੀ ਤਫ਼ਤੀਸ਼ ਲਈ ਮੈਨੂੰ ਬੁਲਾਇਆ ਹੈ ਉਹ ਪੂਰੀ ਤਰ੍ਹਾਂ ਗੈਰਕਾਨੂੰਨੀ ਜਾਪਦੀ ਹੈ ਕਿਉਂਕਿ ਇੱਕ ਤਾਂ ਘਟਨਾ ਵਾਪਰਨ ਤੋਂ 3 ਸਾਲ ਬਾਅਦ ਦਰਜ ਕੀਤੀ ਗਈ ਤੇ ਸ਼ਿਕਾਇਤ ਕਰਤਾ ਖੁਦ ਪੁਲੀਸ ਕੋਲ ਨਹੀਂ ਪਹੁੰਚਿਆ ਬਲਕਿ ਪੁਲੀਸ ਉਸ ਨੂੰ ਬੁਲਾ ਰਹੀ ਹੈ।"

ਐਸਆਈਟੀ ਜਾਖੜ ਵਾਲੇ ਸੁਆਲ ਕਰਦੀ ਹੈ-ਸੁਖਬੀਰ : ਸੁਖਬੀਰ ਸਿੰਘ ਬਾਦਲ ਨੇ ਇਹ ਵੀ ਦੋਸ਼ ਲਾਇਆ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਇੱਕ ਦਿਨ ਪਹਿਲਾਂ ਮੀਡੀਆ ਵਿੱਚ ਬਿਆਨ ਦਿੰਦੇ ਹਨ ਤੇ ਉਸੇ ਤਰ੍ਹਾਂ ਫਿਰ ਐਸਆਈਟੀ ਸਵਾਲ ਘੜ੍ਹਦੀ ਹੈ। ਇਸ ਤੋਂ ਇਹ ਲਗਦਾ ਹੈ ਕਿ ਜਿਵੇਂ ਜਾਖੜ ਅਣਐਲਾਨੇ ਮੈਂਬਰ ਹੋਣ।

**ਲਾਮ ਲਸ਼ਕਰ ਲੈ ਕੇ ਗਏ ਸੀ ਕਾਕਾ ਜੀ** :19 ਨਵੰਬਰ ਨੂੰ ਪੁੱਛਗਿੱਛ ਲਈ ਸੁਖਬੀਰ ਸਿੰਘ ਬਾਦਲ ਸੈਕਟਰ 9 ਸਥਿਤ ਪੁਲੀਸ ਹੈੱਡਕੁਆਰਟਰ 'ਤੇ 'ਸਿੱਟ' ਦੇ ਮੈਂਬਰਾਂ ਦੇ ਸਾਹਮਣੇ ਪੇਸ਼ ਹੋਣ ਲਈ ਆਪਣੇ ਨਾਲ ਅਕਾਲੀ ਆਗੂਆਂ ਅਤੇ ਵਰਕਰਾਂ ਦਾ ਲਾਮ ਲਸ਼ਕਰ ਲੈ ਕੇ ਗਏ ਪਰ ਪੁਲੀਸ ਹੈੱਡਕੁਆਰਟਰ ਦੇ ਅੰਦਰ ਇਕੱਲੇ ਸੁਖਬੀਰ ਬਾਦਲ ਦੀਆਂ ਗੱਡੀਆਂ ਨੂੰ ਹੀ ਜਾਣ ਦਿੱਤਾ ਤੇ ਬਾਕੀ ਆਗੂ ਇਮਾਰਤ ਦੇ ਬਾਹਰ ਖੜ੍ਹੇ ਰਹੇ। ਪੁੱਛਗਿੱਛ ਕਰਨ ਵਾਲਿਆਂ ਵਿੱਚ ਏਡੀਜੀਪੀ ਪ੍ਰਬੋਧ ਕੁਮਾਰ, ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ, ਆਈਜੀ ਅਰੁਣਪਾਲ ਸਿੰਘ ਅਤੇ ਕਮਾਂਡੈਂਟ ਭੁਪਿੰਦਰ ਸਿੰਘ ਸ਼ਾਮਲ ਸਨ। ਸ੍ਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਦੱਸਿਆ ਕਿ ਸਾਬਕਾ ਉਪ ਮੁੱਖ ਮੰਤਰੀ ਤੋਂ ਤਕਰੀਬਨ ਇੱਕ ਘੰਟਾ ਪੁੱਛਗਿੱਛ ਕੀਤੀ। ਬਾਦਲ ਦੀ ਰਿਹਾਇਸ਼ ਤੇ ਜਾ ਕੇ ਪੁੱਛਗਿੱਛ ਕਰਨਾ ਗਲਤ-ਜਥੇਦਾਰ ਮੰਡ : ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕਿ ਕਦੇ ਵੀ ਕੋਈ ਜਾਂਚ ਕਮੇਟੀ ਦੋਸ਼ੀ ਤੋਂ ਪੁੱਛਗਿੱਛ ਕਰਨ ਲਈ ਉਹਦੇ ਘਰ ਨਹੀ ਜਾਂਦੀ, ਸਗੋ ਦੋਸ਼ੀ ਨੂੰ ਸਮਾਂ ਅਤੇ ਸਥਾਨ ਖੁਦ ਨਿਸ਼ਚਿਤ ਕਰਕੇ ਬੁਲਾਉਂਦੀ ਹੈ,ਪਰ ਪ੍ਰਕਾਸ਼ ਸਿੰਘ ਬਾਦਲ ਦੇ ਮਾਮਲੇ ਵਿੱਚ ਸਿਟ ਨੇ ਇਹ ਨਵੀ ਰਵਾਇਤ ਤੋਰ ਕੇ ਸਿੱਧ ਕਰ ਦਿੱਤਾ ਹੈ ਕਿ ਸਿੱਖਾਂ ਨੂੰ ਪੂਰਾ ਇਨਸਾਫ ਮਿਲਣ ਦੀ ਬਹੁਤੀ ਸੰਭਾਵਨਾ ਨਹੀ ਹੈ। ਕੈਪਟਨ ਅਮਰਿੰਦਰ ਸਿੰਘ ਬਾਦਲਾਂ ਨਾਲ ਦੋਸਤੀ ਪੁਗਾ ਕੇ ਸਿੱਖ ਕੌਮ ਤੋਂ ਬੇਮੁਖ ਹੋ ਕੇ ਵੱਡੇ ਗੁਨਾਹ ਕਰ ਰਿਹਾ ਹੈ, ਜਿਸ ਨੂੰ ਕੌਮ ਨਹੀਂ ਵਿਸਾਰੇਗੀ। ਕੈਪਟਨ ਨੇ ਬਾਦਲਾਂ ਦੇ ਸਿਆਸੀ ਨਿਘਾਰ ਤੋਂ ਕੁਝ ਸਿੱਖਣਾ ਚਾਹੀਦਾ ਹੈ।

**ਕੈਪਟਨ ਸਰਕਾਰ ਸਿੱਧੀ ਕਾਰਵਾਈ ਕਰੇ-ਆਪ** : ਆਮ ਆਦਮੀ ਪਾਰਟੀ ਪੰਜਾਬ ਦੇ ਆਗੂਆਂ ਨੇ ਕਿਹਾ ਹੈ ਕਿ ਕੈਪਟਨ ਸਰਕਾਰ ਜੇ ਸਚਮੁੱਚ ਹੀ ਬੇਅਦਬੀ ਮਾਮਲੇ ਅਤੇ ਗੋਲੀ ਕਾਂਡਾਂ ਬਾਰੇ ਕੋਈ ਇਨਸਾਫ ਦੇਣਾ ਚਾਹੁੰਦੀ ਹੈ ਤਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਅਧਾਰ ਉੱਤੇ ਕਨੂੰਨੀ ਕਾਰਵਾਈ ਕਰੇ, ਕਿਉਂਕਿ ਐਸ ਆਈ ਟੀ ਵਲੋਂ ਬਾਦਲਾਂ ਤੋਂ ਪੁੱਛਗਿੱਛ ਵਾਲਾ ਡਰਾਮਾ ਮਹਿਜ ਖਾਨਾਪੂਰਤੀ ਹੈ।

## ਗੁਰੂ ਨਾਨਕ ਜੀ ਦੇ ਸੰਦੇਸ਼ ਅਤੇ ਅਜੋਕੇ ਸਿੱਖ ਸਮਾਜ ਦੀ ਦਸ਼ਾ

ਧਾਰਮਿਕ ਵਿਅਕਤੀ ਤੇ ਚੰਗਾ ਬਣਨ ਲਈ ਮੰਗਣ ਦੀ ਥਾਂ ਹੱਥੀਂ ਕਿਰਤ ਕਰਨ ਲਈ ਪ੍ਰੇਰਿਆ, "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥" ਜੰਤਰ-ਮੰਤਰ ਜੀਵਨ ਵਿੱਚ ਕੋਈ ਅਰਥ ਨਹੀਂ ਰੱਖਦੇ ਅਤੇ ਇਹ ਪਾਖੰਡ ਹਨ। ਜੇਕਰ ਇਸ ਵਿੱਚ ਕੋਈ ਸੱਚਾਈ ਹੁੰਦੀ ਤਾਂ ਕਰੋੜਾਂ ਪੀਰ, ਜਿਨ੍ਹਾਂ ਨੂੰ ਸਿਕੰਦਰ ਲੋਧੀ ਨੇ ਮੁਗ਼ਲ ਫ਼ੌਜਾਂ 'ਤੇ ਜਾਦੂ ਕਰਨ ਲਈ ਬੁਲਾਇਆ ਸੀ, ਮੁਗ਼ਲ ਫ਼ੌਜਾਂ ਨੂੰ ਅੰਨ੍ਹਾ ਕਰ ਦਿੰਦੇ ਅਤੇ ਬਾਬਰ ਦੀ ਜਿੱਤ ਨਾ ਹੁੰਦੀ, "ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥" ਅੰਗ ੪੧੭।

ਗੁਰੂ ਨਾਨਕ ਦੇਵ ਜੀ ਨੇ ਦੂਜਾ ਉਪਰਾਲਾ ਸਮਾਜ ਵਿੱਚੋਂ ਜਾਤ-ਪਾਤ, ਊਚ-ਨੀਚ ਦੀ ਵਰਣ ਵੰਡ ਨੂੰ ਖ਼ਤਮ ਕਰਨ ਦਾ ਕੀਤਾ। "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥" ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਲਈ ਭਾਈ ਮਰਦਾਨਾ ਜੀ ਜੋ ਉਸ ਸਮੇਂ ਸਾਮਾਜਿਕ ਵਰਣ-ਵੰਡ ਦੇ ਹੇਠਲੇ ਪਉੜੇ ਵਿੱਚੋਂ ਸਨ, ਨੂੰ ਆਪਣਾ ਸਾਥੀ ਬਣਾਇਆ ਅਤੇ ਭਾਈ ਲਾਲੋ ਵਰਗੇ ਮਿਹਨਤਕਸ਼ਾਂ ਨੂੰ ਪਹਿਲ ਦਿੱਤੀ। ਗੁਰੂ ਜੀ ਨੇ ਉਪਦੇਸ਼ ਕੀਤਾ ਕਿ ਧਰਮ ਤੇ ਜਾਤ ਦੇ ਆਧਾਰ 'ਤੇ ਵੰਡ ਵੀ ਇਨਸਾਨ ਨੇ ਪੈਦਾ ਕੀਤੀ ਹੈ। ਲੰਗਰ ਨੂੰ ਸਿੱਖ ਧਰਮ ਦੀ ਮਰਿਯਾਦਾ ਬਣਾ ਕੇ ਸੇਵਾ ਤੇ ਬਰਾਬਰੀ ਨੂੰ ਵਿਸ਼ੇਸ਼ਤਾ ਦਿੱਤੀ। ਗੁਰੂ ਜੀ ਨੇ ਖੁਦ ਹੱਥੀਂ ਖੇਤੀ ਕਰਕੇ ਕਰਤਾਰਪੁਰ ਤੋਂ ਪਹਿਲਾ ਲੰਗਰ ਚਾਲੂ ਕੀਤਾ, ਜਿਸ ਵਿੱਚ ਸਭ ਧਰਮ ਅਤੇ ਜਾਤਾਂ ਦੇ ਲੋਕ ਇਕੱਠੇ ਬੈਠ ਕੇ ਖਾਣਾ ਖਾਂਦੇ ਸਨ। ਉਨ੍ਹਾਂ ਦੱਸਿਆ ਕਿ ਸ਼ਰਾਧ ਕਰਨੇ ਅਤੇ ਸੂਤਕ ਵੀ ਅਗਿਆਨਤਾ ਹੈ, ਕਿਉਂਕਿ ਜਨਮ ਮਰਨ ਪ੍ਰਭੂ ਦੇ ਹੁਕਮ ਵਿੱਚ ਹੈ। ਮਰਨ ਉਪਰੰਤ ਸਰੀਰ ਨੂੰ ਦਬਾਉਣ ਜਾਂ ਜਲਾਉਣ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜੀਵਨ ਵਿੱਚ ਪਰਾਏ ਧਨ, ਤਨ ਤੇ ਨਿੰਦਾ ਦਾ ਤਿਆਗ ਕਰਨ, ਸੱਚ, ਸੰਤੋਖ ਤੇ ਸਿਮਰਨ ਕਰਨ ਅਤੇ ਮਿੱਠਾ ਬੋਲਣ ਦੇ ਗੁਣ ਅਪਨਾਉਣੇ ਚਾਹੀਦੇ ਹਨ। ਗ੍ਰਿਹਸਥ ਸਭ ਤੋਂ ਉੱਤਮ ਹੈ ਅਤੇ ਔਰਤ ਵੀ ਸਨਮਾਨ ਯੋਗ ਹੈ, "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥" (ਅੰਗ ੪੭੩)। ਔਰਤ ਦੀ ਇੱਜ਼ਤ ਕਰਨ ਅਤੇ ਦਾਜ ਪ੍ਰਥਾ ਵਿਰੁੱਧ ਵੀ ਗੁਰੂ ਸਾਹਿਬਾਨ ਨੇ ਆਵਾਜ਼ ਉਠਾਈ।

ਇਨਸਾਨ ਨੂੰ ਮਿਹਨਤ ਕਰਕੇ ਪੈਸਾ ਕਮਾਉਣਾ ਚਾਹੀਦਾ ਹੈ ਤੇ ਲੋੜਵੰਦਾਂ ਦੀ ਮਦਦ ਵੀ ਕਰਨੀ ਚਾਹੀਦੀ ਹੈ। ਬਹੁਤੀ ਮਾਇਆ ਪਾਪਾਂ ਤੋਂ ਬਿਨਾਂ ਇਕੱਤਰ ਨਹੀਂ ਕੀਤੀ ਜਾ ਸਕਦੀ, ਪਰ ਅੰਤ ਵੇਲੇ ਇਹ ਕਿਸੇ ਕੰਮ ਨਹੀਂ ਆਉਂਦੀ, "ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥"

ਅਕਾਲ ਪੁਰਖ ਦੀ ਬਣਾਈ ਕਾਇਨਾਤ ਦਾ ਅੰਤ ਨਹੀਂ ਪਾਇਆ ਜਾ ਸਕਦਾ। ਇਹ ਇੱਕ ਅਸਚਰਜ਼ ਕੌਤਕ ਹੈ, "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥" ਅੰਗ ੫ ਰਾਹੀਂ ਨਵੀਂ ਖੋਜ ਵੱਲ ਇਸ਼ਾਰਾ ਕੀਤਾ, ਜਿਸ ਬਾਰੇ ਅੱਜ ਵੀ ਵਿਗਿਆਨ ਪੂਰੀ ਜਾਣਕਾਰੀ ਨਹੀਂ ਲੱਭ ਸਕੀ।

ਗੁਰੂ ਜੀ ਨੇ ਅੱਜ ਤੋਂ 500 ਸਾਲ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਸਰੀਰ ਵਿੱਚ ਬਿਮਾਰੀਆਂ ਮਾਨਸਿਕ ਕਾਰਨ ਤੋਂ ਉਤਪੰਨ ਹੁੰਦੀਆਂ ਹਨ। ਪਹਿਲਾਂ ਮਨ ਰੋਗੀ ਹੁੰਦਾ ਹੈ, ਫੇਰ ਲੱਛਣ ਸਰੀਰ 'ਤੇ ਪ੍ਰਗਟ ਹੁੰਦੇ ਹਨ। ਮਾਨਸਿਕ ਤੰਦਰੁਸਤੀ ਲਈ ਸਿਮਰਨ, ਸੰਤੋਖ ਤੇ ਦਾਨ ਸਹੀ ਰਾਹ ਹਨ। ਕਾਮ ਕ੍ਰੋਧ ਤੇ ਜ਼ੁਬਾਨ ਦੇ ਸਵਾਦ ਤੇ ਭੌਤਿਕ ਵਸਤੂਆਂ ਲਈ ਤ੍ਰਿਸ਼ਨਾਵਾਂ ਨੂੰ ਖ਼ਤਮ ਕਰਨਾ ਹੋਵੇਗਾ। ਜਦੋਂ ਤੱਕ ਰੋਗੀ ਮਾਨਸਿਕ ਤੌਰ 'ਤੇ ਮਜ਼ਬੂਤ ਨਹੀਂ ਹੁੰਦਾ, ਉਹ ਸਰੀਰਕ ਤੌਰ 'ਤੇ ਠੀਕ ਨਹੀਂ ਹੋ ਸਕਦਾ। ਜਿਸ ਦੀ ਪ੍ਰਥਾਏ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ-"ਖਸਮੁ ਵਿਸਾਰਿ ਕੀਏ ਰਸ ਭੋਗ॥ ਤਾਂ ਤਨਿ ਉਠਿ ਖਲੋਏ ਰੋਗ॥ ਮਨ ਅੰਧੇ ਕਉ ਮਿਲੈ ਸਜਾਇ॥ ਵੈਦ ਨ ਭੋਲੇ ਦਾਰੂ ਲਾਇ।।" ਅੰਗ ੧੨੫੬। ਇਸ ਦਾ ਦਾਰੂ ਅਤੇ ਮਾਨਸਿਕ ਤੇ ਸਰੀਰਕ ਤੰਦਰੁਸਤੀ ਦੀ ਜੁਗਤ "ਦੁਖ ਮਹੁਰਾ ਮਾਰਣ ਹਰਿ ਨਾਮੁ॥ ਸਿਲਾ ਸੰਤੋਖ ਪੀਸਣੁ ਹਥਿ ਦਾਨੁ॥ ਨਿਤ ਨਿਤ ਲੇਹੁ ਨ ਛੀਜੈ ਦੇਹ। ਅੰਤ ਕਾਲਿ ਜਮੁ ਮਾਰੈ ਠੇਹ॥੧॥ ਐਸਾ ਦਾਰੂ ਖਾਹਿ ਗਵਾਰ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ॥" ਅੰਗ-੧੨੫੬ ਦਰਜ ਕੀਤੀ।

ਗ਼ੁਲਾਮੀ ਤੇ ਜ਼ੁਲਮ ਨੂੰ ਬਰਦਾਸ਼ਤ ਕਰਨਾ ਬੁਜ਼ਦਿਲੀ ਹੈ। ਉਸ ਸਮੇਂ ਦੇ ਹਾਲਾਤ ਬਾਰੇ ਗੁਰੂ ਸਾਹਿਬ ਨੇ ਦੱਸਿਆ, "ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥" ਵਕਤ ਦੇ ਰਾਜਿਆਂ ਤੇ ਉਨ੍ਹਾਂ ਦੇ ਜ਼ੁਲਮਾਂ ਬਾਰੇ ਗੁਰੂ ਜੀ ਨੇ ਆਵਾਜ਼ ਉਠਾਈ ਤੇ ਆਖਿਆ, "ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥" (ਅੰਗ-੭੨੨)। ਅਹਿਲਕਾਰਾਂ ਬਾਰੇ ਦੱਸਿਆ, "ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨ੍ਹਿ ਬੈਠੇ ਸੁਤੇ॥" ਜ਼ੁਲਮ ਤੇ ਕਾਇਰਤਾ ਵਿਰੁੱਧ ਆਵਾਜ਼ ਉਠਾ ਕੇ ਲੋਕਾਈ ਨੂੰ ਜ਼ਾਲਮ ਵਿਰੁੱਧ ਖੜ੍ਹੇ ਹੋਣ ਲਈ ਆਖਿਆ। ਹੁਕਮ ਦਰਜ ਹੈ-"ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥" (ਅੰਗ-੧੪੨)। ਭਾਵੇਂ ਇਸ ਲਈ ਸ਼ਹਾਦਤ ਹੀ ਕਿਉਂ ਨਾ ਦੇਣੀ ਪਵੇ "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨਾ ਕੀਜੈ॥" ਅੰਗ ੧੪੧੨।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਇੱਕ ਅਕਾਲ ਪੁਰਖ ਵਿੱਚ ਵਿਸ਼ਵਾਸ ਰੱਖਣ, ਘਰ ਵਿੱਚ ਹੀ ਰਹਿ ਕੇ ਉਸ ਦਾ ਸਿਮਰਨ ਕਰਨ, ਸੱਚੀ ਜੀਵਨ-ਜੁਗਤ, ਸੇਵਾ ਅਤੇ ਬਹਾਦਰੀ ਨਾਲ ਜੀਵਨ ਜਿਊਣ ਦੀ ਨਵੀਂ ਸੋਚ ਦਾ ਆਰੰਭ ਕੀਤਾ-"ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ॥" ਅੰਗ ੫੯੮। ਜਿਸ ਵਿੱਚ ਕਰਮ-ਕਾਂਡ, ਘਰ ਤਿਆਗਣ ਨਾਲ ਪ੍ਰਭੂ ਪ੍ਰਾਪਤੀ ਲਈ ਕੋਈ ਥਾਂ ਨਹੀਂ।

ਪਿਛਲੇ 200 ਸਾਲ ਤੋਂ ਇੱਕ ਵਰਗ ਨੇ ਰੱਬ ਦੀ ਹੋਂਦ ਨੂੰ ਹੀ ਮੰਨਣ ਤੋਂ ਇਨਕਾਰ ਕਰਕੇ ਨਵੀਂ ਕ੍ਰਾਂਤੀ ਦੀ ਗੱਲ ਕੀਤੀ ਹੈ। ਕਾਰਲ ਹੈਨਰਿਕ ਮਾਰਕਸ (5 ਮਈ 1818), ਲੇਡੀਮਿਰ ਲਿਚ ਲੇਨਿਨ (ਸੰਨ 1870-1924) ਅਤੇ ਮਾਓ ਜੇ ਤੁੰਗ ਇਸ ਫਲਸਫ਼ੇ ਦੇ ਮੋਢੀ ਮੰਨੇ ਜਾਂਦੇ ਹਨ ਅਤੇ ਇਨ੍ਹਾਂ ਕ੍ਰਾਂਤੀਕਾਰੀਆਂ ਨੇ ਜਾਇਦਾਦ ਦੀ ਵੰਡ ਦੇ ਨਾਂ ਹੇਠ ਸਮਾਜ ਵਿੱਚ ਨਵੇਂ ਵਖਰੇਵੇਂ ਪੈਦਾ ਕੀਤੇ ਹਨ। ਸਮਾਜਵਾਦੀ ਸਾਧਨਾਂ ਨੂੰ ਖੋਹਣ ਦੀ ਗੱਲ ਕਰਦੇ ਹਨ। ਗੁਰੂ ਨਾਨਕ ਦੇਵ ਜੀ, ਬਰਾਬਰੀ ਤੇ ਵੰਡ ਕੇ ਛੱਕਣ ਦੀ ਗੱਲ ੫੫੦ ਸਾਲ ਪਹਿਲਾਂ ਸ਼ੁਰੂ ਕਰ ਚੁੱਕੇ ਹਨ। ਪਰਾਏ ਹੱਕ ਨੂੰ ਗੁਰੂ ਜੀ ਨੇ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ"॥ ਅੰਗ ੧੪੧, ਆਖਿਆ ਹੈ। ਸਾਧਨਾਂ ਦੀ ਥਾਂ ਉਪਜ ਨੂੰ ਵੰਡ ਕੇ ਛਕਣ ਦੀ ਪ੍ਰੇਰਣਾ ਹੈ, ਜਿਸ ਵਿੱਚ ਕੇਵਲ ਬਰਾਬਰੀ, ਪ੍ਰੇਮ ਅਤੇ ਆਨੰਦ ਹੈ। ਆਪਸੀ ਲੜਾਈ ਝਗੜਾ ਅਤੇ ਵਖਰੇਵਾਂ ਕਿਧਰੇ ਵੀ ਨਹੀਂ ਹੈ। ਗੁਰੂ ਜੀ ਨੇ ਨਵੀਂ ਜੀਵਨ-ਜਾਚ ਨਾਲ ਸਮਾਜ ਤੇ ਦੇਸ਼ ਵਿੱਚ ਮੁਕੰਮਲ ਤਬਦੀਲੀ ਦਾ ਫਲਸਫਾ ਪੇਸ਼ ਕੀਤਾ, ਜਿਸ ਨੂੰ ਹਿੰਦੂ ਤੇ ਮੁਸਲਮਾਨਾਂ ਨੇ ਗੁਰੂ ਜੀ ਦੇ ਜੀਵਨ ਕਾਲ ਵਿਚ ਹੀ ਅਪਣਾ ਲਿਆ ਸੀ। ਲੋਕ ਬੋਲੀਆਂ ਵਿੱਚ "ਨਾਨਕ ਸ਼ਾਹ ਫਕੀਰ ਹਿੰਦੂ ਦਾ ਗੁਰੂ ਮੁਸਲਿਮ ਦਾ ਪੀਰ" ਦਾ ਅਖਾਣ ਬਣ ਗਿਆ। ਬਾਕੀ ਸਿੱਖ ਗੁਰੂ ਸਾਹਿਬਾਨ ਨੇ ਵੀ ਇਸ ਸੋਚ 'ਤੇ ਆਪਣੀ ਮੋਹਰ ਲਾਈ। ਜਿਨ੍ਹਾਂ ਸਮਾਜਿਕ ਕੁਰੀਤੀਆਂ ਵਿਰੁੱਧ ਗੁਰੂ ਜੀ ਨੇ ਆਵਾਜ਼ ਉਠਾਈ ਸੀ, ਉਹ ਅੱਜ ਫਿਰ ਸਮਾਜ ਵਿੱਚ ਨਜ਼ਰ ਆਉਣੀਆਂ ਸ਼ੁਰੂ ਹੋ ਗਈਆਂ ਹਨ। ਇਨ੍ਹਾਂ ਨੂੰ ਦੂਰ ਕਰਨ ਲਈ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਉਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦੀ ਲੋੜ ਹੈ, ਇਹ ਹੀ ਸਭ ਤੋਂ ਉੱਤਮ ਰਾਹ ਹੈ।

## ਮੀਡੀਆ ਵੱਲੋਂ 'ਸਿੱਖ ਅੱਤਵਾਦ' ਦੀ ਕਾਵਾਂ-ਰੌਲੀ ਦੀ ਅਸਲੀਅਤ

ਮੜ੍ਹਨ ਦੀ ਇੱਕ ਹੋਰ ਕੋਝੀ ਹਰਕਤ ਇਹ ਕੀਤੀ ਹੈ, ਕਿ ਇਸ ਨੂੰ ਅਪ੍ਰੈਲ 1978 ਵਾਲੇ ਅੰਮ੍ਰਿਤਸਰ ਵਿੱਚ ਵਾਪਰੇ ਖ਼ੂਨੀ ਕਾਂਡ ਨਾਲ ਜੋੜਿਆ ਗਿਆ ਹੈ। ਇਸ ਨੂੰ ਸਹੀ ਸਾਬਤ ਕਰਨ ਲਈ ਹਰ ਤਰ੍ਹਾਂ ਦੇ ਹੋਛੇ ਹੱਥ-ਕੰਡੇ ਅਪਣਾਏ ਗਏ। ਇਸ ਕਾਵਾਂਰੌਲੀ ਤਹਿਤ ਉਸ ਵੇਲੇ ਦੇ ਸ਼ਹੀਦ ਸਿੱਖਾਂ ਦੇ ਪਰਿਵਾਰਾਂ ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ ਪ੍ਰਕਾਸ਼ਿਤ ਕੀਤੀਆਂ ਗਈਆਂ। ਇੱਥੋਂ ਤੱਕ ਕਹਾਣੀਆਂ ਲਿਖ ਦਿੱਤੀਆਂ ਕਿ ਕੋਈ ਵੀ ਕਸਰ ਬਾਕੀ ਨਾ ਰਹੇ ਕਿ ਤਾਜ਼ਾ ਨਿਰੰਕਾਰੀ ਬੰਬ ਕਾਂਡ ਪਿੱਛੇ ਵੀ ਸਿੱਖਾਂ ਦਾ ਹੀ ਹੱਥ ਹੈ। ਇਸ ਦੇ ਨਾਲ ਹੀ ਅਗਲੀ ਬੇਈਮਾਨੀ ਇਹ ਕੀਤੀ ਗਈ ਕਿ ਸੰਨ 1978 ਵਾਲੇ ਨਿਰੰਕਾਰੀ ਕਾਂਡ ਵਿਚ 13 ਸਿੱਖਾਂ ਦੇ ਸ਼ਹੀਦ ਹੋਣ ਆਦਿ ਸਿੱਖ ਪੱਖ ਖ਼ਤਮ ਕਰਕੇ, ਸਿੱਖ ਵਿਰੋਧੀ ਜ਼ਹਿਰ ਫੈਲਾਉਂਦਿਆਂ ਰਣਜੀਤ ਸਿੰਘ ਵੱਲੋਂ ਨਿਰੰਕਾਰੀ ਗੁਰਬਚਨ ਸਿੰਘ ਦੇ ਕਤਲ ਦੀ (ਕੁ) ਕਹਾਣੀ ਪੇਸ਼ ਕੀਤੀ ਗਈ।

ਇਹ ਵੀ ਸੋਚਣ ਵਾਲੀ ਗੱਲ ਹੈ ਕਿ ਜਦੋਂ ਚੋਣਾਂ ਨਜ਼ਦੀਕ ਆਉਂਦੀਆਂ ਨੇ ਤਾਂ ਅਜਿਹੀਆਂ ਹਿੰਸਕ ਘਟਨਾਵਾਂ ਯੋਜਨਾਬੱਧ ਤਰੀਕੇ ਨਾਲ ਕਿਉਂ ਕਰਵਾਈਆਂ ਜਾਂਦੀਆਂ ਹਨ? ਪੰਜਾਬ ਵਿਚ ਇਸੇ ਕੋਝੀ ਰਾਜਨੀਤੀ ਤਹਿਤ ਵੋਟਾਂ ਦਾ ਵੇਲਾ ਆਉਂਦਿਆਂ ਹੀ ਹਿੰਦੂਆਂ ਵਿੱਚ ਦਹਿਸ਼ਤ ਪਾ ਕੇ ਵੋਟਾਂ ਖਾਤਰ ਫ਼ਿਰਕੂ ਕਤਾਰਬੰਦੀ ਕਰਨ ਦੇ ਨਾਲ-ਨਾਲ ਦਿੱਲੀ ਦਾ ਬ੍ਰਾਹਮਣਵਾਦੀ ਸਿੱਖ ਵਿਰੋਧੀ ਪ੍ਰਬੰਧ ਸਿੱਖਾਂ 'ਤੇ ਕੁਹਾੜਾ ਚਲਾਉਣ ਤੋਂ ਪਹਿਲਾਂ ਆਪਣੇ ਸਾਰੇ ਦਸਤਿਆਂ, ਜਿਹਨਾਂ ਵਿੱਚ ਮੀਡੀਆ ਵੀ ਅਹਿਮ ਹੈ, ਰਾਹੀਂ ਸਿੱਖਾਂ ਨੂੰ ਅੱਤਵਾਦੀ ਦੇ ਤੌਰ 'ਤੇ ਬਦਨਾਮ ਕਰਦਾ ਹੈ। ਹਿੰਸਕ ਘਟਨਾਵਾਂ ਦੇ ਪੀੜਤਾਂ ਪ੍ਰਤੀ ਹਮਦਰਦੀ ਦੀ ਬਜਾਏ ਨਫ਼ਰਤ ਵਾਲਾ ਮਾਹੌਲ ਬਣਾਇਆ ਜਾਂਦਾ ਹੈ। ਸਿੱਖਾਂ ਪ੍ਰਤੀ ਨਫ਼ਰਤ ਨਾਲ ਭਰੇ ਸਿਆਸਤਦਾਨਾਂ ਤੋਂ ਬਿਆਨਬਾਜ਼ੀ ਕਰਵਾਈ ਜਾਂਦੀ ਹੈ। ਫਿਰ ਕੋਈ ਹਿੰਸਕ ਘਟਨਾ ਵਰਤਾ ਕੇ ਸਿੱਖਾਂ ਨੂੰ ਅੱਤਵਾਦੀ ਕਰਾਰ ਦੇ ਕੇ ਉਹਨਾਂ 'ਤੇ ਜ਼ੁਲਮ ਢਾਹੁਣ ਦਾ ਮਾਹੌਲ ਤਿਆਰ ਕੀਤਾ ਜਾਂਦਾ ਹੈ। ਅਜਿਹਾ ਹੀ ਇਸ ਤਾਜ਼ਾ ਨਿਰੰਕਾਰੀ ਬੰਬ ਕਾਂਡ ਤੋਂ ਬਾਅਦ ਕੀਤਾ ਜਾ ਰਿਹਾ ਹੈ। ਭਾਰਤੀ ਫੌਜ ਦੇ ਮੁਖੀ ਦਾ ਕੁਝ ਦਿਨ ਪਹਿਲਾਂ ਦਾ ਫਿਰਕੂ ਬਿਆਨ ਵੀ ਇਸੇ ਸੰਦਰਭ ਵਿਚ ਦੇਖਣ ਦੀ ਜ਼ਰੂਰਤ ਹੈ।

## ਸਿੱਖ ਕੈਬ ਡਰਾਈਵਰ ਗਗਨਦੀਪ ਸਿੰਘ ਨੂੰ ਮਾਰਨ ਦੇ ਦੋਸ਼ੀ ਨੇ ਗੁਨਾਹ ਕਬੂਲਿਆ

ਗਿਆ ਸੀ। ਪੁਲੀਸ ਮੁਤਾਬਕ ਕਹਾਣੀ ਇਵੇਂ ਹੋਈ ਕਿ ਕੋਲੇਮੈਨ ਗੋਨਜੇਗਾ ਯੂਨੀਵਰਸਿਟੀ ਦੀਆਂ ਕਲਾਸਾਂ ਲਈ ਸਿਆਟਲ ਤੋਂ ਸਪੋਕੇਨ ਪਹੁੰਚਿਆ ਸੀ ਪਰ ਉਸ ਨੂੰ ਦਾਖਲਾ ਨਹੀਂ ਮਿਲਿਆ। ਫਿਰ ਉਸ ਨੂੰ ਉਬਰ ਟੈਕਸੀ ਨਹੀਂ ਮਿਲੀ ਤਾਂ ਕੋਲਮੈਨ ਨੇ ਇਕ ਹੋਰ ਟੈਕਸੀ ਕੰਪਨੀ ਦੀ ਕਾਰ ਬੁਲਾ ਲਈ, ਜਿਸ ਨੇ ਗਗਨਦੀਪ ਸਿੰਘ ਨੂੰ ਭੇਜਿਆ। ਕਰੀਬ 75 ਮੀਲ ਦੇ ਸਫ਼ਰ 'ਤੇ ਕੋਲਮੈਨ ਨੇ ਗਗਨਦੀਪ ਸਿੰਘ ਨੂੰ ਕਿਹਾ ਕਿ ਉਹ ਉਸ ਨੂੰ ਵਾਲਮਾਰਟ ਸਟੋਰ ਵਿਚ ਲਾਹ ਦੇਵੇ। ਉੱਥੇ ਉਸ ਨੇ ਇਕ ਸ਼ਿਕਾਰ ਕਰਨ ਵਾਲਾ ਚਾਕੂ ਖਰੀਦਿਆ ਤੇ ਫਿਰ ਸਫਰ ਜਾਰੀ ਰੱਖਿਆ। ਇਡਾਹੋ ਵਿਚ ਕੋਨੋਕੋ ਗੈਸ ਸਟੇਸ਼ਨ 'ਤੇ ਕੋਲੇਮਨ ਨੇ ਗਗਨਦੀਪ ਸਿੰਘ 'ਤੇ ਚਾਕੂ ਨਾਲ ਹਮਲਾ ਕੀਤਾ ਤੇ ਗਗਨਦੀਪ ਸਿੰਘ ਦੀ ਮੌਤ ਹੋ ਗਈ। ਪੁਲਿਸ ਨੇ ਕੋਲੇਮੈਨ ਨੂੰ ਕੈਬ ਵਿਚੋਂ ਚਾਕੂ ਸਮੇਤ ਫੜਿਆ ਸੀ। ਕੈਬ ਡਰਾਈਵਰ ਗਗਨਦੀਪ ਸਿੰਘ ਆਪਣੇ ਪਰਿਵਾਰ ਨਾਲ ਸੰਨ 2003 ਵਿਚ ਸਿਆਟਲ ਆਇਆ ਸੀ, ਜੋ ਬਾਅਦ ਵਿਚ ਸੰਨ 2007 'ਚ ਸਪੋਕੇਨ ਰਹਿਣ ਲੱਗ ਗਿਆ ਸੀ।

## ਗੁਰਦੁਆਰਾ ਸਾਹਿਬ ਨੂੰ ਅੱਗ ਲਾਉਣ ਵਾਲੇ ਨੂੰ ਚਾਰ ਸਾਲ ਦੀ ਕੈਦ

ਲੀਥ ਮੈਥੋਡੈਸਟ ਚਰਚ ਦੇ ਮੁੱਖ ਦਰਵਾਜ਼ੇ 'ਤੇ ਪੈਟਰੋਲ ਛਿੜਕ ਕੇ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਉਸੇ ਦਿਨ ਕੁਝ ਮਿੰਟਾਂ ਬਾਅਦ ਹੀ ਗੁਰੂ ਨਾਨਕ ਸਿੱਖ ਟੈਂਪਲ ਸ਼ਰੀਫ ਬਾਰੇ ਲੀਥ ਦੇ ਮੁੱਖ ਦਰਵਾਜ਼ੇ 'ਤੇ ਪੈਟਰੋਲ ਛਿੜਕ ਕੇ ਅੱਗ ਲਾਉਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਗੁਰੂ ਘਰ ਦੇ ਮੁੱਖ ਦਰਵਾਜ਼ੇ ਅਤੇ ਅੰਦਰ ਅੱਗ ਲੱਗਣ ਨਾਲ ਕੁਝ ਨੁਕਸਾਨ ਹੋਇਆ ਪਰ ਕਿਸੇ ਵੱਡੀ ਘਟਨਾ ਵਾਪਰਨ ਤੋਂ ਬਚਾਅ ਹੋ ਗਿਆ ਸੀ। ਜੌਹਨਸਨ ਦਾ ਰੋਸ ਰੱਬ ਅਤੇ ਧਰਮ ਨਾਲ ਸੀ, ਜਿਸ ਕਰਕੇ ਉਸ ਨੇ ਅਜਿਹੀ ਹਰਕਤ ਕੀਤੀ।

## ਪੰਜਾਬ ਦੀ ਸ਼ਾਂਤੀ ਨੂੰ ਲਾਂਬੂ ਲਾਉਣ ਦੀ ਸਾਜ਼ਿਸ਼ ?

ਮੁਖੀ ਦੇ ਇਸ ਬਿਆਨ ਦੀ ਸਖ਼ਤ ਨਿੰਦਾ ਕੀਤੀ ਅਤੇ ਸਬੂਤ ਦਿਖਾਉਣ ਲਈ ਕਿਹਾ ਤਾਂ ਉਨ੍ਹਾਂ ਨੇ ਯੂ-ਟਰਨ ਲੈ ਲਿਆ ਤੇ ਕਿਹਾ ਕਿ ਮੇਰਾ ਮਤਲਬ ਸਿਰਫ ਇਹ ਸੀ ਕਿ ਬੇਸ਼ੱਕ ਪੰਜਾਬ ਵਿਚ ਕਿਸੇ ਤਰ੍ਹਾਂ ਦੇ ਦਹਿਸ਼ਤੀ ਸੰਗਠਨ ਦੀ ਸਰਗਰਮੀ ਨਹੀਂ ਹੈ ਪਰ ਫਿਰ ਵੀ ਸੁਚੇਤ ਹੋਣ ਦਾ ਵਕਤ ਹੈ।

**ਭਾਰਤੀ ਏਜੰਸੀਆਂ ਸੁਆਲਾਂ ਦੇ ਘੇਰੇ ’ਚ** : ਹੈਰਾਨੀ ਹੈ ਕਿ ਇਕ ਮੁਲਕ ਦੇ ਫੌਜ ਮੁਖੀ ਵਲੋਂ ਦਿੱਤੇ ਗਏ ਸਿਆਸੀ ਬਿਆਨ ਦੇ ਕੁਝ ਦਿਨ ਬਾਅਦ ਹੀ ਅਜੀਬੋ-ਗਰੀਬ ਘਟਨਾਵਾਂ ਵਾਪਰਦੀਆਂ ਹਨ। ਪਹਿਲਾਂ ਪਠਾਨਕੋਟ ਦੇ ਨੇੜੇ ਮਾਧੋਪੁਰ ਵਿਚ ਚਾਰ ਹਥਿਆਰਬੰਦ ਵਿਅਕਤੀ ਆਪਣੇ-ਆਪ ਨੂੰ ਆਰਮੀ ਮੈਨ ਦੱਸ ਕੇ ਇਕ ਇਨੋਵਾ ਗੱਡੀ ਖੋਂਹਦੇ ਹਨ ਅਤੇ ਨਾਲ ਹੀ ਖ਼ਬਰ ਆ ਜਾਂਦੀ ਹੈ ਕਿ ਫਿਰੋਜ਼ਪੁਰ ਇਲਾਕੇ ਵਿਚ ਜੈਸ਼-ਏ-ਮੁਹੰਮਦ ਬਾਗੀ ਸੰਗਠਨ ਦੇ 6-7 ਹਥਿਆਰਬੰਦ ਕਾਰਕੁੰਨ ਪਾਕਿਸਤਾਨ ਦੀ ਸਰਹੱਦ ਪਾਰ ਕਰਕੇ ਆ ਚੁੱਕੇ ਹਨ, ਇਹ ਦਿੱਲੀ ਜਾ ਕੇ ਕੋਈ ਵੱਡੀ ਦਹਿਸ਼ਤੀ ਵਾਰਦਾਤ ਨੂੰ ਅੰਜ਼ਾਮ ਦੇ ਸਕਦੇ ਹਨ।

ਨਾ ਤਾਂ ਭਾਰਤੀ ਏਜੰਸੀਆਂ ਫਿਰੋਜ਼ਪੁਰ ਵਾਲੇ 6-7 ਹਥਿਆਰਬੰਦ ਸ਼ੱਕੀ ਬੰਦਿਆਂ ਬਾਰੇ ਕੋਈ ਜਾਣਕਾਰੀ ਜਨਤਕ ਕਰ ਸਕੀਆਂ ਅਤੇ ਨਾ ਮਾਧੋਪੁਰ ਕੋਲ ਖੋਹੀ ਗਈ ਗੱਡੀ ਬਾਰੇ ਅਤੇ ਇਨ੍ਹਾਂ ਚਾਰ ਸ਼ੱਕੀਆਂ ਬਾਰੇ ਕੋਈ ਥਹੁ ਪਤਾ ਲਾ ਸਕੀਆਂ। ਖੁਫੀਆ ਏਜੰਸੀਆਂ ਵੱਲੋਂ ਦਾਅਵਾ ਕੀਤਾ ਗਿਆ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਪੜ੍ਹਿਆ ਲਸ਼ਕਰ ਨਾਲ ਸਬੰਧਤ ਬਾਗੀ ਜ਼ਾਕਿਰ ਮੂਸਾ ਅੰਮ੍ਰਿਤਸਰ ਇਲਾਕੇ ਵਿਚ ਹੋ ਸਕਦਾ ਹੈ ਪਰ ਉਸ ਦੇ ਪੋਸਟਰ ਗੁਰਦਾਸਪੁਰ ਜ਼ਿਲ੍ਹੇ ਵਿਚ ਲਗਾਏ ਗਏ।

**ਨਿਰੰਕਾਰੀ ਸਤਿਸੰਗ ਘਰ ’ਚ ਹੋਇਆ ਹਮਲਾ ‘ਸ਼ੱਕੀ’** : ਪੰਜਾਬ ਵਿਚ ਕਈ ਹਥਿਆਰਬੰਦ ਸ਼ੱਕੀਆਂ ਦੇ ਆਉਣ ਦੀ ਖ਼ਬਰ ਤੋਂ ਬਾਅਦ ਹਾਈ ਅਲਰਟ ਜਾਰੀ ਸੀ। ਚੱਪੇ ਚੱਪੇ ਉੱਤੇ ਸੁਰੱਖਿਆ ਤੰਤਰ ਦੀ ‘ਬਾਜ਼ ਅੱਖ’ ਪਹਿਰੇ ਦੇ ਰਹੀ ਸੀ। ਉਸ ਦੇ ਬਾਵਜੂਦ ਲੰਘੇ ਐਤਵਾਰ ਦੁਪਹਿਰ ਦੇ ਕਰੀਬ ਸਾਢੇ ਕੁ ਬਾਰਾ ਵਜੇ ਅਚਾਨਕ ਰਾਜਾਸਾਂਸੀ ਦੇ ਪਿੰਡ ਅਦਲੀਵਾਲਾ ਵਿਚ ਸਥਿਤ ਨਿਰੰਕਾਰੀ ਸਤਿਸੰਗ ਘਰ ਵਿਚ ਸਤਿਸੰਗ ਦੌਰਾਨ ਦੋ ਹਮਲਾਵਰ ਆ ਕੇ ਗ੍ਰਨੇਡ ਸੁੱਟ ਕੇ ਤਿੰਨ ਬੇਦੋਸ਼ੀਆਂ ਦੀਆਂ ਜਾਨਾਂ ਲੈ ਕੇ ਸਫ਼ਲਤਾ ਨਾਲ ਫਰਾਰ ਹੋ ਜਾਂਦੇ ਹਨ। ਇਸ ਹਮਲੇ ਵਿਚ 21 ਨਿਰੰਕਾਰੀ ਜ਼ਖ਼ਮੀ ਹੋਏ ਹਨ।

ਦੱਸਿਆ ਜਾ ਰਿਹਾ ਹੈ ਕਿ ਹਮਲਾਵਰ ਇਲਾਕੇ ਦੇ ਪੂਰੇ ਭੇਤੀ ਸਨ, ਉਹ 15 ਮਿੰਟ ਦੇ ਕਰੀਬ ਸਤਿਸੰਗ ਭਵਨ ਦੇ ਅੰਦਰ ਰਹੇ। ਇਕ ਹਮਾਲਵਰ ਨੇ ਦਰਵਾਜ਼ੇ ਉੱਤੇ ਖੜ੍ਹੇ ਸੇਵਾਦਾਰ ਨੂੰ ਪਿਸਤੌਲ ਦੀ ਨੋਕ ’ਤੇ ਰੋਕਿਆ ਤੇ ਦੂਜਾ ਸੰਗਤ ਦੇ ਨਾਲ ਅੰਦਰ ਚਲਾ ਗਿਆ। ਕੁਝ ਕੁ ਮਿੰਟਾਂ ਬਾਅਦ ਹੀ ਉਸ ਨੇ ਸੰਗਤ ਦੇ ਵਿਚਕਾਰ ਗ੍ਰਨੇਡ ਸੁੱਟ ਦਿੱਤਾ ਤੇ ਧਮਾਕਾ ਹੁੰਦਿਆਂ ਹੀ ਮੱਚੀ ਹਫੜਾ ਦਫੜੀ ਵਿਚ ਉਹ ਸਫਲਤਾ ਨਾਲ ਬਾਹਰ ਖੜ੍ਹੇ ਸਾਥੀ ਨੂੰ ਲੈ ਕੇ ਮੋਟਰਸਾਈਕਲ ਪਲਸਰ 220 ਸੀਸੀ ਉੱਤੇ ਫਰਾਰ ਹੋ ਗਏ। ਜਿਹੜਾ ਗ੍ਰਨੇਡ ਸੁੱਟਿਆ ਗਿਆ ਏਜੰਸੀਆਂ, ਆਪ ਹੀ ਆਖ ਰਹੀਆਂ ਹਨ ਕਿ ਉਸ ਦੇ ਫਟਣ ਲੱਗਿਆ 3.5 ਤੋਂ 5.5 ਸਕਿੰਡ ਦਾ ਸਮਾਂ ਲੱਗਦਾ ਹੈ। ਜੇਕਰ ਏਨੇ ਕੁ ਸਕਿੰਡ ਵਿਚ ਕੋਈ ਹਮਲਾਵਰ ਕਾਂਡ ਕਰਕੇ ਸਫਲਤਾ ਨਾਲ ਭੱਜ ਜਾਂਦਾ ਹੈ ਤੇ ਉਹ ਵੀ ਬਿਨਾਂ ਕੋਈ ਸੱਟ ਖਾਧਿਆ ਤਾਂ ਫਿਰ ਖੁਫੀਆ ਤੇ ਸੁਰੱਖਿਆ ਤੰਤਰ ਨੂੰ ਸਵੈ ਝਾਤ ਜ਼ਰੂਰ ਮਾਰ ਲੈਣੀ ਚਾਹੀਦੀ ਹੈ ਕਿ ਉਹ ਸਵਾ ਸੌ ਕਰੋੜ ਭਾਰਤੀਆਂ ਦੀ ਸੁਰੱਖਿਆ ਦੇ ਲਾਇਕ ਹੈ ਵੀ ਜਾਂ ਨਹੀਂ।

**ਸਰਕਾਰੀ ਉਂਗਲ ਖਾਲਿਸਤਾਨੀਆਂ ਵੱਲ** : ਨਿਰੰਕਾਰੀ ਸਤਿਸੰਗ ਘਰ ’ਤੇ ਹੋਏ ਹਮਲੇ ਦੀ ਨਿੰਦਾ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਸਭ ਤੋਂ ਪਹਿਲਾਂ ਇਹੀ ਬਿਆਨ ਦਿੱਤਾ ਕਿ ਆਈਐਸਆਈ ਵਲੋਂ ਸਹਾਇਤਾ ਪ੍ਰਾਪਤ ਖਾਲਿਸਤਾਨੀ ਜਾਂ ਕਸ਼ਮੀਰੀ ਅੱਤਵਾਦੀ ਸੰਗਠਨਾਂ ਦੀ ਇਸ ਹਮਲੇ ਵਿਚ ਸ਼ਮੂਲੀਅਤ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਕੇਂਦਰ ਸਰਕਾਰ ਦੇ ਸੂਤਰਾਂ ਨੇ ਵੀ ਕੈਪਟਨ ਦੇ ਬਿਆਨ ਵਰਗਾ ਬਿਆਨ ਹੀ ਦਿੱਤਾ ਹੈ। ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਇਸ ਹਮਲੇ ਦੀ ਜਾਂਚ ਕੌਮੀ ਜਾਂਚ ਏਜੰਸੀ ਨੂੰ ਦੇਣ ਦੇ ਨਾਲ-ਨਾਲ ਕਿਹਾ ਕਿ ਹਮਲੇ ਦੀ ਜਾਂਚ ਲਈ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਹਰ ਤਰ੍ਹਾਂ ਸਹਿਯੋਗ ਦੇਵੇਗੀ। ਕੈਪਟਨ ਅਮਰਿੰਦਰ ਸਿੰਘ ਨੇ ਘਟਨਾ ਵਾਲੀ ਥਾਂ ਦਾ ਦੌਰਾ ਕਰਨ ਮਗਰੋਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਮੁਢਲੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਹਮਲੇ ਵਿਚ ਵਰਤਿਆ ਗ੍ਰਨੇਡ ਪਾਕਿਸਤਾਨ ਦੀ ਆਰਮੀ ਆਰਡੀਨੈਂਸ ਫੈਕਟਰੀ ਵਿਚ ਤਿਆਰ ਕੀਤੇ ਗਏ ਗ੍ਰਨੇਡਾਂ ਵਰਗਾ ਲੱਗਦਾ ਹੈ। ਨਾਲ ਹੀ ਕਿਹਾ ਕਿ ਫਿਰ ਵੀ ਪੂਰੀ ਜਾਂਚ ਹੋਈ ਤੋਂ ਬਾਅਦ ਹੀ ਸਾਰਾ ਸੱਚ ਨਸ਼ਰ ਹੋਵੇਗਾ। ਕੈਪਟਨ ਸਰਕਾਰ ਨੇ ਹਮਲਾਵਰਾਂ ਬਾਰੇ ਕੋਈ ਜਾਣਕਾਰੀ ਦੇਣ ਵਾਲੇ ਨੂੰ 50 ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਹੈ। ਮ੍ਰਿਤਕਾਂ ਦੇ ਪਰਿਵਾਰਾਂ ਲਈ ਸਰਕਾਰ ਵਲੋਂ 5-5 ਲੱਖ ਰੁਪਏ ਅਤੇ ਸਰਕਾਰੀ ਨੌਕਰੀ ਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਦੀ ਮਦਦ ਦੇਣ ਦਾ ਐਲਾਨ ਕੀਤਾ ਗਿਆ ਹੈ। ਪੰਜਾਬ ਪੁਲੀਸ ਦੇ ਮੁਖੀ ਸੁਰੇਸ਼ ਅਰੋੜਾ ਨੇ ਕਿਹਾ ਕਿ ਪਾਕਿਸਤਾਨੀ ਅੱਤਵਾਦੀ ਸਿੱਖ ਅੱਤਵਾਦੀਆਂ ਨਾਲ ਰਲ ਕੇ ਪੰਜਾਬ ਵਿਚ ਅਮਨ ਸ਼ਾਂਤੀ ਭੰਗ ਕਰਨਾ ਚਾਹੁੰਦੇ ਹਨ, ਪਰ ਇਸ ਹਮਲੇ ਲਈ ਕਿਸੇ ਨੂੰ ਵੀ ਜ਼ਿੰਮੇਵਾਰ ਠਹਿਰਾਉਣਾ ਹਾਲੇ ਕਾਹਲੀ ਵਾਲੀ ਗੱਲ ਹੋਵੇਗੀ।

ਇਹ ਵੀ ਗੱਲ ਧਿਆਨ ਦੇਣ ਯੋਗ ਹੈ ਕਿ 15 ਨਵੰਬਰ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਕਿਸੇ ਵੀ ਦਹਿਸ਼ਤੀ ਸੰਗਠਨ ਦੀ ਸਰਗਰਮੀ ਤੋਂ ਇਨਕਾਰ ਕੀਤਾ ਸੀ। ਕਿਹਾ ਸੀ ਕਿ ਬੇਸ਼ੱਕ ਪਾਕਿਸਤਾਨੀ ਏਜੰਸੀ ਆਈਐਸਆਈ ਪੰਜਾਬ ਵਿਚ ਭੜਕਾਹਟ ਪੈਦਾ ਕਰਨ ਦੀ ਕੋਸ਼ਿਸ ਕਰ ਰਹੀ ਹੈ, ਪਰ ਪੰਜਾਬ ਦੇ ਲੋਕ ਸ਼ਾਂਤੀ ਚਾਹੁੰਦੇ ਹਨ, ਅੱਤਵਾਦ ਦਾ ਸੰਤਾਪ ਭੁਗਤ ਚੁੱਕੇ ਹਨ ਇਸ ਲਈ ਪੰਜਾਬ ਵਿਚ ਅੱਤਵਾਦ ਦੁਬਾਰਾ ਨਹੀਂ ਆ ਸਕਦਾ।

**ਸ਼ੱਕੀਆਂ ਦਾ ਫੁਟੇਜ ਜਾਰੀ, ਮਗਰੋਂ ਮੁੱਕਰੀਆਂ ਏਜੰਸੀਆਂ** : ਨਿਰੰਕਾਰੀ ਭਵਨ ਵਾਲੇ ਹਮਲੇ ਬਾਰੇ ਹੁਣ ਤੱਕ ਪੁਲੀਸ ਅਤੇ ਸਮੁੱਚੀਆਂ ਏਜੰਸੀਆਂ ਕੋਲ ਸਿਰਫ਼ ਇਕ ਸੁਰਾਗ਼ ਹੈ ਕਿ ਹਮਲਾਵਰ ਦੋ ਜਾਣੇ ਸਨ, ਇਨ੍ਹਾਂ ਨੇ ਆਪਣੇ ਮੂੰਹ ਲਪੇਟੇ ਹੋਏ ਸਨ ਅਤੇ ਇਹ ਬਾਈਕ ਸਵਾਰ ਸਨ। ਹਮਲੇ ਤੋਂ ਤੁਰੰਤ ਬਾਅਦ ਸ਼ੋਸ਼ਲ ਮੀਡੀਆ ’ਤੇ ਇਕ ਧੁੰਦਲੀ ਜਿਹਾ ਬਾਈਕ ਸਵਾਰਾਂ ਦੀ ਫੋਟੋ ਵਾਇਰਲ ਹੁੰਦੀ ਹੈ ਅਤੇ ਕੁਝ ਚਿਰ ਬਾਅਦ ਇਕ ਦਸਤਾਰਧਾਰੀ ਸ਼ਖ਼ਸ ਦੀ ਤਸਵੀਰ ਵਾਇਰਲ ਹੋ ਜਾਂਦੀ ਹੈ, ਜਿਸ ਬਾਰੇ ਜ਼ੋਰ ਸ਼ੋਰ ਨਾਲ ਪ੍ਰਚਾਰਿਆ ਗਿਆ ਕਿ ਇਹ ਹਮਲਾਵਰਾਂ ਵਿਚੋਂ ਹੈ। ਪਰ ਕੈਪਟਨ ਅਮਰਿੰਦਰ ਸਿੰਘ ਨੇ ਇਸ ਫੁਟੇਜ ਨੂੰ ਫੇਕ ਦੱਸਦਿਆਂ ਕਿਹਾ ਕਿ ਜਦੋਂ ਕੋਈ ਸਬੂਤ ਹੀ ਨਹੀਂ ਤਾਂ ਫਿਰ ਫੋਟੋਆਂ ਕਿਥੋਂ ਜਾਰੀ ਹੋ ਗਈਆਂ ? ਇਸ ਬਾਰੇ ਏਜੰਸੀਆਂ ਨੇ ਵੀ ਚੁੱਪ ਵੱਟ ਲਈ।

ਸਤਿਸੰਗ ਘਰਾਂ ਦੀ ਸੁਰੱਖਿਆ ਵਧਾਈ : ਰਾਜਾਸਾਂਸੀ ਵਾਲੇ ਹਮਲੇ ਤੋਂ ਬਾਅਦ ਪੰਜਾਬ ਵਿਚ ਹੀ ਨਹੀਂ, ਹਰਿਆਣਾ ਅਤੇ ਦਿੱਲੀ ਵਿਚ ਵੀ ਨਿਰੰਕਾਰੀ ਸਤਿਸੰਗ ਘਰਾਂ ਦੇ ਨਾਲ ਨਾਲ ਆਰਐਸਐਸ ਦੀਆਂ ਸ਼ਾਖਾਵਾਂ ਦੀ ਵੀ ਸੁਰੱਖਿਆ ਵਧਾ ਦਿੱਤੀ ਗਈ। ਆਮ ਕਰਕੇ ਨਿਰੰਕਾਰੀ ਸਿਰਫ਼ ਕਿਸੇ ਵੱਡੇ ਸਮਾਗਮ ਲਈ ਟ੍ਰੈਫਿਕ ਕੰਟਰੋਲ ਕਰਨ ਵਾਸਤੇ ਪੰਜਾਬ ਪੁਲੀਸ ਦੀ ਮਦਦ ਲੈਂਦੇ ਹਨ। ਅੰਦਰੂਨੀ ਸੁਰੱਖਿਆ ਉਨ੍ਹਾਂ ਦੇ ਆਪਣੇ ਸੇਵਾਦਾਰਾਂ ਦੇ ਹੱਥ ਹੁੰਦੀ ਹੈ। ਇਸ ਵਾਰ ਵੀ ਇਹੋ ਕਿਹਾ ਗਿਆ ਹੈ ਕਿ ਸਤਿਸੰਗਾਂ ਦੌਰਾਨ ਨਿਰੰਕਾਰੀ ਭਵਨਾਂ ਦੀ ਬਾਹਰੀ ਸੁਰੱਖਿਆ ਪੰਜਾਬ ਪੁਲੀਸ ਕਰੇਗੀ ਤੇ ਅੰਦਰੂਨੀ ਸੁਰੱਖਿਆ ਸੇਵਾਦਾਰਾਂ ਦੇ ਹੱਥ ਹੋਵੇਗੀ।

ਨਿਰੰਕਾਰੀ ਆਗੂ ਹੋਏ ਸਰਗਰਮ : ਹਮਲੇ ਤੋਂ ਬਾਅਦ ਨਿਰੰਕਾਰੀ ਮਿਸ਼ਨ ਦੇ ਮੋਹਰੀ ਆਗੂਆਂ ਨੇ ਆਪਣੇ ਪੈਰੋਕਾਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਿਆਸੀ ਬਿਆਨਬਾਜ਼ੀ ਕਰਨ ਤੋਂ ਰੋਕਿਆ। ਉਤਰੀ ਭਾਰਤ ਦੀ ਨਿਰੰਕਾਰੀ ਮਿਸ਼ਨ ਦੀ ਪ੍ਰਬੰਧਕ ਜੋਗਿੰਦਰ ਕੌਰ ਘਟਨਾ ਸਥਾਨ ’ਤੇ ਪੁੱਜੀ ਅਤੇ ਪੱਤਰਕਾਰਾਂ ਨੂੰ ਕਿਹਾ ਕਿ ਸਾਡਾ ਸਿੱਖਾਂ ਨਾਲ ਕੋਈ ਵੈਰ ਨਹੀਂ ਹੈ, ਇਸ ਲਈ ਇਸ ਹਮਲੇ ਨੂੰ ਸੰਨ 1978 ਵਾਲੀ ਨਿਰੰਕਾਰੀ ਘਟਨਾ ਨਾਲ ਨਾ ਜੋੜਿਆ ਜਾਵੇ। ਇਸ ਬੀਬੀ ਨੇ ਸਤਿਕਾਰ ਕਮੇਟੀ ਦਾ ਨਾਮ ਲੈਂਦਿਆਂ ਕਿਹਾ ਕਿ ਅਸੀਂ ਸਤਿਕਾਰ ਕਮੇਟੀ ਦੇ ਮੈਂਬਰਾਂ ਨਾਲ ਪੁਲੀਸ ਦੀ ਹਾਜ਼ਰੀ ਵਿਚ ਕਈ ਵਾਰ ਮੀਟਿੰਗ ਰੱਖੀ ਪਰ ਉਨ੍ਹਾਂ ਦਾ ਕੋਈ ਮੈਂਬਰ ਨਹੀਂ ਆਇਆ। ਜੇਕਰ ਕੋਈ ਗੱਲਬਾਤ ਛੱਡ ਕੇ ਰੌਲਾ ਪਾਉਂਦਾ ਹੈ ਤਾਂ ਫਿਰ ਉਸ ਨਾਲ ਸਿੱਝਣਾ ਪੁਲੀਸ ਦਾ ਕੰਮ ਹੈ।

ਹਮਲੇ ਤੋਂ ਤੁਰੰਤ ਬਾਅਦ ਨਿਰੰਕਾਰੀ ਮਿਸ਼ਨ ਦੇ ਆਗੂ ਕੈਪਟਨ ਅਮਰਿੰਦਰ ਸਿੰਘ ਅਤੇ ਡੀਜੀਪੀ ਸੁਰੇਸ਼ ਅਰੋੜਾ ਨੂੰ ਮਿਲੇ ਸਨ ਅਤੇ ਸੁਰੱਖਿਆ ਦੇ ਮੁੱਦੇ ’ਤੇ ਗੱਲਬਾਤ ਕੀਤੀ ਸੀ। ਨਿਰੰਕਾਰੀ ਮਿਸ਼ਨ ਵਾਲੇ ਆਪਣੇ ਸਤਿਸੰਗ ਘਰਾਂ ਵਿਚ ਸੀਸੀਟੀਵੀ ਕੈਮਰਾ ਲਵਾ ਰਹੇ ਹਨ ਤੇ ਹੁਣ ਹਮਲੇ ਤੋਂ ਬਾਅਦ ਇਹ ਕੰਮ ਰਫ਼ਤਾਰ ਫੜੇਗਾ। ਨਿਰੰਕਾਰੀ ਮਿਸ਼ਨ ਵਲੋਂ ਹਮਲੇ ਵਿਚ ਜਾਨਾਂ ਗੁਆਉਣ ਵਾਲੇ ਤਿੰਨਾਂ ਪੈਰੋਕਾਰਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਦੀ ਮਦਦ ਦੇਣ ਦਾ ਐਲਾਨ ਕੀਤਾ ਗਿਆ ਅਤੇ ਜ਼ਖਮੀਆਂ ਦਾ ਮੁਫ਼ਤ ਇਲਾਜ ਕੀਤਾ ਜਾਵੇਗਾ।

ਭਾਜਪਾ ਨੇ ਕਾਂਗਰਸੀ ਮੰਤਰੀਆਂ ਵੱਲ ਨਿਸ਼ਾਨਾ ਸਾਧਿਆ : ਬੀਜੇਪੀ ਆਗੂ ਆਰਪੀ ਸਿੰਘ ਨੇ ਕਿਹਾ ਹੈ ਕਿ ਪੰਜਾਬ ਦੇ ਮੰਤਰੀਆਂ ਦੀ ਜਾਂਚ ਹੋਣੀ ਚਾਹੀਦੀ ਹੈ। ਤ੍ਰਿਪਤ ਰਜਿੰਦਰ ਬਾਜਵਾ ਇੰਗਲੈਂਡ ਫੇਰੀ ਦੌਰਾਨ ਸਿੱਖਸ ਫਾਰ ਜਸਟਿਸ ਦੇ ਆਗੂਆਂ ਨੂੰ ਮਿਲ ਕੇ ਆਏ ਅਤੇ ਨਵਜੋਤ ਸਿੰਘ ਸਿੱਧੂ ਪਾਕਿਸਤਾਨ ਵਿਚ ਉਥੋਂ ਦੇ ਫੌਜ ਮੁਖੀ ਜਰਨਲ ਬਾਜਵਾ ਨੂੰ ਜੱਫੀਆਂ ਪਾਉਂਦੇ ਰਹੇ, ਜਦਕਿ ਜ਼ਾਕਿਰ ਮੂਸਾ ਪਾਕਿਸਤਾਨੀ ਫੌਜ ਮੁਖੀ ਬਾਜਵਾ ਦਾ ਸਿਪਾਹੀ ਹੈ। ਆਰਪੀ ਸਿੰਘ ਨੇ ਕਿਹਾ ਕਿ ਕਾਂਗਰਸੀ ਮੰਤਰੀਆਂ ਦਾ ‘ਅੱਤਵਾਦੀ ਪ੍ਰੇਮ’ ਪੰਜਾਬ ਲਈ ਭਾਰੂ ਸਿੱਧ ਹੋਇਆ ਹੈ।

ਫੂਲਕਾ ਦੇ ਬਿਆਨ ’ਤੇ ਵਿਵਾਦ : ਆਮ ਆਦਮੀ ਪਾਰਟੀ ਦੇ ਆਗੂ ਐਚਐਸ. ਫੂਲਕਾ ਨੇ ਇਸ ਹਮਲੇ ਨੂੰ ਡੇਰਾ ਸਿਰਸਾ ਨਾਲ ਜੋੜਿਆ ਤੇ ਕਿਹਾ ਕਿ ਅੰਮ੍ਰਿਤਸਰ ਵਿਚ ਹੋਏ ਹਮਲੇ ਨੇ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਵੱਲੋਂ ਕਰਵਾਏ ਗਏ ਮੌੜ ਧਮਾਕੇ ਨੂੰ ਇਕ ਵਾਰ ਫਿਰ ਤੋਂ ਯਾਦ ਕਰਵਾ ਦਿੱਤਾ ਹੈ। ਆਰਮੀ ਚੀਫ ’ਤੇ ਉਂਗਲੀ ਚੁੱਕਦੇ ਹੋਏ ਉਨ੍ਹਾਂ ਨੇ ਕਿਹਾ ਕਿ ਹੋ ਸਕਦਾ ਹੈ ਕਿ ਇਹ ਹਮਲਾ ਆਰਮੀ ਚੀਫ ਨੇ ਕਰਵਾਇਆ ਹੋਵੇ ਤਾਂ ਜੋ ਉਨ੍ਹਾਂ ਦਾ ਪੰਜਾਬ ਵਿਚ ਦਹਿਸ਼ਤੀ ਹਮਲੇ ਦੇ ਖਦਸ਼ੇ ਵਾਲਾ ਬਿਆਨ ਸਹੀ ਸਿੱਧ ਹੋ ਜਾਵੇ। ਫੂਲਕਾ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਸਰਕਾਰ ਅਜਿਹੇ ਕੰਮ ਕਰਦੀ ਰਹਿੰਦੀ ਹੈ। ਫੂਲਕਾ ਦੇ ਇਸ ਬਿਆਨ ’ਤੇ ਜੰਮ ਕੇ ਸਿਆਸਤ ਹੋਈ ਅਤੇ ਇਸ ਬਿਆਨ ਨੂੰ ਆਰਮੀ ਵਿਰੋਧੀ ਗਰਦਾਨ ਦਿੱਤਾ ਗਿਆ ਤਾਂ ਫੂਲਕਾ ਨੂੰ ਆਪਣਾ ਬਿਆਨ ਵਾਪਸ ਲੈਣਾ ਪਿਆ ਅਤੇ ਅਫਸੋਸ ਜਤਾਉਣਾ ਪਿਆ। ਫਿਰ ਵੀ ਖਹਿੜਾ ਨਹੀਂ ਛੁੱਟਿਆ, ਕਾਂਗਰਸੀ ਨੇਤਾ ਡਾ. ਰਾਜ ਕੁਮਾਰ ਵੇਰਕਾ ਨੇ ਤਾਂ ਫੂਲਕਾ ਖਿਲਾਫ਼ ਕੇਸ ਵੀ ਦਰਜ ਕਰਵਾ ਦਿੱਤਾ ਹੈ।

ਆਮ ਆਦਮੀ ਪਾਰਟੀ ਫੂਲਕਾ ਦੇ ਬਚਾਅ ’ਤੇ ਆਈ ਹੈ। ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਕਿਹਾ ਹੈ ਕਿ ਐਚਐਸ ਫੂਲਕਾ ਪਿਛਲੇ 35 ਸਾਲਾਂ ਤੋਂ ਚੁਰਾਸੀ ਕਤਲੇਆਮ ਪੀੜਤਾਂ ਲਈ ਸੰਘਰਸ਼ ਕਰ ਰਹੇ ਹਨ, ਇਸ ਲਈ ਉਨ੍ਹਾਂ ਨੂੰ ਅਚਾਨਕ ਕੀਤੀ ਟਿੱਪਣੀ ਲਈ ਬਦਨਾਮ ਨਹੀਂ ਕਰਨਾ ਚਾਹੀਦਾ ਅਤੇ ਉਹ ਆਪਣਾ ਬਿਆਨ ਵਾਪਸ ਵੀ ਲੈ ਚੁੱਕੇ ਹਨ।

ਪੰਜਾਬ ਤੋਂ ਵਿਧਾਇਕ ਅਮਨ ਅਰੋੜਾ ਨੇ ਇਸ ਘਟਨਾ ਨੂੰ ਖੁਫੀਆ ਏਜੰਸੀਆਂ ਦੀ ਨਾਕਾਮੀ ਦੱਸਿਆ ਹੈ। ਉਨ੍ਹਾਂ ਕਿਹਾ ਕਿ ਹਾਈ ਅਲਰਟ ਦੇ ਬਾਵਜੂਦ ਦੇਸ਼ ਵਿਰੋਧੀ ਤਾਕਤਾਂ ਅਜਿਹੀ ਘਿਨੌਣੀ ਘਟਨਾ ਨੂੰ ਅੰਜ਼ਾਮ ਦੇ ਗਈਆਂ, ਇਹ ਡੂੰਘੀ ਚਿੰਤਾ ਦਾ ਵਿਸ਼ਾ ਹੈ। ਆਮ ਆਦਮੀ ਪਾਰਟੀ ਨੇ ਮ੍ਰਿਤਕਾਂ ਦੇ ਪਰਿਵਾਰਾਂ ਲਈ ਇਕ ਇਕ ਕਰੋੜ ਰੁਪਿਆ ਦੇਣ ਦੀ ਮੰਗ ਕੀਤੀ ਹੈ।

ਤਿਵਾੜੀ ਨੇ ਜੋੜਿਆ ਹਮਲੇ ਨੂੰ 1978 ਵਾਲੇ ਕਾਂਡ ਨਾਲ : ਕਾਂਗਰਸੀ ਆਗੂ ਮਨੀਸ਼ ਤਿਵਾੜੀ ਨੇ ਇਸ ਹਮਲੇ ਨੂੰ 13 ਅਪ੍ਰੈਲ 1978 ਵਾਲੇ ਨਿਰੰਕਾਰੀ ਕਾਂਡ ਨਾਲ ਜੋੜ ਕੇ ਪੇਸ਼ ਕੀਤਾ। ਇਹ ਅੰਮ੍ਰਿਤਸਰ ਵਿਚ ਵਾਪਰੀ ਸਿੱਖਾਂ ਅਤੇ ਨਿਰੰਕਾਰੀਆਂ ਦਰਮਿਆਨ ਪਹਿਲੀ ਹਿੰਸਕ ਘਟਨਾ ਸੀ, ਜਿਸ ਵਿਚ 13 ਸਿੱਖ ਸ਼ਹੀਦ ਹੋ ਗਏ ਸਨ ਅਤੇ ਤਿੰਨ ਨਿਰੰਕਾਰੀਆਂ ਦੀ ਮੌਤ ਹੋ ਗਈ ਸੀ। ਪੰਜਾਬ ਵਿਚ ਪਸਰੇ ਕਾਲੇ ਦੌਰ ਲਈ ਇਹ ਘਟਨਾ ਮੁੱਢ ਸਿੱਧ ਹੋਈ ਸੀ। ਤਿਵਾੜੀ ਨੇ ਕਿਹਾ ਕਿ ਪੰਜਾਬ ਨੂੰ ਸ਼ਾਂਤੀ ਬਹਾਲ ਰੱਖਣ ਲਈ ਅਤੇ ਖਾਲਿਸਤਾਨੀ ਮੁਹਿੰਮ ਮੁੜ ਸੁਰਜੀਤ ਹੋਣ ਤੋਂ ਰੋਕਣ ਲਈ ਵਧੇਰੇ ਚੁਕੰਨੇ ਹੋ ਕੇ ਕੰਮ ਕਰਨ ਦੀ ਲੋੜ ਹੈ। ਯਾਦ ਰਹੇ ਕਿ ਕੈਪਟਨ ਅਮਰਿੰਦਰ ਸਿੰਘ ਨੇ ਬਾਕਾਇਦਾ ਤੌਰ ’ਤੇ ਕਿਹਾ ਹੈ ਕਿ ਰਾਜਾਸਾਂਸੀ ਵਾਲੇ ਹਮਲੇ ਨੂੰ 1978 ਵਾਲੀ ਘਟਨਾਕ੍ਰਮ ਨਾਲ ਨਾ ਜੋੜਿਆ ਜਾਵੇ, ਪਰ ਫਿਰ ਵੀ ਕਾਂਗਰਸੀ ਨੇਤਾ ਚਰਚਾ ਵਿਚ ਰਹਿਣ ਲਈ ਸ਼ਾਇਦ ਬਿਆਨ ਦੇ ਰਹੇ ਹਨ।

**ਖਾਲਿਸਤਾਨ ਗਦਰ ਫੋਰਸ ਦਾ ਨਾਮ ਗੂੰਜਿਆ** : ਪਛਲੇ ਦਿਨੀਂ ਪਟਿਆਲਾ ਪੁਲੀਸ ਨੇ ਖਾਲਿਸਤਾਨ ਗਦਰ ਫੋਰਸ ਦੇ ਨੌਜਵਾਨ ਕਾਰਕੁੰਨ ਸ਼ਬਨਮਦੀਪ ਸਿੰਘ ਨੂੰ ਗ੍ਰਨੇਡ ਅਤੇ ਹਥਿਆਰਾਂ ਸਣੇ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਸੀ। ਉਸ ਦਾ ਇਕ ਹੋਰ ਸਾਥੀ ਜਤਿੰਦਰ ਸਿੰਘ ਬਿੰਦਰ ਹੁਣ ਦਿੜ੍ਹਬਾ (ਸੰਗਰੂਰ) ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਏਜੰਸੀਆਂ ਦਾ ਕਹਿਣਾ ਹੈ ਕਿ ਸ਼ਬਮਨਦੀਪ ਨੂੰ ਵੀ ਇਹੋ ਜਿਹਾ ਗ੍ਰਨੇਡ ਸੁੱਟਣ ਦਾ ਕੰਮ ਸੌਂਪਿਆ ਗਿਆ ਸੀ, ਜਿਸ ਬਦਲੇ ਉਸ ਨੂੰ 10 ਲੱਖ ਰੁਪਏ ਦਿੱਤੇ ਜਾਣੇ ਸਨ। ਤਾਜ਼ਾ ਘਟਨਾ ਤੋਂ ਬਾਅਦ ਸ਼ਬਨਮਦੀਪ ਤੋਂ ਏਜੰਸੀਆਂ ਦੁਬਾਰਾ ਪੁਛਗਿੱਛ ਕਰ ਸਕਦੀਆਂ ਹਨ। ਰਾਜਾਸਾਂਸੀ ਹਲਕੇ ਵਿਚ ਸ਼ਬਨਮਦੀਪ ਦੇ ਸੰਪਰਕ ਵਿਚ ਆਉਣ ਵਾਲੇ ਲੋਕਾਂ ਉੱਤੇ ਵੀ ਜਾਂਚ ਏਜੰਸੀਆਂ ਦੀ ਨਜ਼ਰ ਹੈ।

ਸੁਖਬੀਰ ਤੇ ਰਵਨੀਤ ਬਿੱਟੂ ਨੇ ਕੀਤੀ ਬਰਗਾੜੀ ਮੋਰਚੇ ਵੱਲ ਉਂਗਲ : ਹਮਲੇ ਦੀ ਨਿੰਦਾ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਸ਼ਾਂਤੀ ਭੰਗ ਕਰਨ ਵਾਲੇ ਅਨਸਰਾਂ ਨੂੰ ਸ਼ਹਿ ਦੇ ਰਹੀ ਹੈ। ਪਹਿਲਾਂ ਜਲੰਧਰ ਦੇ ਮਕਸੂਦਾਂ ਥਾਣੇ ਮੋਹਰੇ ਹੋਏ ਬੰਬ ਧਮਾਕੇ ਅਤੇ ਯੂਪੀ ਪੁਲੀਸ ਵੱਲੋਂ ਪ੍ਰਕਾਸ਼ ਸਿੰਘ ਬਾਦਲ ਦਾ ਕਤਲ ਕਰਨ ਦੀ ਸਾਜ਼ਿਸ਼ ਬੇਨਕਾਬ ਕਰਨ ਦੀਆਂ ਘਟਨਾਵਾਂ ਨੇ ਪੰਜਾਬ ਦੀ ਸਾਂਤੀ ਉੱਤੇ ਮੰਡਰਾ ਰਹੇ ਖਤਰੇ ਨੂੰ ਨਸ਼ਰ ਕੀਤਾ ਸੀ। ਫੌਜ ਮੁਖੀ ਨੇ ਵੀ ਸਾਵਧਾਨ ਕੀਤਾ ਸੀ। ਪਰ ਕਾਂਗਰਸ ਸਰਕਾਰ ਨੇ ਕੁਝ ਨਹੀਂ ਕੀਤਾ। ਸੁਖਬੀਰ ਬਾਦਲ ਨੇ ਕਿਹਾ ਹੈ ਕਿ ਬਰਗਾੜੀ ਮੋਰਚੇ ਵਾਲੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਇਸ ਹਮਲੇ ਲਈ ਜ਼ਿੰਮੇਵਾਰ ਹਨ।

ਸੁਖਬੀਰ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਜਾਣਬੁੱਝ ਤੇ ਪੰਜਾਬ ਨੂੰ ਅੱਤਵਾਦ ਵੱਲ ਧੱਕ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਫਿਰ ਉਹ ਦੌਰ ਚੇਤੇ ਆ ਗਿਆ ਹੈ ਜਦੋਂ ਕਾਲਜਾਂ-ਯੂਨੀਵਰਸਿਟੀਆਂ ਹੋਸਟਲਾਂ ਵਿੱਚ ਏ.ਕੇ. ਸੰਤਾਲੀ ਤੇ ਗ੍ਰਨੇਡ ਵੇਖੇ ਜਾਂਦੇ ਸੀ। ਸੁਖਬੀਰ ਬਾਦਲ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਬੈਠੇ ਖਾਲਿਸਤਾਨੀ ਪੰਜਾਬ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਕਾਂਗਰਸੀ ਐਮਪੀ ਰਵਨੀਤ ਬਿੱਟੂ ਨੇ ਵੀ ਇਹੀ ਗੱਲ ਆਖੀ ਕਿ ਜਥੇਦਾਰ ਦਾਦੂਵਾਲ ਭੜਕਾਊ ਭਾਸ਼ਣ ਦਿੰਦੇ ਹਨ, ਜਿਸ ਤੋਂ ਪ੍ਰਭਾਵਿਤ ਹੋ ਕੇ ਨੌਜਵਾਨਾਂ ਨੇ ਇਹ ਕਾਰਾ ਕੀਤਾ। ਬਿੱਟੂ ਨੇ ਕਿਹਾ ਹੈ ਕਿ ਖਾਲਿਸਤਾਨੀ ਵਿਚਾਰਧਾਰਾ ਵਾਲਿਆਂ ਦੀ ਜਾਂਚ ਹੋਣੀ ਚਾਹੀਦੀ ਹੈ।

ਦਾਦੂਵਾਲ ਨੇ ਦਿੱਤਾ ਠੋਕਵਾਂ ਜੁਆਬ : ਸੁਖਬੀਰ ਬਾਦਲ ਵਲੋਂ ਅੰਮ੍ਰਿਤਸਰ ਧਮਾਕੇ ਪਿੱਛੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨਾਮ ਲਏ ਜਾਣ ਤੋਂ ਬਾਅਦ ਦਾਦੂਵਾਲ ਨੇ ਮੋੜਵਾਂ ਜਵਾਬ ਦਿੰਦਿਆਂ ਦਾਅਵਾ ਕੀਤਾ ਕਿ ਅੰਮ੍ਰਿਤਸਰ ਬੰਬ ਧਮਾਕੇ ਵਿਚ ਸੁਖਬੀਰ ਬਾਦਲ, ਡੇਰਾ ਸਿਰਸਾ ਮੁਖੀ ਅਤੇ ਬਿਕਰਮ ਮਜੀਠੀਆ ਦਾ ਸਿੱਧੇ ਤੌਰ ’ਤੇ ਹੱਥ ਹੈ। ਉਨ੍ਹਾਂ ਇਕ ਕਹਾਵਤ ਸੁਣਾਉਂਦਿਆਂ ਸੁਖਬੀਰ ’ਤੇ ਹਮਲਿਆਂ ਕਰਦਿਆਂ ਕਿਹਾ ਕਿ ‘ਕਾਂਵਾਂ ਆਖੇ ਢੋਲ ਨਹੀਂ ਵੱਜਦੇ’। ਦਾਦੂਵਾਲ ਮੁਤਾਬਕ ਬਾਦਲ ਪੰਥਕ ਸਿਆਸਤ ਵਿਚ ਬਾਹਰ ਹੋ ਗਏ ਹਨ ਅਤੇ ਵਾਪਸੀ ਲਈ ਇਨ੍ਹਾਂ ਵਲੋਂ ਪੰਜਾਬ ਦਾ ਮਾਹੌਲ ਖਰਾਬ ਕੀਤਾ ਜਾ ਰਿਹਾ ਹੈ ਪਰ ਜਨਤਾ ਇਨ੍ਹਾਂ ਨੂੰ ਸਿਰੇ ਤੋਂ ਨਾਕਾਰ ਚੁੱਕੀ ਹੈ। ਦਾਦੂਵਾਲ ਨੇ ਇਕ ਘਟਨਾ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਮਲੋਟ ਵਿਚ ਇਕ ਵਪਾਰੀ ਤੋਂ ਬੱਬਰ ਖਾਲਸਾ ਦੇ ਨਾਂ ’ਤੇ ਇਕ ਵਪਾਰੀ ਤੋਂ 50 ਲੱਖ ਰੁਪਏ ਫਿਰੌਤੀ ਮੰਗੀ ਗਈ ਸੀ, ਇਸ ਘਟਨਾ ਵਿਚ ਬਾਦਲ ਦੇ ਭਾਈਵਾਲ ਓਰਬਿੱਟ ਕੰਪਨੀ ਦੇ ਮੁਲਾਜ਼ਮ ਦੇ ਸਹੁਰੇ ਅਤੇ ਸਾਲੇ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਰਵਨੀਤ ਬਿੱਟੂ ਬਾਰੇ ਦਾਦੂਵਾਲ ਨੇ ਕਿਹਾ ਕਿ ਬਿੱਟੂ ਤਾਂ ਬਾਦਲ ਦਾ ਸਕਾ ਪੁੱਤ ਹੈ। ਬਿੱਟੂ ਨੇ ਪਹਿਲਾਂ ਵੀ ਸੁਖਬੀਰ ਬਾਦਲ ਨੂੰ ਜਿਤਾਉਣ ਲਈ ਜਲਾਲਾਬਾਦ ਤੋਂ ਚੋਣ ਲੜੀ ਸੀ। ਜਲਾਲਾਬਾਦ ਵਿਚ ਸੁਖਬੀਰ ਹਾਰ ਰਿਹਾ ਸੀ ਜਦਕਿ ਭਗਵੰਤ ਮਾਨ ਜਿੱਤਦਾ ਨਜ਼ਰ ਆ ਰਿਹਾ ਸੀ, ਸੁਖਬੀਰ ਨੂੰ ਹਾਰ ਤੋਂ ਬਚਾਉਣ ਲਈ ਬਿੱਟੂ ਜਲਾਲਾਬਾਦ ਵਿਚ ਚੋਣ ਲੜਨ ਗਿਆ ਸੀ।

ਦਾਦੂਵਾਲ ਨੇ ਕਿਹਾ ਕਿ ਰਵਨੀਤ ਬਿੱਟੂ ਅਤੇ ਬਾਦਲ ਇਕ ਹਨ, ਇਸ ਲਈ ਸਿਰਫ ਬਿੱਟੂ ਹੀ ਬਾਦਲਾਂ ਦੀ ਹਾਂ ਵਿਚ ਹਾਂ ਮਿਲਾ ਰਿਹਾ ਹੈ। ਹੁਣ ਵੀ ਰਵਨੀਤ ਬਿੱਟੂ ਬਾਦਲਾਂ ਦੀ ਬੋਲੀ ਬੋਲ ਰਿਹਾ ਹੈ। ਦਾਦੂਵਾਲ ਨੇ ਕਿਹਾ ਕਿ ਬਰਗਾੜੀ ਵਿਚ ਲੱਗੇ ਇਨਸਾਫ ਮੋਰਚੇ ਨੇ ਬਾਦਲਾਂ ਦੀ ਨੀਂਦ ਉੱਡਾ ਦਿੱਤੀ ਹੈ, ਇਸ ਲਈ ਬਾਦਲ ਇਸ ਮੋਰਚੇ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਇਸ ਦੇ ਨਾਲ ਹੀ ਦਾਦੂਵਾਲ ਨੇ ਕਿਹਾ ਕਿ ਜੇਕਰ ਦੇਸ਼ ਦੀ ਕੋਈ ਵੀ ਜਾਂਚ ਏਜੰਸੀ ਉਨ੍ਹਾਂ ਨੂੰ ਜਾਂਚ ਲਈ ਬੁਲਾਏਗੀ ਤਾਂ ਉਹ ਜਾਂਚ ਵਿਚ ਜ਼ਰੂਰ ਸ਼ਾਮਲ ਹੋਣਗੇ।

ਸਿੱਖਾਂ ਤੇ ਮੁਸਲਮਾਨਾਂ ਨੂੰ ਬਦਨਾਮ ਕੀਤਾ ਜਾ ਰਿਹੈ-ਮਾਨ : ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਨਿਰੰਕਾਰੀਆਂ ਉੱਤੇ ਹੋਏ ਹਮਲੇ ਦੇ ਮਾਮਲੇ ਵਿੱਚ ਸੂਬਾ ਤੇ ਕੇਂਦਰ ਸਰਕਾਰ ਬਿਨਾ ਸਬੂਤ ਦੇ ਬਿਆਨ ਖਾਲਿਸਤਾਨੀਆਂ ਅਤੇ ਪਾਕਿਸਤਾਨ ਉੱਤੇ ਹਮਲੇ ਲਈ ਦੋਸ਼ ਲਾ ਰਹੀ ਹੈ, ਮੁਲਜਮਾਂ ਦੀ ਗ੍ਰਿਫਤਾਰੀ ਨਹੀਂ ਹੋਈ, ਪਰ ਫੇਰ ਵੀ ਸਿੱਖਾਂ ਤੇ ਮੁਸਲਮਾਨਾਂ ਨੂੰ ਝੂਠੇ ਇਲਜ਼ਾਮ ਲਾ ਕੇ ਬਦਨਾਮ ਕੀਤਾ ਜਾ ਰਿਹਾ ਹੈ।

ਸਿੱਖ ਕਾਰਕੁੰਨਾਂ ਦੀ ਫੜੋਫੜੀ ਦਾ ਵਿਰੋਧ ਕਰਦਿਆਂ ਦਲ ਖ਼ਾਲਸਾ ਦੇ ਬੁਲਾਰੇ ਕੰਵਰ ਪਾਲ ਸਿੰਘ ਬਿੱਟੂ ਨੇ ਕਿਹਾ ਕਿ ਪੁਲਿਸ ਨੇ ਚੁਣ-ਚੁਣ ਕੇ ਖ਼ਾਸ ਵਿਅਕਤੀਆਂ ਦੇ ਘਰਾਂ ’ਤੇ ਛਾਪੇ ਮਾਰਨੇ ਸ਼ੁਰੂ ਕੀਤੇ ਹਨ, ਜਿਨ੍ਹਾਂ ਦੀ ਸਿਹਤ ਠੀਕ ਨਹੀਂ ਹੈ, ਉਨ੍ਹਾਂ ਨੂੰ ਵੀ ਪੁਲਿਸ ਥਾਣਿਆਂ ’ਚ ਪੁੱਜਣ ਦੇ ਹੁਕਮ ਜਾਰੀ ਕੀਤੇ ਗਏ ਹਨ। ਬਿੱਟੂ ਨੇ ਕਿਹਾ ਕਿ ਪੁਲਿਸ ਬਗੈਰ ਪੁਖ਼ਤਾ ਸਬੂਤਾਂ ਦੇ ਸਿੱਖ ਨੌਜਵਾਨਾਂ ਨੂੰ ਤੰਗ ਕਰ ਰਹੀ ਹੈ। ਪੁਲਿਸ ਤੇ ਜਾਂਚ ਏਜੰਸੀਆਂ ਨੂੰ ਬਿਨਾਂ ਕਿਸੇ ਪੱਖਪਾਤ ਦੇ ਹਮਲੇ ਦੀ ਜਾਂਚ ਕਰਨੀ ਚਾਹੀਦੀ ਹੈ। ਇਸ ਹਮਲੇ ਨੂੰ ਸਿਰਫ ਸਿੱਖਾਂ ਤੇ ਨਿਰੰਕਾਰੀਆਂ ਦੇ 1978 ਦੇ ਵਿਵਾਦ ਤੋਂ ਹੀ ਨਹੀਂ ਦੇਖਣਾ ਚਾਹੀਦਾ। ਉਨ੍ਹਾਂ ਨੇ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਜ਼ਿੰਮੇਵਾਰੀ ਨਾਲ ਕੰਮ ਕਰਨ ਤੇ ਇਲਜ਼ਾਮਾਂ ਤੋਂ ਬਚਣ ਦੀ ਅਪੀਲ ਕੀਤੀ। ਉਨ੍ਹਾਂ 80ਵੇਂ ਤੇ 90ਵਿਆਂ ਵਿੱਚ ਪੁਲਿਸ ਦੀ ਕਾਰਵਾਈ ਨਾਲ ਇਸ ਦੀ ਤੁਲਨਾ ਕੀਤੀ। ਉਨ੍ਹਾਂ ਕਿਹਾ ਕਿ ਪੁਲਿਸ ਦੀ ਪੁੱਛਗਿੱਛ ਨਾਲ ਕੋਈ ਸਮੱਸਿਆ ਨਹੀਂ, ਪਰ ਜਿਸ ਹਿਸਾਬ ਨਾਲ ਪੁਲਿਸ ਉਨ੍ਹਾਂ ਨਾਲ ਪੇਸ਼ ਆ ਰਹੀ ਹੈ, ਉਹ ਗ਼ਲਤ ਹੈ।

ਖਹਿਰਾ ਨੇ ਹਮਲੇ ਨੂੰ ਸਿਆਸੀ ਦੱਸਿਆ : ਨਿਰੰਕਾਰੀ ਭਵਨ ’ਤੇ ਹੋਏ ਹਮਲੇ ਤੋਂ ਬਾਅਦ ਸੁਖਪਾਲ ਖਹਿਰਾ ਨੇ ਘਟਨਾ ਦੀ ਨਿਖੇਧੀ ਕਰਦਿਆਂ ਇਸ ਮਾਮਲੇ ’ਤੇ ਸਰਕਾਰ ਤੋਂ ਵਾਈਟ ਪੇਪਰ ਜਾਰੀ ਕਰਨ ਦੀ ਮੰਗ ਕੀਤੀ ਹੈ। ਖਹਿਰਾ ਨੇ ਕਿਹਾ ਕਿ ਅਸੀਂ ਸਰਕਾਰ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਆਖਰਕਾਰ ਚੋਣਾਂ ਦੇ ਨੇੜੇ ਹੀ ਇਸ ਤਰ੍ਹਾਂ ਦੇ ਹਮਲੇ ਕਿਉਂ ਹੁੰਦੇ ਆ ਰਹੇ ਨੇ ? ਕਿਤੇ ਸਰਕਾਰ ਇਨ੍ਹਾਂ ਹਮਲਿਆਂ ਨੂੰ ਵੋਟਾਂ ਖਾਤਰ ਤਾਂ ਨਹੀਂ ਵਰਤ ਰਹੀ ?

## ਸਤਿਕਾਰ ਕਮੇਟੀ, ਦਮਦਮੀ ਟਕਸਾਲ, ਦਲ ਖਾਲਸਾ ਪੁਲੀਸ ਦੇ ਨਿਸ਼ਾਨੇ ’ਤੇ

ਹਿਰਾਸਤ ਵਿੱਚ ਲੈ ਲਿਆ ਗਿਆ। ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਜੁੜੇ ਨੌਜਵਾਨ ਰਣਜੀਤ ਸਿੰਘ ਦਮਦਮੀ ਟਕਸਾਲ ਦੇ ਘਰ ਵੀ ਛਾਣਬੀਣ ਕਰਨ ਲਈ ਪਹੁੰਚੀ। ਇੱਕ ਹੋਰ ਸਿੱਖ ਕਾਰਕੁਨ ਪਰਮਜੀਤ ਸਿੰਘ ਅਕਾਲ ਨਾਲ ਵੀ ਸੰਪਰਕ ਕੀਤਾ ਪਰ ਸਿਹਤ ਖਰਾਬ ਹੋਣ ਕਰਕੇ ਉਸ ਨੂੰ ਬਾਅਦ ਵਿੱਚ ਥਾਣੇ ਵਿੱਚ ਰਿਪੋਰਟ ਕਰਨ ਲਈ ਕਿਹਾ ਗਿਆ ਹੈ। ਹੋਰ ਵੀ ਕਈ ਆਗੂਆਂ ਨੂੰ ਪੇਸ਼ ਹੋਣ ਲਈ ਕਿਹਾ ਹੈ, ਇਸ ਉੱਤੇ ਸਿੱਖ ਜਥੇਬੰਦੀਆਂ ਵਿੱਚ ਸਖਤ ਰੋਸ ਪਾਇਆ ਜਾ ਰਿਹਾ ਹੈ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin 637 Esplanade Dr. Mountain House, CA 95391, Price $ 640,000, Beds 4, Baths 3, 2695 Sq. Ft.

**Priti Singh (925) 999-0823**

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

with Sunpreme High Performance Bifacial Smart Panels

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME® Premium Bifacial Thin Film Solar

Satnam Singh Khalsa

510-706-1300


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM